PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 06 ਅਗਸਤ ਤੋਂ 12 ਅਗਸਤ, 2026 | Email :- editor@punjabstar.com, Vo. 20. Issue:1249

## ਵਿਨੀਪੈੱਗ ਦੇ ਪਾਰਕਾਂ 'ਚ ਭਾਰਤੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਨਫ਼ਰਤ ਭਰੀਆਂ ਲਿਖਤਾਂ ਸਾਹਮਣੇ ਆਈਆਂ




(ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਸ਼ਹਿਰ ਵਿਨੀਪੈੱਗ ਦੇ ਦੱਖਣੀ ਇਲਾਕਿਆਂ ਪ੍ਰੇਰੀਂ ਪੁਆਇੰਟ ਅਤੇ ਬ੍ਰਿਜ ਵਾਟਰ ਦੇ ਪਾਰਕਾਂ ਵਿੱਚ ਭਾਰਤੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਨਫ਼ਰਤ ਭਰੀਆਂ ਲਿਖਤਾਂ ਸਾਹਮਣੇ ਆਉਣ ਤੋਂ ਬਾਅਦ ਸਥਾਨਕ ਭਾਈਚਾਰੇ ਵਿੱਚ ਚਿੰਤਾ ਅਤੇ ਰੋਸ ਪਾਇਆ ਜਾ ਰਿਹਾ ਹੈ। ਪਾਰਕਾਂ ਦੇ ਰਾਹ, ਸੜਕਾਂ ਅਤੇ ਜਨਤਕ ਥਾਵਾਂ ਉੱਤੇ ਸਪਰੇਅ ਪੇਂਟ ਨਾਲ * ਬਾਕੀ ਸਫ਼ਾ 2 'ਤੇ

## ਹੋਰਮੁਜ਼ ਜਲਡਮਰੂ ਖੋਲ੍ਹਣ 'ਤੇ ਬੁੱਧਵਾਰ ਨੂੰ ਹੋ ਸਕਦਾ ਹੈ ਸਮਝੌਤਾ: ਟਰੰਪ



ਕਾਹਿਰਾ, (ਪੰਜਾਬ ਸਟਾਰ ਬਿਓਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਹੋਰਮੁਜ਼ ਜਲਡਮਰੂ 'ਤੇ ਬੁੱਧਵਾਰ ਤੱਕ ਇੱਕ ਸਮਝੌਤਾ ਹੋ ਸਕਦਾ ਹੈ, ਕਿਉਂਕਿ ਈਰਾਨ ਅਤੇ ਓਮਾਨ ਇੱਕ ਸਮਝੌਤੇ ਦੇ ਨੇੜੇ ਪਹੁੰਚ ਸਕਦੇ ਹਨ ਜੋ ਮਹੱਤਵਪੂਰਨ ਜਲਮਾਰਗ ਨੂੰ ਦੁਬਾਰਾ ਖੋਲ੍ਹ ਸਕਦਾ ਹੈ ਅਤੇ ਸੰਭਾਵੀ ਤੌਰ 'ਤੇ ਯੁੱਧ ਨੂੰ ਖਤਮ ਕਰ ਸਕਦਾ ਹੈ। ਸ਼ੁਰੂ ਵਿੱਚ, ਇਜ਼ਰਾਈਲ ਅਤੇ ਅਮਰੀਕਾ ਨੇ ਈਰਾਨ ਦੀ ਸਰਕਾਰ ਨੂੰ ਉਖਾੜ ਸੁੱਟਣ ਅਤੇ ਇਸਦੇ ਪ੍ਰਮਾਣੂ ਪ੍ਰੋਗਰਾਮ ਨੂੰ ਖਤਮ ਕਰਨ ਦੇ ਟੀਚੇ ਦੱਸੇ ਸਨ, ਪਰ ਇਹ ਟਕਰਾਅ ਹੁਣ ਜਲਡਮਰੂ ਦੇ ਨਿਯੰਤਰਣ ਲਈ ਇੱਕ ਲੜਾਈ ਬਣ ਗਿਆ ਹੈ, * ਬਾਕੀ ਸਫ਼ਾ 2 'ਤੇ

# ਅਫਰੀਕਾ 'ਚ ਭਿਆਨਕ ਹਾਦਸਾ:

## ਯਾਤਰੀ ਵੈਨ ਅਤੇ ਟਰੱਕ ਦੀ ਟੱਕਰ ਵਿੱਚ 14 ਲੋਕਾਂ ਦੀ ਮੌਤ



(ਪੰਜਾਬ ਸਟਾਰ ਬਿਓਰੋ): ਯੂਗਾਂਡਾ ਵਿੱਚ ਰੇਤ ਲਿਜਾ ਰਹੇ ਇੱਕ ਟਰੱਕ ਅਤੇ ਯਾਤਰੀ ਵੈਨ ਵਿਚਕਾਰ ਹੋਈ ਟੱਕਰ ਵਿੱਚ ਘੱਟੋ-ਘੱਟ 14 ਲੋਕਾਂ ਦੀ ਮੌਤ ਹੋ ਗਈ ਹੈ। ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਸੋਮਵਾਰ ਰਾਤ ਨੂੰ ਕਾਲੁੰਗੂ ਜ਼ਿਲ੍ਹੇ ਦੇ ਕਾਮੁੰਗਾ ਵਪਾਰਕ ਕੇਂਦਰ ਖੇਤਰ ਵਿੱਚ ਇੱਕ ਹਾਈਵੇਅ 'ਤੇ ਵਾਪਰਿਆ ਹੈ। ਪੁਲਿਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਮਰਨ ਵਾਲੇ ਸਾਰੇ ਵਿਅਕਤੀ ਵੈਨ ਵਿੱਚ ਸਵਾਰ ਸਨ। ਇਸ ਦੌਰਾਨ, ਚਾਰ ਹੋਰ ਵਿਅਕਤੀ ਜ਼ਖ਼ਮੀ ਹੋਏ ਹਨ। ਪੂਰਬੀ ਅਫਰੀਕੀ ਦੇਸ਼ ਦੇ ਅਧਿਕਾਰੀਆਂ ਨੇ ਕਿਹਾ ਕਿ ਉਹ ਟਰੱਕ ਡਰਾਈਵਰ ਦੀ ਭਾਲ ਕਰ ਰਹੇ ਹਨ, ਜੋ ਘਟਨਾ ਵਾਲੀ ਥਾਂ ਤੋਂ ਫਰਾਰ ਹੋ ਗਿਆ ਸੀ।

ਸੜਕੀ ਹਾਦਸੇ ਪੂਰੇ ਅਫਰੀਕਾ ਵਿੱਚ ਇੱਕ ਸਮੱਸਿਆ ਹਨ ਅਤੇ ਯੂਗਾਂਡਾ ਵਿੱਚ ਆਮ ਹਨ। ਇਨ੍ਹਾਂ ਹਾਦਸਿਆਂ ਲਈ ਅਕਸਰ ਮਾੜੀ ਹਾਲਤ ਵਾਲੇ ਵਾਹਨਾਂ, ਬਹੁਤ ਤੇਜ਼ ਰਫ਼ਤਾਰ ਅਤੇ ਸੜਕਾਂ ਦੀ ਖਰਾਬ ਹਾਲਤ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਪੂਰਬੀ ਯੂਗਾਂਡਾ ਵਿੱਚ ਇੱਕ ਖੂਬਸੂਰਤ ਝਰਨੇ ਦੀ ਵਿਦਿਅਕ ਯਾਤਰਾ ਤੋਂ ਵਾਪਸ ਆ ਰਹੀ ਪ੍ਰਾਇਮਰੀ ਸਕੂਲ ਦੀ ਇੱਕ ਬੱਸ ਸੜਕ ਤੋਂ ਉਤਰ ਕੇ ਪਲਟ ਗਈ, ਜਿਸ ਕਾਰਨ ਘੱਟੋ-ਘੱਟ 20 ਬੱਚਿਆਂ ਅਤੇ ਇੱਕ ਬਾਲਗ ਦੀ ਮੌਤ ਹੋ ਗਈ।

## ਵਿਨੀਪੈੱਗ 'ਚ ਅਮਰੀਕੀ ਕੌਂਸਲੇਟ ਹੋਵੇਗਾ ਬੰਦ

### ਟਰੰਪ ਪ੍ਰਸ਼ਾਸਨ ਦੇ ਫ਼ੈਸਲੇ ਨਾਲ ਵਪਾਰਕ ਹਲਕਿਆਂ ਵਿੱਚ ਚਿੰਤਾ



(ਪੰਜਾਬ ਸਟਾਰ ਬਿਓਰੋ): ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਨੇ ਵਿਨੀਪੈਗ ਸਥਿਤ ਅਮਰੀਕੀ ਕੌਂਸਲੇਟ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਖ਼ਰਚਿਆਂ ਵਿੱਚ ਕਟੌਤੀ ਅਤੇ ਸਰਕਾਰੀ ਢਾਂਚੇ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਨਾਂ ਹੇਠ ਚੁੱਕੇ ਗਏ ਇਸ ਕਦਮ ਨਾਲ ਕੈਨੇਡਾ ਦੇ ਮੱਧ ਖੇਤਰ ਵਿੱਚ ਅਮਰੀਕਾ ਦੀ ਕੂਟਨੀਤਕ ਮੌਜੂਦਗੀ ਘੱਟ ਜਾਵੇਗੀ।

ਅਮਰੀਕੀ ਵਿਦੇਸ਼ ਵਿਭਾਗ ਨੇ ਕਾਂਗਰਸ ਨੂੰ ਭੇਜੀ ਜਾਣਕਾਰੀ ਵਿੱਚ ਦੱਸਿਆ ਕਿ ਦੁਨੀਆ ਭਰ ਦੇ ਪੰਜ ਛੋਟੇ ਦੂਤਘਰਾਂ ਅਤੇ ਕੌਂਸਲੇਟਾਂ ਨੂੰ ਬੰਦ ਕੀਤਾ ਜਾ ਰਿਹਾ ਹੈ, ਜਿਨ੍ਹਾਂ ਵਿੱਚ ਕੈਨੇਡਾ ਦਾ ਵਿਨੀਪੈਗ ਦਫ਼ਤਰ * ਬਾਕੀ ਸਫ਼ਾ 2 'ਤੇ

## ਦੋ ਜਹਾਜ਼ਾਂ ਦੀ ਟੱਕਰ 'ਚ ਇੱਕ ਤਬਾਹ, ਔਰਤ ਪਾਇਲਟ ਦੀ ਮੌਤ



(ਪੰਜਾਬ ਸਟਾਰ ਬਿਓਰੋ): ਇੱਥੋਂ 150 ਕਿਲੋਮੀਟਰ ਪੂਰਬ ਵਾਲੇ ਪਾਸੇ ਚਿਲਾਵੈਕ (Chilliwack) ਕੋਲ ਦੋ ਛੋਟੇ ਜਹਾਜ਼ਾਂ ਦੀ ਟੱਕਰ ਹੋ ਗਈ, ਜਿਸ ਕਾਰਨ ਇੱਕ ਜਹਾਜ਼ ਡਿੱਗ ਕੇ ਪੂਰੀ ਤਰ੍ਹਾਂ ਤਬਾਹ ਹੋ ਗਿਆ। ਛੱਪੜ ਦੇ ਪਾਣੀ 'ਚੋਂ ਪੁਲੀਸ ਨੂੰ ਇੱਕ ਔਰਤ ਦੀ ਲਾਸ਼ ਮਿਲੀ ਹੈ, ਜਿਸ ਬਾਰੇ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ PR ਨੂੰ ਲੈ ਕੇ ਅਲਬਰਟਾ ਪ੍ਰੀਮੀਅਰ ਵੱਡਾ ਬਿਆਨ

### ਵਿਦਿਆਰਥੀਆਂ ਨੂੰ ਦਿੱਤੀ ਦੇਸ਼ ਛੱਡਣ ਦੀ ਸਲਾਹ



ਅਲਬਰਟਾ, (ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਸੂਬੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਿੱਤੇ ਇਕ ਬਿਆਨ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਸਥਾਈ ਨਿਵਾਸ (PR) ਨਹੀਂ ਮਿਲਦਾ ਅਤੇ ਜਿਨ੍ਹਾਂ ਦੇ ਵੀਜ਼ੇ ਦੀ ਮਿਆਦ ਖ਼ਤਮ ਹੋ ਜਾਂਦੀ ਹੈ, ਉਨ੍ਹਾਂ ਨੂੰ ਕੈਨੇਡਾ ਛੱਡ ਦੇਣਾ ਚਾਹੀਦਾ ਹੈ।

**ਪ੍ਰਦਰਸ਼ਨਾਂ ਬਾਰੇ ਕਾਰਨੀ ਨੇ ਟਿੱਪਣੀ ਕਰਨ ਤੋਂ ਕੀਤਾ ਇਨਕਾਰ**

ਪ੍ਰਧਾਨ ਮੰਤਰੀ ਮਾਰਕ ਕਾਰਨੀ ਐਲਬਰਟਾ ਵਿੱਚ ਕੈਨੇਡਾ-ਅਲਬਰਟਾ ਹਾਊਸਿੰਗ ਇਨਫਰਾਸਟਰਕਚਰ ਫੰਡ ਸਮਝੌਤੇ ਦਾ ਐਲਾਨ ਕਰਨ ਪਹੁੰਚੇ ਹੋਏ ਸਨ। ਪ੍ਰਦਰਸ਼ਨਾਂ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਇਸ ਮਾਮਲੇ ਦੀ ਪੂਰੀ ਜਾਣਕਾਰੀ ਨਹੀਂ ਹੈ, ਇਸ ਲਈ ਉਹ ਇਸ 'ਤੇ ਕੋਈ ਟਿੱਪਣੀ ਨਹੀਂ ਕਰਨਗੇ।

ਇਸ ਸਮਝੌਤੇ ਤਹਿਤ ਅਗਲੇ ਅੱਠ ਸਾਲਾਂ ਵਿੱਚ ਅਲਬਰਟਾ ਦੀਆਂ ਨਗਰ ਨਿਗਮਾਂ ਨੂੰ ਕੈਨੇਡਾ ਹਾਊਸਿੰਗ ਇਨਫਰਾਸਟਰਕਚਰ ਫੰਡ ਵਿੱਚੋਂ 510 ਮਿਲੀਅਨ ਡਾਲਰ ਦਿੱਤੇ ਜਾਣਗੇ। ਇਹ ਰਕਮ ਘਰਾਂ ਦੀ ਉਸਾਰੀ ਨਾਲ ਜੁੜੇ ਪਾਣੀ ਅਤੇ ਗੰਦਲੇ ਪਾਣੀ ਦੇ ਪ੍ਰਬੰਧਨ ਵਾਲੇ ਪ੍ਰੋਜੈਕਟਾਂ 'ਤੇ ਖਰਚ ਕੀਤੀ ਜਾਵੇਗੀ।

**ਫ੍ਰ ਲਈ ਸੀਮਿਤ ਮੌਕੇ, ਹਜ਼ਾਰਾਂ ਬਿਨੈਕਾਰ**

ਡੈਨੀਅਲ ਸਮਿਥ ਨੇ ਕਿਹਾ ਕਿ ਕੈਨੇਡਾ, ਖਾਸ ਕਰਕੇ ਅਲਬਰਟਾ, ਹੁਨਰਮੰਦ ਲੋਕਾਂ ਨੂੰ ਆਪਣੇ ਕੋਲ ਰੱਖਣਾ ਚਾਹੁੰਦਾ ਹੈ। ਹਾਲਾਂਕਿ ਉਨ੍ਹਾਂ ਦੱਸਿਆ ਕਿ ਇਸ ਵੇਲੇ PR ਲਈ ਸਿਰਫ਼ 6,400 ਸੀਟਾਂ ਹਨ, ਜਦਕਿ 40 ਹਜ਼ਾਰ ਤੋਂ ਵੱਧ ਲੋਕ ਅਰਜ਼ੀਆਂ ਦੇ ਚੁੱਕੇ ਹਨ।

ਪੋਸਟ ਗ੍ਰੈਜੂਏਟ ਵਰਕ ਪਰਮਿਟ (PGWP) ਦੀਆਂ ਅਰਜ਼ੀਆਂ ਰੱਦ ਹੋਣ ਤੋਂ ਬਾਅਦ ਐਡਮੰਟਨ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਪ੍ਰਦਰਸ਼ਨ ਜਾਰੀ ਹੈ। ਵਿਦਿਆਰਥੀਆਂ ਦੀ ਮੰਗ ਹੈ ਕਿ ਇਮੀਗ੍ਰੇਸ਼ਨ ਵਿਭਾਗ ਉਨ੍ਹਾਂ ਦੇ ਮਾਮਲਿਆਂ ਦੀ ਮੁੜ ਸਮੀਖਿਆ ਕਰੇ। * ਬਾਕੀ ਸਫ਼ਾ 2 'ਤੇ

## ਟੋਰਾਂਟੋ 'ਚ 'Taste of India Festival' ਦਾ ਆਯੋਜਨ:

### ਭਾਰਤੀ ਰਵਾਇਤੀ ਪਕਵਾਨਾਂ ਅਤੇ ਸੱਭਿਆਚਾਰਕ ਨੇ ਲਾਈ ਰੌਣਕ



(ਪੰਜਾਬ ਸਟਾਰ ਬਿਓਰੋ): ਟੋਰਾਂਟੋ ਦੇ ਇਤਿਹਾਸਕ ਨੇਥਨ ਫਿਲਿਪਸ ਸਕੁਏਅਰ ਵਿੱਚ ਵੀਕਐਂਡ ਦੌਰਾਨ ਨੌਵੇਂ 'Taste of India Festival' ਦਾ ਸ਼ਾਨਦਾਰ ਆਯੋਜਨ ਕੀਤਾ ਗਿਆ, ਜਿਸ ਨੇ ਇੱਕ ਵਾਰ ਫਿਰ ਭਾਰਤੀ ਭੋਜਨ, ਸੱਭਿਆਚਾਰ ਅਤੇ ਵਿਭਿੰਨਤਾ ਦੀ ਰੰਗੀਨ ਝਲਕ ਪੇਸ਼ ਕਰਦਿਆਂ ਹਜ਼ਾਰਾਂ ਦਰਸ਼ਕਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਤਿੰਨ ਦਿਨ ਚੱਲੇ ਇਸ ਸਮਾਗਮ ਦੌਰਾਨ ਭਾਰਤੀ ਮੂਲ ਦੇ ਲੋਕਾਂ ਦੇ ਨਾਲ-ਨਾਲ ਕੈਨੇਡਾ ਦੇ ਵੱਖ-ਵੱਖ ਭਾਈਚਾਰਿਆਂ ਨਾਲ ਸਬੰਧਿਤ ਨਾਗਰਿਕਾਂ ਅਤੇ ਵਿਦੇਸ਼ੀ ਸੈਲਾਨੀਆਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਮੇਲੇ ਵਿੱਚ ਭਾਰਤੀ ਪਕਵਾਨਾਂ ਦੀ ਵਿਸ਼ਾਲ ਸ਼੍ਰੇਣੀ, ਸਭਿਆਚਾਰਕ ਪੇਸ਼ਕਾਰੀਆਂ, ਸੰਗੀਤ ਅਤੇ ਪਰਿਵਾਰਕ ਮਨੋਰੰਜਨ ਨੇ ਹਰ ਵਰਗ ਦੇ ਲੋਕਾਂ ਨੂੰ ਖ਼ੂਬ ਪ੍ਰਭਾਵਿਤ ਕੀਤਾ। 'ਟੇਸਟ ਆਫ਼ ਇੰਡੀਆ' ਦੀ ਸ਼ੁਰੂਆਤ ਸਾਲ 2017 ਵਿੱਚ ਭਾਰਤੀ ਰਸੋਈ ਦੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ HIV ਮੁੜ ਪੈਰ ਪਸਾਰਨ ਲੱਗਾ!

### ਦੋ ਸਾਲਾਂ ਵਿੱਚ ਨਵੇਂ ਮਾਮਲਿਆਂ ਵਿੱਚ 23 ਫ਼ੀਸਦੀ ਵਾਧਾ




(ਪੰਜਾਬ ਸਟਾਰ ਬਿਓਰੋ): ਕੈਨੇਡਾ ਵਿੱਚ ਐੱਚ.ਆਈ.ਵੀ. (HIV) ਖ਼ਿਲਾਫ਼ ਸਾਲਾਂ ਤੋਂ ਚੱਲ ਰਹੀ ਮੁਹਿੰਮ ਨੂੰ ਵੱਡਾ ਝਟਕਾ ਲੱਗਿਆ ਹੈ। ਪਬਲਿਕ ਹੈਲਥ ਏਜੰਸੀ ਆਫ਼ ਕੈਨੇਡਾ (PHAC) ਵੱਲੋਂ ਜਾਰੀ ਨਵੇਂ ਅੰਕੜਿਆਂ ਅਨੁਸਾਰ 2024 ਵਿੱਚ ਐੱਚ.ਆਈ.ਵੀ. ਦੇ ਨਵੇਂ ਸੰਕਰਮਣਾਂ ਵਿੱਚ 2022 ਦੇ ਮੁਕਾਬਲੇ 22.8 ਫ਼ੀਸਦੀ ਵਾਧਾ ਦਰਜ ਕੀਤਾ ਗਿਆ ਹੈ। 2022 ਵਿੱਚ 2,050 ਨਵੇਂ ਮਾਮਲੇ ਸਾਹਮਣੇ ਆਏ ਸਨ, ਜਦਕਿ 2024 ਵਿੱਚ ਇਹ ਗਿਣਤੀ ਵਧ ਕੇ 2,517 ਹੋ ਗਈ।

**ਮੈਨੀਟੋਬਾ ਵਿੱਚ ਜਨਤਕ ਸਿਹਤ ਐਮਰਜੈਂਸੀ**

ਸਭ ਤੋਂ ਵੱਧ ਚਿੰਤਾ ਮੈਨੀਟੋਬਾ ਨੂੰ ਲੈ ਕੇ ਪ੍ਰਗਟ ਕੀਤੀ ਜਾ ਰਹੀ ਹੈ। ਸੂਬੇ ਵਿੱਚ ਐੱਚ.ਆਈ.ਵੀ. ਦੀ ਲਾਗ ਦੀ ਦਰ ਕੌਮੀ ਔਸਤ ਨਾਲੋਂ ਲਗਪਗ ਸਾਢੇ ਤਿੰਨ ਗੁਣਾ ਵੱਧ ਹੋਣ ਕਾਰਨ ਸੂਬਾਈ ਸਰਕਾਰ ਨੇ ਇਸ ਸਾਲ ਇਸ ਨੂੰ ਜਨਤਕ ਸਿਹਤ ਐਮਰਜੈਂਸੀ ਐਲਾਨ ਦਿੱਤਾ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਨਵੇਂ ਮਾਮਲੇ ਸਿਰਫ਼ ਵਿਨੀਪੈਗ ਤੱਕ ਸੀਮਿਤ ਨਹੀਂ ਰਹੇ, ਸਗੋਂ ਉੱਤਰੀ, ਪੇਂਡੂ ਅਤੇ ਦੂਰ-ਦੁਰਾਡੇ ਭਾਈਚਾਰਿਆਂ ਵਿੱਚ ਵੀ ਤੇਜ਼ੀ ਨਾਲ ਵਧ ਰਹੇ ਹਨ। ਇਨ੍ਹਾਂ ਖੇਤਰਾਂ ਵਿੱਚ ਡਾਕਟਰਾਂ, ਐੱਚ.ਆਈ.ਵੀ. ਕਲੀਨਿਕਾਂ ਅਤੇ ਜਾਂਚ ਸਹੂਲਤਾਂ ਦੀ ਘਾਟ ਕਾਰਨ ਸਮੇਂ ਸਿਰ ਜਾਂਚ ਅਤੇ ਇਲਾਜ ਨਹੀਂ ਮਿਲ ਸਕਦਾ। ਮੈਨੀਟੋਬਾ ਤੋਂ ਬਾਅਦ ਸਸਕੈਚਵਨ ਵਿੱਚ ਵੀ ਐੱਚ.ਆਈ.ਵੀ. ਦੀ ਦਰ ਦੇਸ਼ ਵਿੱਚ ਦੂਜੇ ਨੰਬਰ 'ਤੇ ਹੈ, ਜਿਸ ਕਾਰਨ ਪ੍ਰੇਰੀ ਸੂਬਿਆਂ ਦੀ ਸਥਿਤੀ ਨੂੰ ਲੈ ਕੇ ਸਿਹਤ ਮਾਹਿਰਾਂ ਨੇ ਗੰਭੀਰ ਚਿੰਤਾ ਜਤਾਈ ਹੈ।

**ਮਾਹਿਰਾਂ ਵੱਲੋਂ ਪ੍ਰਗਤੀ ਗੁਆਉਣ ਦਾ ਖ਼ਤਰਾ**

ਵੈਨਕੂਵਰ ਸਥਿਤ ਬੀ.ਸੀ. ਸੈਂਟਰ ਫ਼ਾਰ ਐਕਸੀਲੈਂਸ ਇਨ ਐੱਚ.ਆਈ.ਵੀ./ਏਡਜ਼ ਦੇ ਕਾਰਜਕਾਰੀ ਨਿਰਦੇਸ਼ਕ ਡਾ. ਜੂਲਿਓ ਮੋਂਟਾਨਰ ਨੇ ਕਿਹਾ ਕਿ ਕੈਨੇਡਾ ਸਾਲਾਂ ਦੀ ਪ੍ਰਗਤੀ ਗੁਆਉਣ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਅਨੁਸਾਰ ਬ੍ਰਿਟਿਸ਼ ਕੋਲੰਬੀਆ ਵਿੱਚ ਵੀ ਲਗਪਗ ਹਰ ਹਫ਼ਤੇ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ। 2019 ਵਿੱਚ ਬ੍ਰਿਟਿਸ਼ ਕੋਲੰਬੀਆ ਨੇ ਐੱਚ.ਆਈ.ਵੀ. ਮਹਾਮਾਰੀ 'ਤੇ ਕਾਬੂ ਪਾਉਣ ਦਾ ਦਾਅਵਾ * ਬਾਕੀ ਸਫ਼ਾ 2 'ਤੇ

ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
www.MakeMeDebtFree.ca
416-502-3100
1888-864-3131
Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
◆ Auto Accident
◆ Family Member Claims
◆ Pedestrian Hit Accident
◆ Short & Long-Term Disability
◆ Slip & Fall
◆ CPP Disability
◆ Bicycle Accident
◆ Wrongful Death & Fata accidents

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
Harjit Brar
Sales Representative
416-417-6010
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090
Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਮੁਜਤਬਾ ਖ਼ਾਮੇਨਈ ਨੇ ਰਾਸ਼ਟਰਪਤੀ ਦੀ ਤਾਕਤ ਘਟਾਈ : ਰਿਪੋਰਟ



ਤਹਿਰਾਨ : ਇਰਾਨ ਵਿੱਚ ਰਾਸ਼ਟਰਪਤੀ ਮਸੂਦ ਪਜ਼ੇਸ਼ਕੀਆਨ ਦੇ ਅਧਿਕਾਰਾਂ ਵਿੱਚ ਵੱਡੀ ਕਟੌਤੀ ਦੀ ਖ਼ਬਰ ਸਾਹਮਣੇ ਆਈ ਹੈ । ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸੁਪਰੀਮ ਲੀਡਰ ਮੁਜਤਬਾ ਖ਼ਾਮੇਨਈ ਨੇ ਸੁਰੱਖਿਆ ਅਤੇ ਵਿਦੇਸ਼ ਨੀਤੀ ਨਾਲ ਜੁੜੇ ਅਹਿਮ ਮਾਮਲਿਆਂ ਵਿੱਚ ਰਾਸ਼ਟਰਪਤੀ ਦੀ ਭੂਮਿਕਾ ਸੀਮਤ ਕਰ ਦਿੱਤੀ ਹੈ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਰਾਸ਼ਟਰੀ ਸੁਰੱਖਿਆ, ਪਰਮਾਣੂ ਪ੍ਰੋਗਰਾਮ ਅਤੇ ਅਮਰੀਕਾ ਨਾਲ ਗੱਲਬਾਤ ਵਰਗੇ ਵੱਡੇ ਮੁੱਦਿਆਂ 'ਤੇ ਹੁਣ IRGC ਕਮਾਂਡਰ ਅਹਿਮਦ ਵਾਹਿਦੀ ਦਾ ਫ਼ੈਸਲਾ ਅੰਤਿਮ ਮੰਨਿਆ ਜਾਵੇਗਾ। ਯਾਨੀ ਇਹਨਾਂ ਮਾਮਲਿਆਂ ਵਿੱਚ ਰਾਸ਼ਟਰਪਤੀ ਦੀ ਮਨਜ਼ੂਰੀ ਨਿਰਣਾਇਕ ਨਹੀਂ ਰਹੇਗੀ। ਰਿਪੋਰਟ ਅਨੁਸਾਰ ਪਜ਼ੇਸ਼ਕੀਆਨ ਲੰਬੇ ਸਮੇਂ ਤੋਂ ਸ਼ਿਕਾਇਤ ਕਰ ਰਹੇ ਸਨ ਕਿ ਉਨ੍ਹਾਂ ਦੀ ਸਰਕਾਰ ਨੂੰ ਵੱਡੇ ਫ਼ੈਸਲਿਆਂ ਤੋਂ ਦੂਰ ਰੱਖਿਆ ਜਾ ਰਿਹਾ ਹੈ । ਉਨ੍ਹਾਂ ਨੇ ਪਹਿਲਾਂ ਅਸਤੀਫ਼ੇ ਦੀ ਪੇਸ਼ਕਸ਼ ਵੀ ਕੀਤੀ ਸੀ । ਹੁਣ ਦਾਅਵਾ ਕੀਤਾ ਜਾ ਰਿਹਾ ਹੈ ਕਿ ਸੁਪਰੀਮ ਲੀਡਰ ਨੇ ਸਾਫ਼ ਕਰ ਦਿੱਤਾ ਹੈ ਕਿ ਰਣਨੀਤਕ ਫ਼ੈਸਲੇ ਫ਼ੌਜ ਦੀ ਸਲਾਹ ਅਨੁਸਾਰ ਲਏ ਜਾਣਗੇ।

# ਅਮਰੀਕਾ ਜਾਣ ਵਾਲੇ ਭਾਰਤੀਆਂ ਨੂੰ ਵੱਡਾ ਝਟਕਾ! ਵੀਜ਼ਾ ਰੀਨਿਊ ਕਰਵਾਉਣਾ ਹੋ ਸਕਦਾ ਮਹਿੰਗਾ




ਵਾਸ਼ਿੰਗਟਨ: ਅਮਰੀਕਾ ਵਿੱਚ ਕੰਮ ਕਰ ਰਹੇ ਲੱਖਾਂ ਵਿਦੇਸ਼ੀ ਪੇਸ਼ੇਵਰਾਂ, ਖ਼ਾਸ ਕਰਕੇ ਭਾਰਤੀਆਂ ਲਈ ਆਉਣ ਵਾਲੇ ਸਮੇਂ ਵਿੱਚ ਵੀਜ਼ਾ ਪ੍ਰਕਿਰਿਆ ਹੋਰ ਮਹਿੰਗੀ ਹੋ ਸਕਦੀ ਹੈ। ਡੋਨਲਡ ਟਰੰਪ ਪ੍ਰਸ਼ਾਸਨ H-1B ਅਤੇ L-1 ਵੀਜ਼ਾ ਦੇ ਰੀਨਿਊਅਲ 'ਤੇ ਵੀ ਵਾਧੂ ਫੀਸ ਲਾਗੂ ਕਰਨ ਦੀ ਤਿਆਰੀ ਕਰ ਰਿਹਾ ਹੈ। ਜੇਕਰ ਇਹ ਪ੍ਰਸਤਾਵ ਲਾਗੂ ਹੋ ਜਾਂਦਾ ਹੈ ਤਾਂ ਅਮਰੀਕਾ ਵਿੱਚ ਵੱਡੀ ਗਿਣਤੀ 'ਚ ਭਾਰਤੀ ਮੁਲਾਜ਼ਮਾਂ ਨੂੰ ਰੁਜ਼ਗਾਰ ਦੇਣ ਵਾਲੀਆਂ ਕੰਪਨੀਆਂ 'ਤੇ ਕਰੋੜਾਂ ਡਾਲਰ ਦਾ ਵਾਧੂ ਵਿੱਤੀ ਬੋਝ ਪੈ ਸਕਦਾ ਹੈ।

**ਮੌਜੂਦਾ ਨਿਯਮਾਂ ਵਿੱਚ ਕੀ ਹੈ?**

ਫਿਲਹਾਲ ਇਹ ਵਾਧੂ ਫੀਸ ਸਿਰਫ਼ ਨਵੇਂ H-1B ਅਤੇ L-1 ਵੀਜ਼ਾ ਲਈ ਅਰਜ਼ੀ ਦੇਣ ਜਾਂ ਨੌਕਰੀ ਬਦਲਣ ਦੀ ਸਥਿਤੀ ਵਿੱਚ ਲਾਗੂ ਹੁੰਦੀ ਹੈ। ਪਰ ਨਵੇਂ ਪ੍ਰਸਤਾਵ ਅਨੁਸਾਰ ਹੁਣ ਇਹੀ ਫੀਸ ਉਨ੍ਹਾਂ ਮੁਲਾਜ਼ਮਾਂ ਦੇ ਵੀਜ਼ਾ ਐਕਸਟੈਂਸ਼ਨ 'ਤੇ ਵੀ ਦੇਣੀ ਪੈ ਸਕਦੀ ਹੈ, ਜੋ ਪਹਿਲਾਂ ਤੋਂ ਹੀ ਉਸੇ ਕੰਪਨੀ ਵਿੱਚ ਕੰਮ ਕਰ ਰਹੇ ਹਨ। ਇਸ ਦਾ ਮਤਲਬ ਹੈ ਕਿ ਹਰ ਵਾਰ ਵੀਜ਼ਾ ਰੀਨਿਊ ਕਰਵਾਉਣ ਸਮੇਂ ਵੀ ਕੰਪਨੀਆਂ ਨੂੰ ਵਾਧੂ ਰਕਮ ਅਦਾ ਕਰਨੀ ਪਵੇਗੀ।

**ਕਿਹੜੀਆਂ ਕੰਪਨੀਆਂ 'ਤੇ ਪਵੇਗਾ ਅਸਰ?**

ਇਹ ਪ੍ਰਸਤਾਵ ਖ਼ਾਸ ਤੌਰ 'ਤੇ ਉਨ੍ਹਾਂ ਕੰਪਨੀਆਂ ਨੂੰ ਪ੍ਰਭਾਵਿਤ ਕਰੇਗਾ ਜਿਨ੍ਹਾਂ ਦੇ ਅਮਰੀਕਾ ਵਿੱਚ 50 ਜਾਂ ਇਸ ਤੋਂ ਵੱਧ ਕਰਮਚਾਰੀ ਹਨ ਅਤੇ ਜਿਨ੍ਹਾਂ ਵਿੱਚੋਂ ਅੱਧੇ ਤੋਂ ਵੱਧ H-1B ਜਾਂ L-1 ਵੀਜ਼ਾ 'ਤੇ ਕੰਮ ਕਰਦੇ ਹਨ। ਮੌਜੂਦਾ ਨਿਯਮਾਂ ਤਹਿਤ ਅਜਿਹੀਆਂ ਕੰਪਨੀਆਂ ਨੂੰ ਨਵੇਂ H-1B ਵੀਜ਼ਾ ਲਈ ਕਰੀਬ 4,000 ਡਾਲਰ ਅਤੇ ਨਵੇਂ L-1 ਵੀਜ਼ਾ ਲਈ ਲਗਭਗ 4,500 ਡਾਲਰ ਦੀ ਵਾਧੂ ਫੀਸ ਦੇਣੀ ਪੈਂਦੀ ਹੈ। ਹੁਣ ਇਹੀ ਫੀਸ ਵੀਜ਼ਾ ਐਕਸਟੈਂਸ਼ਨ 'ਤੇ ਵੀ ਲਾਗੂ ਕੀਤੀ ਜਾ ਸਕਦੀ ਹੈ।

**ਭਾਰਤੀ ਪੇਸ਼ੇਵਰਾਂ 'ਤੇ ਸਭ ਤੋਂ ਵੱਧ ਅਸਰ**

ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ (USCIS) ਦੇ ਅੰਕੜਿਆਂ ਮੁਤਾਬਕ ਵਿੱਤੀ ਸਾਲ 2025 ਵਿੱਚ ਮਨਜ਼ੂਰ ਹੋਏ H-1B ਮਾਮਲਿਆਂ ਵਿੱਚ ਕਰੀਬ 72 ਫੀਸਦੀ ਵੀਜ਼ਾ ਐਕਸਟੈਂਸ਼ਨ ਨਾਲ ਸਬੰਧਤ ਸਨ। ਇਨ੍ਹਾਂ ਵਿੱਚ ਲਗਭਗ 78 ਫੀਸਦੀ ਮਨਜ਼ੂਰੀਆਂ ਭਾਰਤੀ ਨਾਗਰਿਕਾਂ ਨੂੰ ਮਿਲੀਆਂ। ਇਸ ਲਈ ਨਵਾਂ ਨਿਯਮ ਲਾਗੂ ਹੋਣ ਦੀ ਸੂਰਤ ਵਿੱਚ ਭਾਰਤੀ ਆਈਟੀ ਇੰਜੀਨੀਅਰਾਂ, ਸਾਫਟਵੇਅਰ ਡਿਵੈਲਪਰਾਂ ਅਤੇ ਹੋਰ ਤਕਨੀਕੀ ਮਾਹਿਰਾਂ ਨੂੰ ਰੁਜ਼ਗਾਰ ਦੇਣ ਵਾਲੀਆਂ ਕੰਪਨੀਆਂ ਦਾ ਖਰਚ ਕਾਫ਼ੀ ਵੱਧ ਸਕਦਾ ਹੈ।

**ਵੱਡੀਆਂ ਟੈਕ ਕੰਪਨੀਆਂ ਦੀ ਵੀ ਵੱਧ ਸਕਦੀ ਹੈ ਲਾਗਤ**

ਅਮਰੀਕਾ ਦੀਆਂ ਕਈ ਵੱਡੀਆਂ ਟੈਕ ਕੰਪਨੀਆਂ ਅਤੇ ਆਈਟੀ ਸਰਵਿਸ ਫਰਮਾਂ ਇਸ ਬਦਲਾਅ ਨਾਲ ਸਿੱਧੇ ਤੌਰ 'ਤੇ ਪ੍ਰਭਾਵਿਤ ਹੋ ਸਕਦੀਆਂ ਹਨ। Amazon, Microsoft, Meta, Apple, Google ਅਤੇ ਭਾਰਤ ਦੀ Tata Consultancy Services (TCS) ਵਰਗੀਆਂ ਕੰਪਨੀਆਂ ਕੋਲ H-1B ਵੀਜ਼ਾ 'ਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਦੀ ਵੱਡੀ ਗਿਣਤੀ ਹੈ।

ਇਨ੍ਹਾਂ ਕੰਪਨੀਆਂ ਨੂੰ ਹਰ ਸਾਲ ਹਜ਼ਾਰਾਂ ਵੀਜ਼ਾ ਐਕਸਟੈਂਸ਼ਨ ਦਾਖ਼ਲ ਕਰਨੇ ਪੈਂਦੇ ਹਨ, ਇਸ ਲਈ ਵਾਧੂ ਫੀਸ ਉਨ੍ਹਾਂ ਦੀ ਕੁੱਲ ਸੰਚਾਲਨ ਲਾਗਤ ਵਿੱਚ ਵਾਧਾ ਕਰ ਸਕਦੀ ਹੈ।

# ਪੇਜ ਇੱਕ ਦੀ ਬਾਕੀ

## ਵਿਨੀਪੈੱਗ ਦੇ ਪਾਰਕਾਂ...

ਲਿਖੇ ਸੁਨੇਹਿਆਂ ਵਿੱਚ ਭਾਰਤ ਵਿਰੁੱਧ ਅਸ਼ਲੀਲ ਨਾਅਰੇ, ਸਮਲਿੰਗੀ ਭਾਈਚਾਰੇ ਵਿਰੁੱਧ ਗਾਲ੍ਹਾਂ ਅਤੇ ਹਿੰਸਾ ਨੂੰ ਉਕਸਾਉਣ ਵਾਲੇ ਸ਼ਬਦ ਸ਼ਾਮਲ ਸਨ।

ਸਭ ਤੋਂ ਵੱਧ ਗ੍ਰੈਫ਼ਿਟੀ ਈਗਲਵੁੱਡ ਪਾਰਕ ਵਿੱਚ ਮਿਲੀ, ਜਿੱਥੇ ਘੱਟੋ-ਘੱਟ 20 ਨਫ਼ਰਤ ਭਰੇ ਸੁਨੇਹੇ ਅਤੇ ਸੰਕੇਤ ਲਿਖੇ ਹੋਏ ਸਨ। ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਨੇੜਲੇ ਹੋਰ ਦੋ ਪਾਰਕਾਂ ਨੂੰ ਵੀ ਇਸੇ ਤਰ੍ਹਾਂ ਨਿਸ਼ਾਨਾ ਬਣਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲਣ ਉਪਰੰਤ ਵਿਨੀਪੈੱਗ ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਪ੍ਰੇਰੀਂ ਪੁਆਇੰਟ ਨੇਬਰਹੁੱਡ ਐਸੋਸੀਏਸ਼ਨ ਦੀ ਮੈਂਬਰ ਅਤੇ ਵੇਵਰਲੀ ਵੈਸਟ ਵਾਰਡ ਤੋਂ ਸਿਟੀ ਕੌਂਸਲਰ ਉਮੀਦਵਾਰ ਜੈਸਮੀਨ ਬਰਾੜ ਨੇ ਇਸ ਘਟਨਾ ਦੀ ਤਿੱਖੀ ਨਿੰਦਾ ਕਰਦਿਆਂ ਕਿਹਾ ਕਿ ਬਹੁ-ਸਭਿਆਚਾਰਕ ਅਤੇ ਸ਼ਾਂਤਮਈ ਭਾਈਚਾਰੇ ਵਿੱਚ ਇਸ ਕਿਸਮ ਦੀ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਗੈਫ਼ਿਟੀ ਵਿੱਚ ਭਾਰਤ ਪ੍ਰਤੀ ਇਤਰਾਜ਼ਯੋਗ ਸ਼ਬਦਾਂ ਨਾਲ ਨਫ਼ਰਤ ਭਰਿਆ ਸੁਨੇਹਾ ਵੀ ਲਿਖਿਆ ਗਿਆ ਸੀ, ਜਿਸ ਨੇ ਭਾਰਤੀ ਮੂਲ ਦੇ ਲੋਕਾਂ ਨੂੰ ਖ਼ਾਸ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਕਿਹਾ, "ਇਹ ਸਿਰਫ਼ ਕੰਧਾਂ ਉੱਤੇ ਲਿਖੇ ਸ਼ਬਦ ਨਹੀਂ, ਸਗੋਂ ਇੱਕ ਭਾਈਚਾਰੇ ਨੂੰ ਡਰਾਉਣ ਅਤੇ ਵੰਡਣ ਦੀ ਕੋਸ਼ਿਸ਼ਾਂ ਹਨ।"

ਭਾਰਤੀ ਮੂਲ ਦੇ ਸਥਾਨਕ ਵਸਨੀਕ ਵਿਪੁਲ ਪਰਜਾਪਤੀ ਨੇ ਕਿਹਾ ਕਿ ਇਲਾਕੇ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਅਤੇ ਹੋਰ ਦੱਖਣੀ ਏਸ਼ੀਆਈ ਪਰਿਵਾਰ ਰਹਿੰਦੇ ਹਨ। ਉਨ੍ਹਾਂ ਦੇ ਅਨੁਸਾਰ ਅਜਿਹੇ ਸੁਨੇਹੇ ਕਿਸੇ ਮਜ਼ਾਕ ਦਾ ਹਿੱਸਾ ਨਹੀਂ ਹੋ ਸਕਦੇ, ਸਗੋਂ ਇਹ ਸਮਾਜ ਵਿੱਚ ਨਫ਼ਰਤ ਫੈਲਾਉਣ ਵਾਲੀ ਸੋਚ ਨੂੰ ਦਰਸਾਉਂਦੇ ਹਨ। ਉਨ੍ਹਾਂ ਕਿਹਾ ਕਿ ਸ਼ਬਦਾਂ ਦਾ ਡੂੰਘਾ ਅਸਰ ਹੁੰਦਾ ਹੈ ਅਤੇ ਅਜਿਹੀਆਂ ਹਰਕਤਾਂ ਨੂੰ ਹਲਕੇ ਵਿੱਚ ਨਹੀਂ ਲਿਆ ਜਾਣਾ ਚਾਹੀਦਾ।

ਇਲਾਕਾ ਵਾਸੀ ਕੈਰਿਸਾ ਰੇਏਸ ਨੇ ਕਿਹਾ ਕਿ ਹਰ ਰੋਜ਼ ਦਰਜਨਾਂ ਬੱਚੇ ਇਨ੍ਹਾਂ ਪਾਰਕਾਂ ਵਿੱਚ ਖੇਡਣ ਆਉਂਦੇ ਹਨ ਅਤੇ ਨਫ਼ਰਤ ਭਰੇ ਸੁਨੇਹੇ ਉਨ੍ਹਾਂ ਦੇ ਮਨਾਂ 'ਤੇ ਪ੍ਰਭਾਵ ਪਾਉਂਦੇ ਹਨ।

ਵੇਵਰਲੀ ਵੈਸਟ ਦੀ ਕੌਂਸਲਰ ਜੈਨਿਸ ਲੂਕਸ ਨੇ ਦੱਸਿਆ ਕਿ ਸ਼ਹਿਰੀ ਪ੍ਰਸ਼ਾਸਨ ਨੂੰ ਗ੍ਰਾਫ਼ਿਟੀ ਹਟਾਉਣ ਲਈ ਕਿਹਾ ਗਿਆ ਹੈ, ਹਾਲਾਂਕਿ ਲੰਬੇ ਵੀਕ ਐਂਡ ਕਾਰਨ ਇਸ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ-ਨਾਲ ਨਸਲੀ ਅਤੇ ਨਫ਼ਰਤ ਭਰੇ ਸੁਨੇਹੇ ਲਿਖਣਾ ਬਿਲਕੁਲ ਸਵੀਕਾਰਯੋਗ ਨਹੀਂ ਹੈ।

ਵੇਵਰਲੀ ਦੇ ਐਮਐਲਏ ਡੇਵਿਡ ਪੈਂਕਰੈਟਜ਼ ਨੇ ਕਿਹਾ ਕਿ ਮੈਨੀਟੋਬਾ ਵਿੱਚ ਨਫ਼ਰਤ ਅਤੇ ਨਸਲਵਾਦ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਬਹੁਤ ਵੱਡੀ ਗਿਣਤੀ ਵਿੱਚ ਵਿਨੀਪੈੱਗ ਅਤੇ ਮੈਨੀਟੋਬਾ ਦੇ ਲੋਕ ਪ੍ਰਭਾਵਿਤ ਭਾਈਚਾਰਿਆਂ ਦੇ ਨਾਲ ਖੜ੍ਹੇ ਹਨ। ਇਸ ਘਟਨਾ ਨੇ ਇੱਕ ਵਾਰ ਫਿਰ ਕੈਨੇਡਾ ਵਰਗੇ ਬਹੁ-ਸਭਿਆਚਾਰਕ ਸਮਾਜ ਵਿੱਚ ਨਸਲੀ ਨਫ਼ਰਤ ਵਰਗੇ ਅਪਰਾਧਾਂ ਨੂੰ ਰੋਕਣ ਲਈ ਸਖ਼ਤ ਕਾਰਵਾਈ ਦੀ ਲੋੜ ਨੂੰ ਉਜਾਗਰ ਕਰ ਦਿੱਤਾ ਹੈ।

## ਹੋਰਮੁਜ਼ ਜਲਡਮਰੂ ਖੋਲ੍ਹਣ...

ਕਿਉਂਕਿ ਈਰਾਨੀ ਹਮਲਿਆਂ ਅਤੇ ਧਮਕੀਆਂ ਨੇ ਇਸ ਰਾਹੀਂ ਸ਼ਿਪਿੰਗ ਨੂੰ ਰੋਕ ਦਿੱਤਾ ਹੈ। ਹੋਰਮੁਜ਼ ਜਲਡਮਰੂ ਫਾਰਸ ਦੀ ਖਾੜੀ ਦੇ ਮੂੰਹ 'ਤੇ ਇੱਕ ਰਣਨੀਤਕ ਸਮੁੰਦਰੀ ਰਸਤਾ ਹੈ। ਯੁੱਧ ਸ਼ੁਰੂ ਹੋਣ ਤੋਂ ਪਹਿਲਾਂ, ਦੁਨੀਆ ਦੇ ਲਗਭਗ 20 ਪ੍ਰਤੀਸ਼ਤ ਤੇਲ ਅਤੇ ਕੁਦਰਤੀ ਗੈਸ ਨੂੰ ਇਸ ਰਾਹੀਂ ਲਿਜਾਇਆ ਜਾਂਦਾ ਸੀ। ਹਾਲਾਂਕਿ, ਇਸਦੇ ਬੰਦ ਹੋਣ ਨਾਲ ਖੇਤਰ ਤੋਂ ਬਾਹਰ ਬਾਲਣ ਅਤੇ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ, ਜਿਸ ਨਾਲ ਵਿਸ਼ਵ ਅਰਥਵਿਵਸਥਾ ਵਿੱਚ ਵਿਘਨ ਪਿਆ ਹੈ।

ਇਸ ਸਾਲ ਦੇ ਅੰਤ ਵਿੱਚ ਮੱਧਕਾਲੀ ਕਾਂਗਰਸ ਚੋਣਾਂ ਤੋਂ ਪਹਿਲਾਂ ਟਰੰਪ 'ਤੇ ਇੱਕ ਅਪ੍ਰਸਿੱਧ ਯੁੱਧ ਨੂੰ ਖਤਮ ਕਰਨ ਲਈ ਦਬਾਅ ਵੀ ਵਧ ਰਿਹਾ ਹੈ। ਟਰੰਪ ਦਾ ਕਹਿਣਾ ਹੈ ਕਿ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਲਈ ਇੱਕ ਸਮਝੌਤਾ ਜਲਦੀ ਹੀ ਹੋ ਸਕਦਾ ਹੈ। ਕੈਲੀਫੋਰਨੀਆ ਵਿੱਚ ਉਸਦੇ ਨਾਲ ਯਾਤਰਾ ਕਰ ਰਹੇ ਪੱਤਰਕਾਰਾਂ ਨੇ ਉਸਨੂੰ ਐਕਸੀਓਸ ਦੀ ਰਿਪੋਰਟ ਬਾਰੇ ਪੁੱਛਿਆ ਕਿ ਬੁੱਧਵਾਰ ਨੂੰ ਹੋਰਮੁਜ਼ ਜਲਡਮਰੂ ਬਾਰੇ ਇੱਕ ਐਲਾਨ ਕੀਤਾ ਜਾ ਸਕਦਾ ਹੈ।

ਉਸਨੇ ਕਿਹਾ, "ਇਹ ਹੋ ਸਕਦਾ ਹੈ। ਕੱਲ੍ਹ ਜਾਂ ਪਰਸੋਂ। ਬਹੁਤ ਤਰੱਕੀ ਹੋਈ ਹੈ।" ਜੂਨ ਵਿੱਚ, ਅਮਰੀਕਾ ਅਤੇ ਈਰਾਨ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਲਈ ਇੱਕ ਸਮਝੌਤੇ 'ਤੇ ਪਹੁੰਚੇ, ਪਰ ਹਮਲੇ ਦੁਬਾਰਾ ਸ਼ੁਰੂ ਹੋ ਗਏ। ਹਾਲ ਹੀ ਦੇ ਦਿਨਾਂ ਵਿੱਚ, ਟਰੰਪ ਨੇ ਵੱਡੇ ਹਮਲਿਆਂ ਦੀ ਧਮਕੀ ਦਿੱਤੀ ਹੈ ਅਤੇ ਕੂਟਨੀਤਕ ਯਤਨਾਂ ਦਾ ਸਮਰਥਨ ਕੀਤਾ ਹੈ।

## ਵਿਨੀਪੈੱਗ 'ਚ ਅਮਰੀਕੀ...

ਵੀ ਸ਼ਾਮਲ ਹੈ। ਵਿਭਾਗ ਮੁਤਾਬਕ ਇਸ ਦਫ਼ਤਰ ਦੀਆਂ ਜ਼ਿੰਮੇਵਾਰੀਆਂ ਹੁਣ ਓਟਾਵਾ ਸਥਿਤ ਅਮਰੀਕੀ ਦੂਤਾਵਾਸ ਨੂੰ ਸੌਂਪੀਆਂ ਜਾਣਗੀਆਂ।

ਵਿਨੀਪੈਗ ਕੌਂਸਲੇਟ ਆਮ ਨਾਗਰਿਕ ਸੇਵਾਵਾਂ ਜਾਂ ਵੀਜ਼ਾ ਜਾਰੀ ਕਰਨ ਵਾਲਾ ਕੇਂਦਰ ਨਹੀਂ ਸੀ, ਪਰ ਇਹ ਅਮਰੀਕਾ ਅਤੇ ਮੈਨੀਟੋਬਾ ਦਰਮਿਆਨ ਵਪਾਰਕ ਅਤੇ ਆਰਥਿਕ ਸਬੰਧਾਂ ਲਈ ਮਹੱਤਵਪੂਰਨ ਸੰਪਰਕ ਕੇਂਦਰ ਵਜੋਂ ਕੰਮ ਕਰਦਾ ਸੀ। ਖੇਤੀਬਾੜੀ, ਮੈਨੂਫੈਕਚਰਿੰਗ, ਊਰਜਾ ਅਤੇ ਸਰਹੱਦ ਪਾਰ ਵਪਾਰ ਨਾਲ ਜੁੜੇ ਮੁੱਦਿਆਂ 'ਤੇ ਸਥਾਨਕ ਕਾਰੋਬਾਰੀਆਂ ਅਤੇ ਸਰਕਾਰੀ ਅਦਾਰਿਆਂ ਨਾਲ ਤਾਲਮੇਲ ਬਣਾਉਣਾ ਇਸ ਦੀ ਮੁੱਖ ਭੂਮਿਕਾ ਸੀ।

ਕੌਂਸਲੇਟ ਬੰਦ ਕਰਨ ਦੇ ਫ਼ੈਸਲੇ 'ਤੇ ਸਾਬਕਾ ਅਧਿਕਾਰੀਆਂ ਅਤੇ ਵਪਾਰਕ ਮਾਹਰਾਂ ਨੇ ਚਿੰਤਾ ਜ਼ਾਹਰ ਕੀਤੀ ਹੈ। ਵਿਨੀਪੈਗ ਕੌਂਸਲੇਟ ਵਿੱਚ ਲਗਪਗ 20 ਸਾਲ ਸੇਵਾ ਨਿਭਾਉਣ ਵਾਲੇ ਬ੍ਰੈਡ ਕਿਰਬੀਸਨ ਨੇ ਕਿਹਾ ਕਿ ਇਸ ਕਦਮ ਨਾਲ ਅਮਰੀਕਾ ਕੈਨੇਡਾ ਦੇ ਇੱਕ ਵੱਡੇ ਹਿੱਸੇ ਨਾਲ ਆਪਣਾ ਸਿੱਧਾ ਸੰਪਰਕ ਕਮਜ਼ੋਰ ਕਰ ਲਵੇਗਾ। ਉਨ੍ਹਾਂ ਕਿਹਾ ਕਿ ਵਿਨੀਪੈਗ ਦੀ ਭੂਗੋਲਿਕ ਸਥਿਤੀ ਕਾਰਨ ਇਹ ਦਫ਼ਤਰ ਸਰਹੱਦ ਪਾਰ ਵਪਾਰਕ ਸਮੱਸਿਆਵਾਂ ਦੇ ਹੱਲ ਲਈ ਬਹੁਤ ਲਾਭਦਾਇਕ ਸੀ।

ਇਸ ਮੁੱਦੇ ਨੇ ਮੈਨੀਟੋਬਾ ਦੀ ਸਿਆਸਤ ਨੂੰ ਵੀ ਗਰਮਾ ਦਿੱਤਾ ਹੈ। ਵਿਰੋਧੀ ਧਿਰ ਦੇ ਪੀ ਸੀ ਆਗੂ ਔਬੀ ਖ਼ਾਨ ਨੇ ਪ੍ਰੀਮੀਅਰ ਵੈਬ ਕਿਨਿਊ ਦੀ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਅਮਰੀਕਾ ਨਾਲ ਸੂਬੇ ਦੇ ਵਪਾਰਕ ਹਿੱਤਾਂ ਦੀ ਰੱਖਿਆ ਕਰਨ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਟੈਰਿਫ਼ ਅਤੇ ਵਪਾਰਕ ਤਣਾਅ ਦੇ ਦੌਰ ਵਿੱਚ ਅਮਰੀਕੀ ਨੁਮਾਇੰਦਗੀ ਘਟਣਾ ਸੂਬੇ ਲਈ ਨੁਕਸਾਨਦੇਹ ਹੋ ਸਕਦੀ ਹੈ। ਮਾਹਰਾਂ ਦਾ ਮੰਨਣਾ ਹੈ ਕਿ ਵਿਨੀਪੈਗ ਵਿੱਚ ਅਮਰੀਕੀ ਦਫ਼ਤਰ ਦੇ ਬੰਦ ਹੋਣ ਨਾਲ ਸਥਾਨਕ ਕਾਰੋਬਾਰੀਆਂ ਨੂੰ ਵਾਸ਼ਿੰਗਟਨ ਤੱਕ ਆਪਣੀ ਆਵਾਜ਼ ਪਹੁੰਚਾਉਣ ਲਈ ਹੋਰ ਲੰਮੀ ਪ੍ਰਕਿਰਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮੈਨੀਟੋਬਾ ਅਤੇ ਅਮਰੀਕਾ ਵਿਚਕਾਰ ਹਰ ਸਾਲ ਵੱਡੇ ਪੱਧਰ 'ਤੇ ਵਪਾਰ ਹੁੰਦਾ ਹੈ। ਅਜਿਹੇ ਸਮੇਂ ਵਿੱਚ ਕੂਟਨੀਤਕ ਸੰਪਰਕ ਦਾ ਘਟਣਾ ਦੋਵਾਂ ਦੇਸ਼ਾਂ ਦੇ ਖੇਤਰੀ ਆਰਥਿਕ ਰਿਸ਼ਤਿਆਂ ਲਈ ਇੱਕ ਨਵੀਂ ਚੁਣੌਤੀ ਵਜੋਂ ਦੇਖਿਆ ਜਾ ਰਿਹਾ ਹੈ।

## ਦੋ ਜਹਾਜ਼ਾਂ ਦੀ ਟੱਕਰ...

ਸਮਝਿਆ ਜਾਂਦਾ ਹੈ ਕਿ ਉਹ ਉਸ ਦੀ ਇਕਲੌਤੀ ਸਵਾਰ ਅਤੇ ਪਾਇਲਟ ਹੋ ਸਕਦੀ ਹੈ। ਪਾਣੀ 'ਚੋਂ ਜਹਾਜ਼ ਦੇ ਹੋਰ ਹਿੱਸੇ ਵੀ ਲੱਭੇ ਜਾ ਰਹੇ ਹਨ, ਜਿਸ ਤੋਂ ਪੂਰਾ ਪਤਾ ਲੱਗੇਗਾ ਕਿ ਉਸ ਵਿੱਚ ਕੋਈ ਹੋਰ ਵੀ ਸਵਾਰ ਸੀ ਜਾਂ ਨਹੀਂ। ਟਰਾਂਸਪੋਰਟ ਸੇਫਟੀ ਬੋਰਡ ਅਤੇ ਟਰਾਂਸਪੋਰਟ ਕੈਨੇਡਾ ਵੱਲੋਂ ਹਾਦਸੇ ਦੀ ਕੀਤੀ ਜਾ ਰਹੀ ਜਾਂਚ ਵਿੱਚ ਚਿਲਾਵੈਕ ਪੁਲੀਸ ਵੱਲੋਂ ਪੂਰਾ ਸਹਿਯੋਗ ਕੀਤਾ ਜਾ ਰਿਹਾ ਹੈ।

ਟੱਕਰ ਵਾਲੇ ਦੂਜੇ ਜਹਾਜ਼ ਦੇ ਪਾਇਲਟ ਨੇ ਹਾਦਸਾਗ੍ਰਸਤ ਹੋਏ ਆਪਣੇ ਜਹਾਜ਼ ਨੂੰ ਤਕਨੀਕੀ ਸਮਝ ਨਾਲ ਡਿੱਗਣ ਤੋਂ ਬਚਾਅ ਕੇ ਹਵਾਈ ਅੱਡੇ ਦੀ ਪੱਟੀ (ਰਨਵੇਅ) ਉੱਤੇ ਸੁਰੱਖਿਅਤ ਉਤਾਰ ਲਿਆ ਅਤੇ ਆਪਣੀ ਜਾਨ ਬਚਾ ਲਈ। ਉਂਜ ਜ਼ਖ਼ਮੀ ਹੋਣ ਕਰਕੇ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸੇਫਟੀ ਬੋਰਡ ਦੇ ਬੁਲਾਰੇ ਅਨੁਸਾਰ ਹਾਦਸੇ ਦਾ ਅਸਲ ਕਾਰਨ ਲੱਭਣ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਇਸ ਦੌਰਾਨ ਅੰਡਰਵਾਟਰ ਰਿਕਵਰੀ ਟੀਮ ਡੂੰਘੇ ਛੱਪੜ ਵਿੱਚ ਡਿੱਗੇ ਜਹਾਜ਼ ਦੇ ਹੋਰ ਮਲਬੇ ਦੀ ਭਾਲ ਵਿੱਚ ਲੱਗੀ ਹੋਈ ਹੈ।

## ਕੈਨੇਡਾ 'ਚ PR ਨੂੰ...

**ਨਾਨ-ਕ੍ਰੈਡਿਟ ਕੋਰਸਾਂ 'ਤੇ ਸਖ਼ਤੀ**

ਇਮੀਗ੍ਰੇਸ਼ਨ ਵਿਭਾਗ ਨੇ ਹਾਲ ਹੀ ਵਿੱਚ ਨਾਨ-ਕ੍ਰੈਡਿਟ ਕੋਰਸ ਕਰਨ ਵਾਲੇ ਕਈ ਬਿਨੈਕਾਰਾਂ ਨੂੰ ਵਰਕ ਪਰਮਿਟ ਲਈ ਅਯੋਗ ਕਰਾਰ ਦਿੱਤਾ ਹੈ। ਡਿਗਰੀ ਅਤੇ ਡਿਪਲੋਮਾ ਵਰਗੇ ਕੋਰਸ ਕ੍ਰੈਡਿਟ ਕੋਰਸ ਮੰਨੇ ਜਾਂਦੇ ਹਨ, ਜਦਕਿ ਆਮ ਜਾਣਕਾਰੀ ਜਾਂ ਹੁਨਰ ਵਧਾਉਣ ਲਈ ਕੀਤੇ ਜਾਣ ਵਾਲੇ ਕੋਰਸ ਨਾਨ-ਕ੍ਰੈਡਿਟ ਸ਼੍ਰੇਣੀ ਵਿੱਚ ਆਉਂਦੇ ਹਨ। ਇਸ ਕਾਰਨ ਕਈ ਅਰਜ਼ੀਆਂ ਰੱਦ ਹੋ ਰਹੀਆਂ ਹਨ।

ਕੈਨੇਡਾ ਵਿੱਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਪੋਸਟ ਗ੍ਰੈਜੂਏਟ ਵਰਕ ਪਰਮਿਟ ਮਿਲਦਾ ਹੈ। 8 ਮਹੀਨਿਆਂ ਤੋਂ ਵੱਧ ਪਰ 2 ਸਾਲ ਤੋਂ ਘੱਟ ਸਮੇਂ ਦੇ ਕੋਰਸ ਕਰਨ ਵਾਲਿਆਂ ਨੂੰ ਕੋਰਸ ਦੇ ਸਮੇਂ ਦੇ ਬਰਾਬਰ ਵਰਕ ਪਰਮਿਟ ਮਿਲਦਾ ਹੈ। ਜਦਕਿ 2 ਸਾਲ ਜਾਂ ਇਸ ਤੋਂ ਵੱਧ ਦੇ ਕੋਰਸ ਕਰਨ ਵਾਲੇ ਵਿਦਿਆਰਥੀਆਂ ਨੂੰ 3 ਸਾਲ ਦਾ ਵਰਕ ਪਰਮਿਟ ਦਿੱਤਾ ਜਾਂਦਾ ਹੈ। 8 ਮਹੀਨਿਆਂ ਤੋਂ ਘੱਟ ਸਮੇਂ ਦੇ ਕੋਰਸ ਕਰਨ ਵਾਲੇ ਇਸ ਲਈ ਯੋਗ ਨਹੀਂ ਹੁੰਦੇ।

**ਇਮੀਗ੍ਰੇਸ਼ਨ ਮੰਤਰੀ ਨੇ ਦਿੱਤਾ ਸਪੱਸ਼ਟੀਕਰਨ**

ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਡੀਐਬ ਨੇ ਕਿਹਾ ਕਿ ਵਰਕ ਪਰਮਿਟ ਸੰਬੰਧੀ ਨਿਯਮ ਅਚਾਨਕ ਨਹੀਂ ਬਦਲੇ। ਉਨ੍ਹਾਂ ਦੇ ਅਨੁਸਾਰ ਨਾਨ-ਕ੍ਰੈਡਿਟ ਕੋਰਸਾਂ ਲਈ ਵਰਕ ਪਰਮਿਟ ਨਾ ਦੇਣ ਦੀ ਨੀਤੀ ਪਹਿਲਾਂ ਤੋਂ ਹੀ ਲਾਗੂ ਹੈ ਅਤੇ 2024 ਤੋਂ ਬਾਅਦ ਇਸ ਵਿੱਚ ਕੋਈ ਨਵਾਂ ਬਦਲਾਅ ਨਹੀਂ ਕੀਤਾ ਗਿਆ। ਜਨਵਰੀ 2024 ਵਿੱਚ ਇਹ ਵੀ ਐਲਾਨ ਕੀਤਾ ਗਿਆ ਸੀ ਕਿ ਮਈ 2024 ਤੋਂ ਬਾਅਦ ਪ੍ਰਾਈਵੇਟ-ਪਬਲਿਕ ਪਾਰਟਨਰਸ਼ਿਪ ਅਧੀਨ ਕੀਤੇ ਕੋਰਸਾਂ ਵਾਲੇ ਵਿਦਿਆਰਥੀ ਵੀ ਵਰਕ ਪਰਮਿਟ ਲਈ ਯੋਗ ਨਹੀਂ ਹੋਣਗੇ।

## ਟੋਰਾਂਟੋ 'ਚ...

ਅਤੇ ਬਹੁ-ਸਭਿਆਚਾਰਕ ਕੈਨੇਡੀਅਨ ਸਮਾਜ ਨੂੰ ਭਾਰਤ ਦੇ ਵੱਖ-ਵੱਖ ਖੇਤਰਾਂ ਦੇ ਵਿਲੱਖਣ ਸੁਆਦਾਂ ਨਾਲ ਜਾਣੂ ਕਰਵਾਉਣ ਦੇ ਉਦੇਸ਼ ਨਾਲ ਕੀਤੀ ਗਈ ਸੀ। ਕੁਝ ਹੀ ਸਾਲਾਂ ਵਿੱਚ ਇਹ ਮੇਲਾ ਟੋਰਾਂਟੋ ਦੇ ਪ੍ਰਮੁੱਖ ਸਭਿਆਚਾਰਕ ਅਤੇ ਭੋਜਨ ਸਮਾਗਮਾਂ ਵਿੱਚ ਆਪਣੀ ਵਿਲੱਖਣ ਪਛਾਣ ਬਣਾਉਣ ਵਿੱਚ ਕਾਮਯਾਬ ਹੋ ਗਿਆ ਹੈ। ਹਰ ਸਾਲ ਇਸ ਸਮਾਗਮ ਦੀ ਉਡੀਕ ਭਾਰਤੀ ਭਾਈਚਾਰੇ ਦੇ ਨਾਲ-ਨਾਲ ਸਥਾਨਕ ਲੋਕ ਵੀ ਬੇਸਬਰੀ ਨਾਲ ਕਰਦੇ ਹਨ।

ਫ਼ੈਸਟੀਵਲ ਦੌਰਾਨ ਦਰਜਨਾਂ ਫੂਡ ਸਟਾਲਾਂ 'ਤੇ ਪੰਜਾਬੀ, ਗੁਜਰਾਤੀ, ਦੱਖਣੀ ਭਾਰਤੀ, ਰਾਜਸਥਾਨੀ, ਮਹਾਰਾਸ਼ਟਰੀ, ਬੰਗਾਲੀ ਅਤੇ ਹੋਰ ਖੇਤਰੀ ਪਕਵਾਨਾਂ ਦੀ ਭਰਪੂਰ ਰੇਂਜ ਉਪਲਬਧ ਸੀ। ਦਰਸ਼ਕਾਂ ਨੇ ਚਾਟ, ਗੋਲ-ਗੱਪੇ, ਬਰਿਆਨੀ, ਡੋਸੇ, ਇਡਲੀ, ਛੋਲੇ-ਭਟੂਰੇ, ਤੰਦੂਰੀ ਵਿਅੰਜਨ, ਮਿਠਾਈਆਂ ਅਤੇ ਰਵਾਇਤੀ ਪੇਅ ਪਦਾਰਥਾਂ ਦਾ ਖ਼ੂਬ ਅਨੰਦ ਮਾਣਿਆ। ਇਸ ਤੋਂ ਇਲਾਵਾ ਹੱਥਾਂ ਨਾਲ ਬਣੀਆਂ ਕਲਾਤਮਕ ਵਸਤੂਆਂ, ਰਵਾਇਤੀ ਪਹਿਰਾਵਿਆਂ ਅਤੇ ਭਾਰਤੀ ਉਤਪਾਦਾਂ ਦੇ ਸਟਾਲ ਵੀ ਲੋਕਾਂ ਦੀ ਖਿੱਚ ਦਾ ਕੇਂਦਰ ਰਹੇ।

ਮੇਲੇ ਦਾ ਆਯੋਜਨ ਉਸ ਸਮੇਂ ਕੀਤਾ ਗਿਆ ਜਦੋਂ ਟੋਰਾਂਟੋ ਵਿੱਚ ਉੱਤਰੀ ਅਮਰੀਕਾ ਦਾ ਪ੍ਰਸਿੱਧ ਕੈਰੇਬਾਨਾ ਫ਼ੈਸਟੀਵਲ ਵੀ ਚੱਲ ਰਿਹਾ ਸੀ। ਪ੍ਰਬੰਧਕਾਂ ਅਨੁਸਾਰ ਕੈਰੇਬਾਨਾ ਵਿੱਚ ਸ਼ਾਮਲ ਹੋਣ ਲਈ ਆਉਣ ਵਾਲੇ ਹਜ਼ਾਰਾਂ ਸੈਲਾਨੀ 'ਟੇਸਟ ਆਫ਼ ਇੰਡੀਆ' ਦਾ ਵੀ ਰੁਖ਼ ਕਰਦੇ ਹਨ, ਜਿਸ ਨਾਲ ਇਸ ਸਮਾਗਮ ਦੀ ਲੋਕਪ੍ਰਿਯਤਾ ਅਤੇ ਦਰਸ਼ਕਾਂ ਦੀ ਗਿਣਤੀ ਵਿੱਚ ਹਰ ਸਾਲ ਵਾਧਾ ਹੋ ਰਿਹਾ ਹੈ। ਇਸ ਕਾਰਨ ਇਹ ਮੇਲਾ ਟੋਰਾਂਟੋ ਦੀ ਬਹੁ-ਸਭਿਆਚਾਰਕ ਪਛਾਣ ਨੂੰ ਹੋਰ ਮਜ਼ਬੂਤ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਸਮਾਗਮ ਵਿੱਚ ਕੰਜ਼ਰਵੇਟਿਵ ਆਗੂ ਪੀਅਰ ਪੌਲੀਏਵਰ ਅਤੇ ਟੋਰਾਂਟੋ ਦੀ ਮੇਅਰ ਓਲੀਵੀਆ ਚਾਓ ਨੇ ਵੀ ਹਾਜ਼ਰੀ ਭਰੀ। ਉਨ੍ਹਾਂ ਨੇ ਪ੍ਰਬੰਧਕਾਂ ਅਤੇ ਭਾਗੀਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਸਮਾਗਮ ਵੱਖ-ਵੱਖ ਭਾਈਚਾਰਿਆਂ ਨੂੰ ਇੱਕ ਮੰਚ 'ਤੇ ਲਿਆਉਣ, ਆਪਸੀ ਸਾਂਝ ਅਤੇ ਸਭਿਆਚਾਰਕ ਸਮਝ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ।

ਪ੍ਰਬੰਧਕਾਂ ਨੇ ਦੱਸਿਆ ਕਿ ਫ਼ੈਸਟੀਵਲ ਵਿੱਚ ਦਾਖ਼ਲਾ ਪੂਰੀ ਤਰ੍ਹਾਂ ਮੁਫ਼ਤ ਰੱਖਿਆ ਜਾਂਦਾ ਹੈ ਤਾਂ ਜੋ ਹਰ ਉਮਰ ਅਤੇ ਹਰ ਵਰਗ ਦਾ ਵਿਅਕਤੀ ਬਿਨਾਂ ਕਿਸੇ ਰੁਕਾਵਟ ਦੇ ਭਾਰਤੀ ਭੋਜਨ, ਸੰਗੀਤ ਅਤੇ ਸੱਭਿਆਚਾਰ ਦਾ ਅਨੰਦ ਮਾਣ ਸਕੇ। ਬੱਚਿਆਂ ਲਈ ਵਿਸ਼ੇਸ਼ ਮਨੋਰੰਜਨ ਗਤੀਵਿਧੀਆਂ, ਲਾਈਵ ਸੰਗੀਤ, ਲੋਕ ਨਾਚ ਅਤੇ ਬਾਲੀਵੁੱਡ ਪੇਸ਼ਕਾਰੀਆਂ ਨੇ ਸਮਾਗਮ ਨੂੰ ਹੋਰ ਵੀ ਰੌਣਕ ਮਈ ਬਣਾਇਆ।

ਫ਼ੈਸਟੀਵਲ ਦੇ ਬਾਨੀ ਮੈਂਬਰਾਂ ਵਿੱਚੋਂ ਇੱਕ ਵਰਜੇਸ਼ ਸ਼ਾਹ ਨੇ ਕਿਹਾ ਕਿ ਇਹ ਸਮਾਗਮ ਸਿਰਫ਼ ਖਾਣ-ਪੀਣ ਦਾ ਮੇਲਾ ਨਹੀਂ, ਸਗੋਂ ਉੱਭਰ ਰਹੇ ਰਸੋਈ ਕਲਾਕਾਰਾਂ, ਘਰੇਲੂ ਉਦਯੋਗਪਤੀਆਂ ਅਤੇ ਛੋਟੇ ਕਾਰੋਬਾਰੀਆਂ ਲਈ ਆਪਣੀ ਕਾਬਲੀਅਤ ਦਿਖਾਉਣ ਦਾ ਅਹਿਮ ਮੰਚ ਹੈ। ਉਨ੍ਹਾਂ ਕਿਹਾ ਕਿ ਕਈ ਨੌਜਵਾਨ ਨਵੇਂ ਅਤੇ ਵਿਲੱਖਣ ਪਕਵਾਨ ਤਿਆਰ ਕਰਦੇ ਹਨ, ਪਰ ਉਨ੍ਹਾਂ ਨੂੰ ਆਪਣੀ ਕਲਾ ਲੋਕਾਂ ਤੱਕ ਪਹੁੰਚਾਉਣ ਦਾ ਮੌਕਾ ਨਹੀਂ ਮਿਲਦਾ। ਇਸ ਫ਼ੈਸਟੀਵਲ ਵਿੱਚ ਸਟਾਲ ਲਗਾ ਕੇ ਉਹ ਨਾ ਸਿਰਫ਼ ਆਪਣੇ ਉਤਪਾਦਾਂ ਦੀ ਵਿੱਕਰੀ ਕਰਦੇ ਹਨ, ਸਗੋਂ ਦਰਸ਼ਕਾਂ ਤੋਂ ਮਿਲਣ ਵਾਲੀ ਪ੍ਰਤੀਕਿਰਿਆ ਦੇ ਆਧਾਰ 'ਤੇ ਭਵਿੱਖ ਵਿੱਚ ਰੈਸਟੋਰੈਂਟ, ਕੈਟਰਿੰਗ ਜਾਂ ਹੋਰ ਭੋਜਨ ਸੇਵਾਵਾਂ ਸ਼ੁਰੂ ਕਰਨ ਸਬੰਧੀ ਮਹੱਤਵਪੂਰਨ ਕਾਰੋਬਾਰੀ ਫ਼ੈਸਲੇ ਵੀ ਲੈ ਸਕਦੇ ਹਨ। ਨੌਵਾਂ 'ਟੇਸਟ ਆਫ਼ ਇੰਡੀਆ' ਫ਼ੈਸਟੀਵਲ ਭਾਰਤੀ ਸੱਭਿਆਚਾਰ, ਰਸੋਈ ਪਰੰਪਰਾ ਅਤੇ ਉਦਯੋਗੀ ਸੋਚ ਦਾ ਇੱਕ ਸਫਲ ਜਸ਼ਨ ਸਾਬਤ ਹੋਇਆ, ਜਿਸ ਨੇ ਟੋਰਾਂਟੋ ਦੀ ਬਹੁ-ਸਭਿਆਚਾਰਕ ਪਛਾਣ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਭਾਰਤੀ ਭਾਈਚਾਰੇ ਦੀ ਸਰਗਰਮ ਭੂਮਿਕਾ ਨੂੰ ਵੀ ਉਜਾਗਰ ਕੀਤਾ।

## ਕੈਨੇਡਾ 'ਚ HIV...

ਕੀਤਾ ਸੀ, ਪਰ ਹੁਣ ਸੰਕਰਮਣ ਮੁੜ ਵਧਣ ਲੱਗਾ ਹੈ।

**ਸੰਯੁਕਤ ਰਾਸ਼ਟਰ ਦਾ ਟੀਚਾ ਅਤੇ ਮਾਹਿਰਾਂ ਦੀ ਮੰਗ**

ਸੰਯੁਕਤ ਰਾਸ਼ਟਰ ਨੇ 2030 ਤੱਕ ਏਡਜ਼ ਨੂੰ ਜਨਤਕ ਸਿਹਤ ਸੰਕਟ ਵਜੋਂ ਖ਼ਤਮ ਕਰਨ ਲਈ '95-95-95' ਟੀਚਾ ਰੱਖਿਆ ਹੈ, ਪਰ ਕੈਨੇਡਾ ਹੁਣ ਤੱਕ ਇਨ੍ਹਾਂ ਵਿੱਚੋਂ ਸਿਰਫ਼ ਇੱਕ ਟੀਚਾ ਹੀ ਪੂਰਾ ਕਰ ਸਕਿਆ ਹੈ।

ਡਾ. ਮੋਂਟਾਨਰ ਨੇ ਕਿਹਾ ਕਿ ਐੱਚ.ਆਈ.ਵੀ. ਦੇ ਅੰਕੜੇ ਹਰ ਦੋ ਸਾਲ ਬਾਅਦ ਅਤੇ ਦੇਰੀ ਨਾਲ ਜਾਰੀ ਹੋਣ ਕਾਰਨ ਸਮੇਂ ਸਿਰ ਕਾਰਵਾਈ ਪ੍ਰਭਾਵਿਤ ਹੁੰਦੀ ਹੈ। ਉਨ੍ਹਾਂ ਤਿਮਾਹੀ ਆਧਾਰ 'ਤੇ ਰਿਪੋਰਟਿੰਗ ਅਤੇ PrEP, PEP ਸਮੇਤ ਐਂਟੀਰੈਟਰੋਵਾਇਰਲ ਦਵਾਈਆਂ ਨੂੰ ਰਾਸ਼ਟਰੀ ਫਾਰਮਾ ਕੇਅਰ ਯੋਜਨਾ ਤਹਿਤ ਮੁਫ਼ਤ ਉਪਲੱਬਧ ਕਰਵਾਉਣ ਦੀ ਮੰਗ ਕੀਤੀ।

**ਪੇਂਡੂ ਅਤੇ ਆਦਿਵਾਸੀ ਭਾਈਚਾਰਿਆਂ ਵਿੱਚ ਫੈਲਾਅ**

ਕੈਨੇਡੀਅਨ ਏਡਜ਼ ਟਰੀਟਮੈਂਟ ਇਨਫਰਮੇਸ਼ਨ ਐਕਸਚੇਂਜ (CATIE) ਦੇ ਕਾਰਜਕਾਰੀ ਨਿਰਦੇਸ਼ਕ ਜੋਡੀ ਜੋਲੀਮੋਰ ਨੇ ਕਿਹਾ ਕਿ ਐੱਚ.ਆਈ.ਵੀ. ਹੁਣ ਵੱਡੇ ਸ਼ਹਿਰਾਂ ਤੋਂ ਨਿਕਲ ਕੇ ਪੇਂਡੂ, ਉੱਤਰੀ ਅਤੇ ਆਦਿਵਾਸੀ ਭਾਈਚਾਰਿਆਂ ਵਿੱਚ ਫੈਲ ਰਿਹਾ ਹੈ।

ਉਨ੍ਹਾਂ ਅਨੁਸਾਰ ਗ਼ਰੀਬੀ, ਬੇਘਰਾਪਣ, ਨਸ਼ਿਆਂ ਦੀ ਲਤ, ਮਾਨਸਿਕ ਸਿਹਤ ਸੰਬੰਧੀ ਸਮੱਸਿਆਵਾਂ ਅਤੇ ਸਮਾਜਿਕ ਕਲੰਕ ਲੋਕਾਂ ਨੂੰ ਜਾਂਚ ਅਤੇ ਇਲਾਜ ਤੋਂ ਦੂਰ ਰੱਖਦੇ ਹਨ। ਪਬਲਿਕ ਹੈਲਥ ਏਜੰਸੀ ਮੁਤਾਬਕ ਇਸ ਵੇਲੇ ਕਰੀਬ 70,900 ਕੈਨੇਡੀਅਨ ਐੱਚ.ਆਈ.ਵੀ. ਨਾਲ ਜੀਵਨ ਬਤੀਤ ਕਰ ਰਹੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਸਮੇਂ ਸਿਰ ਜਾਂਚ, ਲਗਾਤਾਰ ਇਲਾਜ, ਪ੍ਰਭਾਵਸ਼ਾਲੀ ਜਾਗਰੂਕਤਾ ਅਤੇ ਸੂਬਿਆਂ ਲਈ ਵਧੇਰੇ ਵਿੱਤੀ ਸਹਾਇਤਾ ਤੋਂ ਬਿਨਾਂ ਐੱਚ.ਆਈ.ਵੀ. ਦੇ ਵਧਦੇ ਰੁਝਾਨ ਨੂੰ ਰੋਕਣਾ ਮੁਸ਼ਕਲ ਹੋਵੇਗਾ।

# ਅਮਰੀਕੀ ਨਾਗਰਿਕਤਾ 'ਤੇ ਸਖ਼ਤੀ ਸ਼ੁਰੂ

## 30 ਸਾਲਾਂ ਬਾਅਦ ਪੰਜਾਬੀ ਖ਼ਿਲਾਫ਼ ਕਾਰਵਾਈ ਸ਼ੁਰੂ, ਹੋਰ 24 ਨਾਮ ਵੀ ਲਿਸਟ 'ਚ

ਅਮਰੀਕਾ ਨੇ ਭਾਰਤੀ ਮੂਲ ਦੇ ਇੱਕ ਵਿਅਕਤੀ ਸਮੇਤ ਕੁੱਲ 25 ਲੋਕਾਂ ਖ਼ਿਲਾਫ਼ ਨਾਗਰਿਕਤਾ ਰੱਦ ਕਰਨ ਦੀ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਹੈ। ਇਨ੍ਹਾਂ ਲੋਕਾਂ 'ਤੇ ਪਛਾਣ ਨਾਲ ਜੁੜੇ ਕਥਿਤ ਫਰਜ਼ੀਵਾੜੇ ਤੋਂ ਲੈ ਕੇ ਕਤਲ ਦੀ ਕੋਸ਼ਿਸ਼, ਬੱਚਿਆਂ ਨਾਲ ਜਿਨਸੀ ਸ਼ੋਸ਼ਣ ਅਤੇ ਹੋਰ ਗੰਭੀਰ ਦੋਸ਼ਾਂ ਨਾਲ ਸੰਬੰਧਤ ਜਾਣਕਾਰੀ ਲੁਕਾ ਕੇ ਜਾਂ ਗਲਤ ਤਰੀਕੇ ਨਾਲ ਅਮਰੀਕੀ ਨਾਗਰਿਕਤਾ ਹਾਸਲ ਕਰਨ ਦੇ ਇਲਜ਼ਾਮ ਹਨ।

**ਭਾਰਤੀ ਮੂਲ ਦੇ ਨਰਿੰਦਰ ਸਿੰਘ ਖ਼ਿਲਾਫ਼ ਕੇਸ ਦਰਜ**

ਅਮਰੀਕੀ ਨਿਆਂ ਮੰਤਰਾਲੇ ਨੇ 65 ਸਾਲਾ ਭਾਰਤੀ ਮੂਲ ਦੇ ਨਰਿੰਦਰ ਸਿੰਘ ਖ਼ਿਲਾਫ਼ ਡੇਲਾਵੇਅਰ ਜ਼ਿਲ੍ਹਾ ਅਦਾਲਤ ਵਿੱਚ ਕੇਸ ਦਾਇਰ ਕੀਤਾ ਹੈ। ਦੋਸ਼ ਹੈ ਕਿ ਉਨ੍ਹਾਂ ਨੇ 1996 ਵਿੱਚ ਅਮਰੀਕਾ ਵਿੱਚ ਦਾਖ਼ਲਾ ਲੈਣ ਲਈ ਜਾਅਲੀ ਪਛਾਣ ਦੀ ਵਰਤੋਂ ਕੀਤੀ ਅਤੇ ਬਾਅਦ ਵਿੱਚ 1 ਮਈ 2008 ਨੂੰ ਅਮਰੀਕੀ ਨਾਗਰਿਕਤਾ ਪ੍ਰਾਪਤ ਕਰ ਲਈ।

ਸ਼ਿਕਾਇਤ ਮੁਤਾਬਕ ਨਰਿੰਦਰ ਸਿੰਘ ਖ਼ਿਲਾਫ਼ ਸੱਤ ਦੋਸ਼ ਲਗਾਏ ਗਏ ਹਨ। ਇਨ੍ਹਾਂ ਵਿੱਚ ਕਥਿਤ ਤੌਰ 'ਤੇ ਗਲਤ ਜਾਣਕਾਰੀ ਦੇਣਾ, ਅਹਿਮ ਤੱਥ ਲੁਕਾਉਣਾ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨਾਲ ਜੁੜੇ ਇਲਜ਼ਾਮ ਸ਼ਾਮਲ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਨਾਗਰਿਕਤਾ ਹਾਸਲ ਕਰਨ ਦੀ ਪ੍ਰਕਿਰਿਆ ਦੌਰਾਨ ਸਹੀ ਜਾਣਕਾਰੀ ਦੇਣਾ ਲਾਜ਼ਮੀ ਹੁੰਦਾ ਹੈ।

**ਪਾਕਿਸਤਾਨੀ ਮੂਲ ਦੇ ਦੋ ਵਿਅਕਤੀ ਵੀ ਸੂਚੀ 'ਚ**

ਜਿਨ੍ਹਾਂ 25 ਲੋਕਾਂ ਖ਼ਿਲਾਫ਼ ਇਹ ਕਾਰਵਾਈ ਸ਼ੁਰੂ ਕੀਤੀ ਗਈ ਹੈ, ਉਨ੍ਹਾਂ ਵਿੱਚ ਪਾਕਿਸਤਾਨੀ ਮੂਲ ਦੇ ਜ਼ਿਆ ਮੁਰਾਦ ਭੱਟੀ ਅਤੇ ਮੁਹੰਮਦ ਵਾਸਿਫ ਵੀ ਸ਼ਾਮਲ ਹਨ। ਦੋਵਾਂ 'ਤੇ ਵੀ ਪਛਾਣ ਨਾਲ ਸਬੰਧਤ ਗਲਤ ਜਾਣਕਾਰੀ ਦੇਣ ਦੇ ਦੋਸ਼ ਹਨ।

**ਨਿਆਂ ਮੰਤਰਾਲੇ ਦਾ ਸਖ਼ਤ ਸੰਦੇਸ਼**

ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲਾਂਸ਼ ਨੇ ਕਿਹਾ ਕਿ ਅਮਰੀਕੀ ਨਾਗਰਿਕਤਾ ਦੇਸ਼ ਦੇ ਸਭ ਤੋਂ ਵੱਡੇ ਵਿਸ਼ੇਸ਼ ਅਧਿਕਾਰਾਂ ਵਿੱਚੋਂ ਇੱਕ ਹੈ ਅਤੇ ਇਹ ਸਿਰਫ਼ ਕਾਨੂੰਨੀ ਅਤੇ ਇਮਾਨਦਾਰ ਤਰੀਕੇ ਨਾਲ ਹੀ ਹਾਸਲ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦਾਇਰ ਕੀਤੀਆਂ ਗਈਆਂ ਸ਼ਿਕਾਇਤਾਂ ਵਿੱਚ ਦੋਸ਼ ਹੈ ਕਿ ਕੁਝ ਲੋਕਾਂ ਨੇ ਧੋਖਾਧੜੀ, ਤੱਥ ਲੁਕਾਉਣ ਜਾਂ ਹੋਰ ਗੈਰ-ਕਾਨੂੰਨੀ ਤਰੀਕਿਆਂ ਨਾਲ ਨਾਗਰਿਕਤਾ ਪ੍ਰਾਪਤ ਕੀਤੀ।

**17 ਦੇਸ਼ਾਂ ਦੇ ਲੋਕਾਂ 'ਤੇ ਕਾਰਵਾਈ**

ਨਿਆਂ ਮੰਤਰਾਲੇ ਅਨੁਸਾਰ ਇਹ ਸ਼ਿਕਾਇਤਾਂ 20 ਜੁਲਾਈ ਤੋਂ 3 ਅਗਸਤ ਦਰਮਿਆਨ ਦਾਇਰ ਕੀਤੀਆਂ ਗਈਆਂ। ਕਾਰਵਾਈ ਦਾ ਸਾਹਮਣਾ ਕਰ ਰਹੇ 25 ਲੋਕ ਭਾਰਤ, ਪਾਕਿਸਤਾਨ, ਮੋਲਡੋਵਾ, ਮੈਕਸੀਕੋ, ਕੋਲੰਬੀਆ, ਨਾਈਜੀਰੀਆ, ਲਾਈਬੇਰੀਆ, ਘਾਨਾ, ਜਮਾਇਕਾ, ਤਾਈਵਾਨ, ਹੋਂਡੂਰਾਸ, ਕੈਮਰੂਨ, ਜਾਰਡਨ, ਕਿਊਬਾ, ਅਲ ਸਲਵਾਡੋਰ, ਹੈਤੀ ਅਤੇ ਸਵੀਡਨ ਸਮੇਤ 17 ਦੇਸ਼ਾਂ ਨਾਲ ਸੰਬੰਧਤ ਹਨ।




REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail com

Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories

Specialized in Hotel, Motel and
Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ

Gurpreet Singh
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ

WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਵਿਨੀਪੈਗ ਦੀ ਟੋਬਾ ਵਾਰੀਅਰਜ਼ ਨੇ ਕੈਲਗਰੀ 'ਚ ਜਿੱਤਿਆ ਹਾਕਸ ਗੋਲਡ ਕੱਪ




ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਕੈਲਗਰੀ ਵੱਲੋਂ ਕਰਵਾਇਆ ਗਿਆ 14ਵਾਂ ਹਾਕਸ ਗੋਲਡ ਕੱਪ 2026 ਫ਼ੀਲਡ ਹਾਕੀ ਟੂਰਨਾਮੈਂਟ ਖੇਡ ਉਤਸ਼ਾਹ ਅਤੇ ਸ਼ਾਨਦਾਰ ਮੁਕਾਬਲਿਆਂ ਦੇ ਨਾਲ ਸਮਾਪਤ ਹੋ ਗਿਆ। 31 ਜੁਲਾਈ ਤੋਂ 2 ਅਗਸਤ ਤੱਕ ਯੂਨੀਵਰਸਿਟੀ ਆਫ਼ ਕੈਲਗਰੀ ਦੇ ਹਾਕਿੰਗਜ਼ ਟਰਫ਼ ਫ਼ੀਲਡ ਵਿਖੇ ਕਰਵਾਏ ਗਏ ਇਸ ਤਿੰਨ ਰੋਜ਼ਾ ਟੂਰਨਾਮੈਂਟ ਵਿੱਚ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਆਈਆਂ ਟੀਮਾਂ ਨੇ ਭਾਗ ਲਿਆ।

ਇਸ ਸਾਲ ਖਿੱਚ ਦਾ ਕੇਂਦਰ ਵਿਨੀਪੈਗ, ਮੈਨੀਟੋਬਾ ਦੀ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਰਹੀ, ਜਿਸ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੁਰਸ਼ ਵਰਗ (11-ਏ-ਸਾਈਡ) ਦਾ ਖ਼ਿਤਾਬ ਆਪਣੇ ਨਾਮ ਕੀਤਾ। ਟੋਬਾ ਵਾਰੀਅਰਜ਼ ਨੇ ਪੂਰੇ ਟੂਰਨਾਮੈਂਟ ਦੌਰਾਨ ਹਮਲਾਵਰ ਖੇਡ, ਮਜ਼ਬੂਤ ਡਿਫੈਂਸ ਅਤੇ ਬਿਹਤਰੀਨ ਟੀਮ ਤਾਲਮੇਲ ਦਾ ਪ੍ਰਦਰਸ਼ਨ ਕੀਤਾ।

ਸੈਮੀਫਾਈਨਲ ਵਿੱਚ ਟੋਬਾ ਵਾਰੀਅਰਜ਼ ਨੇ ਆਪਣੇ ਵਿਰੋਧੀ ਨੂੰ 4-0 ਨਾਲ ਹਰਾ ਕੇ ਫ਼ਾਈਨਲ ਵਿੱਚ ਦਾਖ਼ਲਾ ਕੀਤਾ। ਫ਼ਾਈਨਲ ਮੁਕਾਬਲਾ ਬਹੁਤ ਹੀ ਰੋਮਾਂਚਕ ਰਿਹਾ, ਜਿੱਥੇ ਦੋਵਾਂ ਟੀਮਾਂ ਨੇ ਜਿੱਤ ਲਈ ਪੂਰਾ ਜ਼ੋਰ ਲਗਾਇਆ। ਆਖ਼ਰਕਾਰ ਟੋਬਾ ਵਾਰੀਅਰਜ਼ ਨੇ 2-1 ਨਾਲ ਜਿੱਤ ਦਰਜ ਕਰਦਿਆਂ ਹਾਕਸ ਗੋਲਡ ਕੱਪ ਦੀ ਟਰਾਫ਼ੀ ਆਪਣੇ ਨਾਮ ਕੀਤੀ। ਇਸ ਇਤਿਹਾਸਕ ਜਿੱਤ ਨਾਲ ਵਿਨੀਪੈਗ ਦੀ ਟੀਮ ਨੇ ਮੈਨੀਟੋਬਾ ਅਤੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ।

ਟੂਰਨਾਮੈਂਟ ਦੇ ਮੁੱਖ ਨਤੀਜਿਆਂ ਵਿੱਚ ਪੁਰਸ਼ ਵਰਗ (11-ਏ-ਸਾਈਡ) ਵਿੱਚ ਵਿਨੀਪੈਗ ਦੀ ਟੋਬਾ ਵਾਰੀਅਰਜ਼ ਨੇ ਪਹਿਲਾ ਸਥਾਨ ਹਾਸਲ ਕਰਦਿਆਂ ਹਾਕਸ ਗੋਲਡ ਕੱਪ ਆਪਣੇ ਨਾਮ ਕੀਤਾ, ਜਦਕਿ ਐਡਮਿੰਟਨ ਟਾਈਟਨਜ਼ ਉਪ ਜੇਤੂ ਰਹੀ। 45+ ਮਾਸਟਰਜ਼ ਵਰਗ ਵਿੱਚ ਪੰਜਾਬ ਸਪੋਰਟਸ ਕੈਲਗਰੀ ਨੇ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ ਅਤੇ ਯੂਨਾਈਟਿਡ ਕੈਲਗਰੀ ਹਾਕੀ ਕਲੱਬ ਦੂਜੇ ਸਥਾਨ 'ਤੇ ਰਿਹਾ। ਅੰਡਰ-14 ਵਰਗ ਵਿੱਚ ਵੂਲਵਰੀਨ ਐਬਸਫੋਰਡ ਨੇ ਖ਼ਿਤਾਬ ਜਿੱਤਿਆ, ਜਦਕਿ ਪੰਜਾਬ ਸਪੋਰਟਸ ਕੈਲਗਰੀ ਨੇ ਉਪ ਜੇਤੂ ਟਰਾਫ਼ੀ ਹਾਸਲ ਕੀਤੀ। ਗਰਲਜ਼ ਵਰਗ ਵਿੱਚ ਵੀ ਵੂਲਵਰੀਨ ਕਲੱਬ ਐਬਸਫੋਰਡ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਪੰਜਾਬ ਸਪੋਰਟਸ ਕਲੱਬ ਕੈਲਗਰੀ ਦੂਜੇ ਸਥਾਨ 'ਤੇ ਰਹੀ। ਅੰਡਰ-12 ਲੜਕਿਆਂ ਦੇ ਮੁਕਾਬਲੇ ਵਿੱਚ ਪੰਜਾਬ ਸਪੋਰਟਸ ਕੈਲਗਰੀ ਨੇ ਚੈਂਪੀਅਨਸ਼ਿਪ ਜਿੱਤੀ, ਜਦਕਿ ਵੂਲਵਰੀਨ ਕਲੱਬ ਐਬਸਫੋਰਡ ਨੇ ਉਪ ਜੇਤੂ ਰਹਿ ਕੇ ਮੁਕਾਬਲਾ ਸਮਾਪਤ ਕੀਤਾ। ਪੁਰਸ਼ ਵਰਗ ਦਾ ਸਰਵੋਤਮ ਖਿਡਾਰੀ ਬਰਿੰਦਰ ਢੁੱਡੀਕੇ (ਬਾਬਾ) ਚੁਣਿਆ ਗਿਆ, ਜਦਕਿ ਗੁਰਕਮਲ ਬਰਾੜ ਨੂੰ ਸਰਵੋਤਮ ਗੋਲ-ਕੀਪਰ ਦਾ ਐਵਾਰਡ ਮਿਲਿਆ। 45+ ਮਾਸਟਰਜ਼ ਵਰਗ ਵਿੱਚ ਗੁਰਪ੍ਰੀਤ ਸੱਗੂ ਸਰਵੋਤਮ ਖਿਡਾਰੀ ਰਹੇ। ਅੰਡਰ-14 ਵਿੱਚ ਆਰਵ ਪੁਰੀ ਅਤੇ ਅੰਡਰ-12 ਵਿੱਚ ਏਕ ਬੀਰ ਗਿੱਲ ਨੂੰ ਸਭ ਤੋਂ ਕੀਮਤੀ ਖਿਡਾਰੀ (MVP) ਐਲਾਨਿਆ ਗਿਆ। ਉੱਥੇ ਹੀ ਅਭਿਰਾਜ ਬਰਾੜ ਨੂੰ ਜੂਨੀਅਰ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਚੁਣਿਆ ਗਿਆ।

# ਸਿੱਖ ਕਾਰਕੁਨ ਦੀ ਸੁਰੱਖਿਆ ਨੂੰ ਲੈ ਕੇ UN ਨੇ ਜਤਾਈ ਚਿੰਤਾ, ਕੈਨੇਡਾ ਤੋਂ ਮੰਗੇ ਜਵਾਬ



ਸੰਯੁਕਤ ਰਾਸ਼ਟਰ ਦੇ ਪੰਜ ਸੁਤੰਤਰ ਜਾਂਚਕਾਰਾਂ (ਸਪੈਸ਼ਲ ਰੈਪੋਰਟਰਾਂ) ਨੇ ਕੈਨੇਡਾ ਸਰਕਾਰ ਨੂੰ ਪੱਤਰ ਲਿਖ ਕੇ ਬ੍ਰਿਟਿਸ਼ ਕੋਲੰਬੀਆ ਦੇ ਸਿੱਖ ਕੈਨੇਡੀਅਨ ਕਾਰਕੁਨ ਮੋਨਿੰਦਰ ਸਿੰਘ ਦੀ ਸੁਰੱਖਿਆ ਨਾਲ ਜੁੜੇ ਮਾਮਲੇ ਬਾਰੇ ਕਈ ਸਵਾਲ ਪੁੱਛੇ ਹਨ। ਨਾਲ ਹੀ ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਜੇਕਰ ਕੋਈ ਜ਼ਿੰਮੇਵਾਰ ਪਾਇਆ ਜਾਂਦਾ ਹੈ ਤਾਂ ਉਸ ਨੂੰ ਕਾਨੂੰਨ ਦੇ ਘੇਰੇ ਵਿੱਚ ਲਿਆਂਦਾ ਜਾਵੇ।

**ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਵੀ ਚਿੰਤਾ**

ਜਾਂਚਕਾਰਾਂ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਉਨ੍ਹਾਂ ਨੂੰ ਚਿੰਤਾ ਹੈ ਕਿ ਮੋਨਿੰਦਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਜਾਨ ਨੂੰ ਤੁਰੰਤ ਖ਼ਤਰਾ ਹੋ ਸਕਦਾ ਹੈ। ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਹ ਮਾਮਲਾ ਕੈਨੇਡਾ ਸਮੇਤ ਹੋਰ ਦੇਸ਼ਾਂ ਵਿੱਚ ਸਿੱਖ ਕਾਰਕੁਨਾਂ ਨਾਲ ਜੁੜੇ ਕਥਿਤ ਸਰਹੱਦ ਪਾਰ ਦਬਾਅ ਦੇ ਵੱਡੇ ਰੁਝਾਨ ਦਾ ਹਿੱਸਾ ਹੋ ਸਕਦਾ ਹੈ।

ਇਹ ਪੱਤਰ 3 ਜੂਨ ਨੂੰ ਲਿਖਿਆ ਗਿਆ ਸੀ। ਆਮ ਤੌਰ 'ਤੇ ਸੰਯੁਕਤ ਰਾਸ਼ਟਰ ਕਿਸੇ ਵੀ ਦੇਸ਼ ਨੂੰ ਜਵਾਬ ਦੇਣ ਲਈ 60 ਦਿਨ ਦਾ ਸਮਾਂ ਦਿੰਦਾ ਹੈ ਅਤੇ ਉਸ ਤੋਂ ਬਾਅਦ ਪੱਤਰ ਅਤੇ ਸਰਕਾਰ ਦਾ ਜਵਾਬ ਇਕੱਠੇ ਜਨਤਕ ਕੀਤੇ ਜਾਂਦੇ ਹਨ। ਇਸ ਮਾਮਲੇ ਵਿੱਚ ਕੈਨੇਡਾ ਸਰਕਾਰ ਵੱਲੋਂ ਕੋਈ ਜਵਾਬ ਨਾ ਮਿਲਣ ਕਾਰਨ ਪੱਤਰ ਨੂੰ ਇਕੱਲੇ ਹੀ ਜਾਰੀ ਕਰ ਦਿੱਤਾ ਗਿਆ।

**'ਡਿਊਟੀ ਟੂ ਵਾਰਨ' ਚਿਤਾਵਨੀਆਂ ਦਾ ਜ਼ਿਕਰ**

ਪੱਤਰ ਵਿੱਚ ਮੋਨਿੰਦਰ ਸਿੰਘ ਨੂੰ ਕੈਨੇਡੀਅਨ ਪੁਲਿਸ ਵੱਲੋਂ ਮਿਲੇ ਚਾਰ 'ਡਿਊਟੀ ਟੂ ਵਾਰਨ' ਨੋਟਿਸਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਸਭ ਤੋਂ ਤਾਜ਼ਾ ਚੇਤਾਵਨੀ ਫ਼ਰਵਰੀ 2026 ਵਿੱਚ ਦਿੱਤੀ ਗਈ ਸੀ। ਜਾਂਚਕਾਰਾਂ ਮੁਤਾਬਕ ਇਹ ਪਹਿਲਾਂ ਮਿਲੀਆਂ ਚੇਤਾਵਨੀਆਂ ਨਾਲੋਂ ਕਾਫ਼ੀ ਗੰਭੀਰ ਸੀ, ਕਿਉਂਕਿ ਇਸ ਵਿੱਚ ਮੋਨਿੰਦਰ ਸਿੰਘ ਦੇ ਨਾਲ ਉਨ੍ਹਾਂ ਦੀ ਪਤਨੀ ਅਤੇ ਦੋ ਬੱਚਿਆਂ ਦੀ ਸੁਰੱਖਿਆ ਦਾ ਵੀ ਜ਼ਿਕਰ ਕੀਤਾ ਗਿਆ ਸੀ।

**ਮੋਨਿੰਦਰ ਸਿੰਘ ਨੇ ਕੀ ਕਿਹਾ?**

ਮੋਨਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਉਸ ਸਮੇਂ ਪਤਾ ਲੱਗਾ ਕਿ ਸੰਯੁਕਤ ਰਾਸ਼ਟਰ ਇਸ ਮਾਮਲੇ ਦੀ ਜਾਂਚ ਕਰ ਰਿਹਾ ਹੈ, ਜਦੋਂ ਉਨ੍ਹਾਂ ਨੂੰ ਜਿਨੀਵਾ ਬੁਲਾਇਆ ਗਿਆ ਅਤੇ ਉੱਥੇ ਵਿਸ਼ੇਸ਼ ਜਾਂਚਕਾਰਾਂ ਨਾਲ ਮੁਲਾਕਾਤ ਹੋਈ। ਉਨ੍ਹਾਂ ਕਿਹਾ ਕਿ ਜਾਂਚਕਾਰ ਪਹਿਲਾਂ ਹੀ ਇਸ ਮਾਮਲੇ ਬਾਰੇ ਜਾਣਕਾਰੀ ਇਕੱਠੀ ਕਰ ਰਹੇ ਸਨ।

ਉਨ੍ਹਾਂ ਇਹ ਵੀ ਕਿਹਾ ਕਿ ਉਹ ਇਸ ਗੱਲ ਤੋਂ ਨਿਰਾਸ਼ ਹਨ ਕਿ ਕੈਨੇਡਾ ਸਰਕਾਰ ਨੇ ਅਜੇ ਤੱਕ ਸੰਯੁਕਤ ਰਾਸ਼ਟਰ ਦੇ ਪੱਤਰ ਦਾ ਜਵਾਬ ਨਹੀਂ ਦਿੱਤਾ। ਉਨ੍ਹਾਂ ਦੇ ਅਨੁਸਾਰ ਸਰਕਾਰ ਕੋਲ ਅਜੇ ਵੀ ਜਵਾਬ ਦੇਣ ਦਾ ਮੌਕਾ ਹੈ ਅਤੇ ਇਸ ਲਈ ਜਿਨੀਵਾ ਸਥਿਤ ਕੈਨੇਡਾ ਦੇ ਸਥਾਈ ਮਿਸ਼ਨ ਨਾਲ ਵੀ ਸੰਪਰਕ ਕੀਤਾ ਜਾਵੇਗਾ।

**ਵਧੇਰੇ ਸੁਰੱਖਿਆ ਦੇ ਕਦਮ ਚੁੱਕਣ ਦੀ ਅਪੀਲ**

ਸੰਯੁਕਤ ਰਾਸ਼ਟਰ ਦੇ ਜਾਂਚਕਾਰਾਂ ਨੇ ਕੈਨੇਡਾ ਨੂੰ ਯਾਦ ਦਿਵਾਇਆ ਹੈ ਕਿ ਅੰਤਰਰਾਸ਼ਟਰੀ ਸਮਝੌਤਿਆਂ ਤਹਿਤ ਉਸ ਦੀ ਜ਼ਿੰਮੇਵਾਰੀ ਹੈ ਕਿ ਹਰ ਵਿਅਕਤੀ ਦੀ ਜਾਨ ਅਤੇ ਸੁਰੱਖਿਆ ਦੀ ਰੱਖਿਆ ਕੀਤੀ ਜਾਵੇ। ਪੱਤਰ ਵਿੱਚ ਕੈਨੇਡਾ ਸਰਕਾਰ ਨੂੰ ਮੋਨਿੰਦਰ ਸਿੰਘ, ਉਨ੍ਹਾਂ ਦੇ ਪਰਿਵਾਰ ਅਤੇ ਅਜਿਹੇ ਹੋਰ ਖ਼ਤਰੇ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਪ੍ਰਭਾਵਸ਼ਾਲੀ ਸੁਰੱਖਿਆ ਉਪਾਅ ਕਰਨ ਅਤੇ ਕੀਤੀ ਗਈ ਕਾਰਵਾਈ ਬਾਰੇ ਸੰਯੁਕਤ ਰਾਸ਼ਟਰ ਨੂੰ ਜਾਣਕਾਰੀ ਦੇਣ ਦੀ ਅਪੀਲ ਵੀ ਕੀਤੀ ਗਈ ਹੈ।

# ਮਹਾਂ ਕਵੀ ਬਾਬੂ ਰਜਬ ਅਲੀ ਖਾਨ ਯਾਦਗਾਰੀ ਮੇਲਾ 12 ਅਗਸਤ ਨੂੰ ਸਾਹੋਕੇ ਵਿੱਚ




ਸਾਹੋਕੇ (ਬਿਊਰੋ ਰਿਪੋਰਟ): ਮੋਗਾ ਜਿਲ੍ਹੇ ਦੇ ਮਸ਼ਹੂਰ ਪਿੰਡ ਸਾਹੋਕੇ ਵਿਖੇ ਇਸ ਪਿੰਡ ਦੇ ਜੰਮਪਲ ਮਹਾਂ ਕਵੀ ਰਜਬ ਅਲੀ ਖਾਨ ਦੀ ਯਾਦ ਵਿੱਚ ਗ੍ਰਾਮ ਪੰਚਾਇਤ ਵੱਲੋਂ ਉਹਨਾਂ ਦੀ ਯਾਦਗਾਰ ਵਿਖੇ ਮੇਲਾ ਕਰਵਾਇਆ ਜਾ ਰਿਹਾ ਹੈ। ਜੋ ਸਵੇਰ 11 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲੇਗਾ। ਇਸ ਮੌਕੇ ਇਲਾਕੇ ਦੇ ਨਾਮਵਰ ਕਵੀਸ਼ਰੀ ਜੱਥੇ ਵੱਡੀ ਗਿਣਤੀ ਵਿੱਚ ਭਾਗ ਲੈਣਗੇ। ਜਨਮ ਦਿਨ ਦੇ ਸਬੰਧ ਪ੍ਰੋਗਰਾਮ ਵਿੱਚ ਕਵੀਸ਼ਰਾਂ ਕਲਾਕਾਰਾਂ ਤੋ ਇਲਾਵਾ ਵਿਧਾਨ ਸਭਾ ਹਲਕਾ ਬਾਘਾਪੁਰਾਣਾ ਦੇ ਵਿਧਾਇਕ ਅੰਮ੍ਰਿਤ ਪਾਲ ਸਿੰਘ ਸੁਖਾਨੰਦ ਵਿਸ਼ੇਸ਼ ਤੌਰ ਤੇ ਪੁੱਜ ਰਹੇ ਹਨ ।ਹੋਰ ਜਾਣਕਾਰੀ ਲਈ ਭੋਲਾ ਸਿੰਘ ਠੇਕੇਦਾਰ ਨਾਲ +91 98764-09461 ਸੰਪਰਕ ਕਰ ਸਕਦੇ ਹੋ।

# ਅਮਰੀਕਾ: ਭਾਰਤੀ ਮੂਲ ਦੇ ਮਕਾਨ ਮਾਲਕ ਵਿਰੁੱਧ ਮਹਿਲਾ ਕਿਰਾਏਦਾਰ ਨੂੰ 'ਜਿਨਸੀ ਤੌਰ 'ਤੇ ਪਰੇਸ਼ਾਨ ਕਰਨ' ਦਾ ਕੇਸ ਦਰਜ




ਅਮਰੀਕਾ ਵਿੱਚ ਸੰਘੀ ਸਰਕਾਰ ਨੇ ਪੈਨਸਿਲਵੇਨੀਆ ਦੀ ਇੱਕ ਕਿਰਾਏ ਦੀ ਜਾਇਦਾਦ ਦੇ ਮਾਲਕ ਵੇਂਕਟਚਲਮ ਮਣੀ, ਜੋ ਕਿ ਭਾਰਤੀ ਮੂਲ ਨਾਲ ਸਬੰਧਤ ਹੈ, ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ, ਜਿਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਉਸ ਨੇ ਇੱਕ ਮਹਿਲਾ ਕਿਰਾਏਦਾਰ ਨੂੰ ਜਿਨਸੀ ਤੌਰ 'ਤੇ ਪਰੇਸ਼ਾਨ ਕੀਤਾ ਅਤੇ ਉਸ ਦੇ ਪ੍ਰਸਤਾਵ ਨੂੰ ਠੁਕਰਾਉਣ 'ਤੇ ਉਸਦਾ ਬਦਲਾ ਲਿਆ।

ਪੈਨਸਿਲਵੇਨੀਆ ਦੇ ਮਿਡਲ ਡਿਸਟ੍ਰਿਕਟ ਲਈ ਯੂ.ਐੱਸ. ਡਿਸਟ੍ਰਿਕਟ ਕੋਰਟ ਵਿੱਚ ਬੁੱਧਵਾਰ ਨੂੰ ਦਾਇਰ ਕੀਤੇ ਗਏ ਮੁਕੱਦਮੇ ਵਿੱਚ ਦੋਸ਼ ਲਾਇਆ ਗਿਆ ਹੈ ਕਿ ਸਟੇਟ ਕਾਲਜ ਬੋਰੋ ਵਿੱਚ ਇੱਕ ਮਕਾਨ ਮਾਲਕ ਮਣੀ ਨੇ ਇੱਕ ਮਹਿਲਾ ਕਿਰਾਏਦਾਰ ਵੱਲ ਅਣਚਾਹੇ ਪ੍ਰਸਤਾਵ ਰੱਖੇ, ਜਿਸ ਵਿੱਚ ਜਿਨਸੀ ਤੌਰ 'ਤੇ ਛੂਹਣਾ ਵੀ ਸ਼ਾਮਲ ਹੈ। ਕਿਰਾਏਦਾਰ ਵੱਲੋਂ ਉਸਦੇ ਪ੍ਰਸਤਾਵ ਨੂੰ ਰੱਦ ਕਰਨ ਤੋਂ ਬਾਅਦ, ਮਣੀ ਨੇ ਉਸਦੀਆਂ ਵਾਰ-ਵਾਰ ਰੱਖ-ਰਖਾਅ ਦੀਆਂ ਬੇਨਤੀਆਂ ਦਾ ਜਵਾਬ ਨਹੀਂ ਦਿੱਤਾ, ਜਿਸ ਵਿੱਚ ਸਰਦੀਆਂ ਦੇ ਵਿਚਕਾਰ ਇੱਕ ਟੁੱਟੇ ਹੋਏ ਭੱਠੀ ਦੀ ਮੁਰੰਮਤ ਕਰਨਾ ਵੀ ਸ਼ਾਮਲ ਸੀ ਜੋ ਅੰਤ ਵਿੱਚ ਅੱਗ ਦੀ ਭੇਟ ਚੜ੍ਹ ਗਈ। ਨਿਆਂ ਵਿਭਾਗ ਦੇ ਸਿਵਲ ਰਾਈਟਸ ਡਿਵੀਜ਼ਨ ਦੇ ਸਹਾਇਕ ਅਟਾਰਨੀ ਜਨਰਲ ਹਰਮੀਤ ਕੇ ਢਿੱਲੋਂ ਨੇ ਕਿਹਾ, "ਇਹ ਆਚਰਣ ਗੈਰ-ਕਾਨੂੰਨੀ ਹੈ। ਨਿਆਂ ਵਿਭਾਗ ਮਕਾਨ ਮਾਲਕ ਦੁਆਰਾ ਜਿਨਸੀ ਪਰੇਸ਼ਾਨੀ ਦੇ ਖਤਰੇ ਤੋਂ ਬਿਨਾਂ ਰਿਹਾਇਸ਼ ਲਈ ਮਹਿਲਾ ਕਿਰਾਏਦਾਰਾਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖੇਗਾ।"

ਮੁਕੱਦਮੇ ਵਿੱਚ ਕਿਰਾਏਦਾਰ ਅਤੇ ਉਸਦੇ ਬੱਚਿਆਂ ਲਈ ਮਾਲੀ ਨੁਕਸਾਨ ਅਤੇ ਭਵਿੱਖ ਵਿੱਚ ਵਿਤਕਰੇ 'ਤੇ ਰੋਕ ਲਗਾਉਣ ਵਾਲੇ ਅਦਾਲਤੀ ਹੁਕਮ ਦੀ ਮੰਗ ਕੀਤੀ ਗਈ ਹੈ। ਪੈਨਸਿਲਵੇਨੀਆ ਦੇ ਮਿਡਲ ਡਿਸਟ੍ਰਿਕਟ ਲਈ ਯੂ.ਐੱਸ. ਅਟਾਰਨੀ ਬ੍ਰਾਇਨ ਡੀ ਮਿਲਰ ਨੇ ਕਿਹਾ, "ਪੈਨਸਿਲਵੇਨੀਆ ਦੇ ਮਿਡਲ ਡਿਸਟ੍ਰਿਕਟ ਵਿੱਚ ਜਿਨਸੀ ਹਮਲੇ ਅਤੇ ਮਕਾਨ ਮਾਲਕਾਂ ਦੁਆਰਾ ਬਦਲਾਖੋਰੀ ਲਈ ਕਿਰਾਏਦਾਰਾਂ ਦਾ ਸ਼ੋਸ਼ਣ ਕਰਨ ਦੀਆਂ ਕੋਸ਼ਿਸ਼ਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।" ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ (ਐਚ.ਯੂ.ਡੀ.) ਵਿਭਾਗ ਨੂੰ ਸ਼ਿਕਾਇਤ ਮਿਲਣ, ਜਾਂਚ ਪੂਰੀ ਕਰਨ ਅਤੇ ਵਿਤਕਰੇ ਦਾ ਦੋਸ਼ ਜਾਰੀ ਕਰਨ ਤੋਂ ਬਾਅਦ ਇਹ ਕੇਸ ਨਿਆਂ ਵਿਭਾਗ ਨੂੰ ਭੇਜਿਆ ਗਿਆ ਸੀ। ਕਿਰਾਏਦਾਰ ਨੇ ਐਚ.ਯੂ.ਡੀ. ਕੋਲ ਮਣੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਸੀ। ਜਾਂਚ ਤੋਂ ਬਾਅਦ, ਐਚ.ਯੂ.ਡੀ. ਨੇ ਨਿਰਧਾਰਤ ਕੀਤਾ ਕਿ ਮਣੀ ਨੇ ਫੇਅਰ ਹਾਊਸਿੰਗ ਐਕਟ ਦੀ ਉਲੰਘਣਾ ਕਰਕੇ ਬਿਨੈਕਾਰ ਨਾਲ ਵਿਤਕਰਾ ਕੀਤਾ ਅਤੇ ਵਿਤਕਰੇ ਦਾ ਦੋਸ਼ ਜਾਰੀ ਕੀਤਾ। ਕਿਰਾਏਦਾਰ ਵੱਲੋਂ ਫੈਡਰਲ ਕੋਰਟ ਵਿੱਚ ਮਾਮਲੇ ਦਾ ਫੈਸਲਾ ਕਰਵਾਉਣ ਦੀ ਚੋਣ ਕਰਨ ਤੋਂ ਬਾਅਦ, ਐਚ.ਯੂ.ਡੀ. ਨੇ ਮਾਮਲਾ ਨਿਆਂ ਵਿਭਾਗ ਨੂੰ ਭੇਜ ਦਿੱਤਾ।

# ਲਾਲ ਸਾਗਰ 'ਚ ਭਾਰਤੀ ਝੰਡੇ ਵਾਲੇ ਜਹਾਜ਼ 'ਤੇ ਹਮਲਾ

## ਸਮੁੰਦਰ 'ਚ ਡੁੱਬਿਆ; 13 ਭਾਰਤੀਆਂ ਸਣੇ 14 ਜਣੇ ਸਨ ਸਵਾਰ



ਲਾਲ ਸਾਗਰ ਵਿੱਚ ਇੱਕ ਵਾਰ ਫਿਰ ਸਮੁੰਦਰੀ ਸੁਰੱਖਿਆ ਨੂੰ ਲੈ ਕੇ ਚਿੰਤਾ ਵਧ ਗਈ ਹੈ। ਭਾਰਤੀ ਝੰਡੇ ਵਾਲੇ ਮਾਲਵਾਹਕ ਜਹਾਜ਼ 'ਫੈਜ਼ੇ ਨੂਰੇ ਓਲੀਆ' 'ਤੇ ਯਮਨ ਦੇ ਪੱਛਮੀ ਤੱਟ ਨੇੜੇ ਹਮਲਾ ਹੋਇਆ, ਜਿਸ ਤੋਂ ਬਾਅਦ ਜਹਾਜ਼ ਸਮੁੰਦਰ ਵਿੱਚ ਡੁੱਬ ਗਿਆ। ਹਾਲਾਂਕਿ, ਰਾਹਤ ਦੀ ਗੱਲ ਇਹ ਰਹੀ ਕਿ ਜਹਾਜ਼ 'ਤੇ ਸਵਾਰ ਸਾਰੇ 14 ਚਾਲਕ ਦਲ ਦੇ ਮੈਂਬਰਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ। ਇਨ੍ਹਾਂ ਵਿੱਚ 13 ਭਾਰਤੀ ਅਤੇ ਇੱਕ ਯਮਨ ਦਾ ਨਾਗਰਿਕ ਸ਼ਾਮਲ ਹੈ।

**ਵਿਸਫੋਟਕਾਂ ਨਾਲ ਭਰੀ ਕਿਸ਼ਤੀ ਰਾਹੀਂ ਹਮਲੇ ਦਾ ਦਾਅਵਾ**

ਸਰਕਾਰੀ ਸਮਰਥਨ ਪ੍ਰਾਪਤ ਨੈਸ਼ਨਲ ਰੇਜ਼ਿਸਟੈਂਸ ਫੋਰਸ (ਐਨਆਰਐੱਫ) ਮੁਤਾਬਕ ਇਹ ਹਮਲਾ ਹੂਤੀ ਬਾਗੀਆਂ ਦੇ ਕਬਜ਼ੇ ਵਾਲੇ ਹੋਦੇਦਾਹ ਬੰਦਰਗਾਹ ਤੋਂ ਕਰੀਬ 13 ਸਮੁੰਦਰੀ ਮੀਲ ਦੱਖਣ ਵੱਲ ਹੋਇਆ। ਦਾਅਵਾ ਕੀਤਾ ਗਿਆ ਹੈ ਕਿ ਜਹਾਜ਼ ਨੂੰ ਵਿਸਫੋਟਕਾਂ ਨਾਲ ਲੱਦੀ ਇੱਕ ਕਿਸ਼ਤੀ ਨਾਲ ਨਿਸ਼ਾਨਾ ਬਣਾਇਆ ਗਿਆ, ਜਿਸ ਕਾਰਨ ਉਹ ਸਮੁੰਦਰ ਵਿੱਚ ਡੁੱਬ ਗਿਆ।

**ਹੂਤੀ ਬਾਗੀਆਂ 'ਤੇ ਲੱਗੇ ਦੋਸ਼**

ਐਨਆਰਐੱਫ ਨੇ ਇਸ ਹਮਲੇ ਲਈ ਯਮਨ ਦੇ ਹੂਤੀ ਬਾਗੀ ਗਰੁੱਪ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਹਾਲਾਂਕਿ, ਖ਼ਬਰ ਲਿਖੇ ਜਾਣ ਤੱਕ ਹੂਤੀ ਗਰੁੱਪ ਵੱਲੋਂ ਇਸ ਮਾਮਲੇ 'ਤੇ ਕੋਈ ਅਧਿਕਾਰਤ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ ਸੀ। ਹਮਲਾ ਕਿਸ ਸਮੇਂ ਹੋਇਆ, ਇਸ ਬਾਰੇ ਵੀ ਕੋਈ ਜਾਣਕਾਰੀ ਜਨਤਕ ਨਹੀਂ ਕੀਤੀ ਗਈ। ਹਮਲੇ ਤੋਂ ਤੁਰੰਤ ਬਾਅਦ ਯਮਨ ਦੀ ਤੱਟ ਰੱਖਿਆ ਅਤੇ ਜਲ ਸੈਨਾ ਨੇ ਸਾਂਝਾ ਬਚਾਅ ਅਭਿਆਨ ਸ਼ੁਰੂ ਕੀਤਾ। ਇਸ ਦੌਰਾਨ ਜਹਾਜ਼ 'ਤੇ ਮੌਜੂਦ ਸਾਰੇ 14 ਮੈਂਬਰਾਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਸੁਰੱਖਿਅਤ ਥਾਂ 'ਤੇ ਪਹੁੰਚਾਇਆ ਗਿਆ। ਸਾਰਿਆਂ ਦੀ ਡਾਕਟਰੀ ਜਾਂਚ ਵੀ ਕਰਵਾਈ ਗਈ ਅਤੇ ਕਿਸੇ ਦੇ ਵੀ ਗੰਭੀਰ ਜ਼ਖ਼ਮੀ ਹੋਣ ਦੀ ਸੂਚਨਾ ਨਹੀਂ ਮਿਲੀ।

**ਲਾਲ ਸਾਗਰ 'ਚ ਪਹਿਲਾਂ ਵੀ ਹੋ ਚੁੱਕੇ ਹਨ ਹਮਲੇ**

ਪਿਛਲੇ ਕੁਝ ਮਹੀਨਿਆਂ ਦੌਰਾਨ ਲਾਲ ਸਾਗਰ ਵਿੱਚ ਕਈ ਵਪਾਰਕ ਜਹਾਜ਼ਾਂ 'ਤੇ ਹਮਲੇ ਹੋ ਚੁੱਕੇ ਹਨ। ਪਿਛਲੇ ਮਹੀਨੇ ਵੀ ਇੱਕ ਸਾਊਦੀ ਕੰਪਨੀ ਦੇ ਤੇਲ ਟੈਂਕਰ 'ਤੇ ਹਮਲਾ ਹੋਇਆ ਸੀ, ਜਿਸ ਨਾਲ ਜਹਾਜ਼ ਦੇ ਅਗਲੇ ਹਿੱਸੇ ਵਿੱਚ ਅੱਗ ਲੱਗ ਗਈ ਸੀ। ਉਸ ਘਟਨਾ ਵਿੱਚ ਵੀ ਚਾਲਕ ਦਲ ਸੁਰੱਖਿਅਤ ਰਿਹਾ ਸੀ।

ਬਾਅਦ ਵਿੱਚ ਹੂਤੀ ਗਰੁੱਪ ਨੇ ਸਾਊਦੀ ਅਰਬ ਨਾਲ ਜੁੜੇ ਦੋ ਤੇਲ ਟੈਂਕਰਾਂ 'ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲੇ ਦਾ ਦਾਅਵਾ ਕੀਤਾ ਸੀ ਅਤੇ ਅਜਿਹੇ ਜਹਾਜ਼ਾਂ 'ਤੇ ਸਮੁੰਦਰੀ ਪਾਬੰਦੀ ਲਗਾਉਣ ਦਾ ਐਲਾਨ ਵੀ ਕੀਤਾ ਸੀ।




# ਰਨਵੇਅ ਨੇੜੇ ਮਿਲਿਆ ਵਿਸਫੋਟਕਾਂ ਨਾਲ ਲੈਸ ਡਰੋਨ, ਕੀ ਕਿਸੇ ਵੱਡੀ ਤਬਾਹੀ ਦੀ ਯੋਜਨਾ ਬਣਾਈ ਜਾ ਰਹੀ ਸੀ?



ਜਰਮਨੀ ਦੇ ਲਾਈਪਜ਼ਿਗ-ਹੈਲੇ ਹਵਾਈ ਅੱਡੇ 'ਤੇ ਉਸ ਸਮੇਂ ਹਫੜਾ-ਦਫੜੀ ਮੱਚ ਗਈ ਜਦੋਂ ਰਨਵੇਅ ਨੇੜੇ ਵਿਸਫੋਟਕਾਂ ਨਾਲ ਲੈਸ ਇੱਕ ਡਰੋਨ ਮਿਲਿਆ ਹੈ। ਪੁਲਿਸ ਅਤੇ ਬੰਬ ਨਿਰੋਧਕ ਦਸਤੇ ਨੇ ਤੁਰੰਤ ਕਾਰਵਾਈ ਕਰਦਿਆਂ ਇੱਕ ਰੋਬੋਟ ਦੀ ਮਦਦ ਨਾਲ ਡਰੋਨ ਦੇ ਡੈਟੋਨੇਟਰ ਨੂੰ ਸੁਰੱਖਿਅਤ ਢੰਗ ਨਾਲ ਹਟਾ ਦਿੱਤਾ। ਇਸ ਘਟਨਾ ਤੋਂ ਬਾਅਦ ਦੋਵੇਂ ਰਨਵੇ ਬੰਦ ਕਰ ਦਿੱਤੇ ਗਏ, ਕਈ ਉਡਾਨਾਂ ਦਾ ਰਸਤਾ ਬਦਲ ਦਿੱਤਾ ਗਿਆ ਅਤੇ ਪੂਰੇ ਹਵਾਈ ਅੱਡੇ 'ਤੇ ਸੁਰੱਖਿਆ ਵਧਾ ਦਿੱਤੀ ਗਈ। ਜਾਂਚ ਏਜੰਸੀਆਂ ਹੁਣ ਇਹ ਪਤਾ ਲਗਾਉਣ ਲਈ ਕੰਮ ਕਰ ਰਹੀਆਂ ਹਨ ਕਿ ਡਰੋਨ ਨੂੰ ਉੱਥੇ ਕਿਸ ਮਕਸਦ ਲਈ ਲਿਆਂਦਾ ਗਿਆ ਸੀ।

ਇਹ ਘਟਨਾ ਮੰਗਲਵਾਰ ਦੇਰ ਰਾਤ ਵਾਪਰੀ। ਹਵਾਈ ਅੱਡੇ ਦੇ ਦੱਖਣੀ ਰਨਵੇਅ ਨੇੜੇ ਇੱਕ ਸ਼ੱਕੀ ਡਰੋਨ ਦੇਖਿਆ ਗਿਆ। ਜਾਂਚ ਕਰਨ 'ਤੇ ਪਤਾ ਲੱਗਾ ਕਿ ਇਹ ਵਿਸਫੋਟਕ ਸਮੱਗਰੀ ਅਤੇ ਡੈਟੋਨੇਟਰ ਨਾਲ ਲੈਸ ਸੀ। ਸੂਚਨਾ ਮਿਲਦਿਆਂ ਹੀ ਪੁਲਿਸ, ਬੰਬ ਨਿਰੋਧਕ ਦਸਤਾ ਅਤੇ ਹੋਰ ਸੁਰੱਖਿਆ ਏਜੰਸੀਆਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ ਅਤੇ ਪੂਰੇ ਇਲਾਕੇ ਨੂੰ ਖਾਲੀ ਕਰਵਾ ਲਿਆ ਗਿਆ।

ਇਸ ਤੋਂ ਬਾਅਦ, ਬੰਬ ਨਕਾਰਾ ਕਰਨ ਵਾਲੇ ਇੱਕ ਵਿਸ਼ੇਸ਼ ਰੋਬੋਟ ਦੀ ਮਦਦ ਨਾਲ ਡਰੋਨ ਦੇ ਡੈਟੋਨੇਟਰ ਨੂੰ ਸੁਰੱਖਿਅਤ ਢੰਗ ਨਾਲ ਹਟਾ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਮੇਂ ਸਿਰ ਕੀਤੀ ਗਈ ਕਾਰਵਾਈ ਨਾਲ ਇੱਕ ਵੱਡੀ ਘਟਨਾ ਟਲ ਗਈ ਹੈ। ਡਰੋਨ ਨੂੰ ਹੁਣ ਫੋਰੈਂਸਿਕ ਜਾਂਚ ਲਈ ਭੇਜ ਦਿੱਤਾ ਗਿਆ ਹੈ।

ਘਟਨਾ ਦੇ ਦੌਰਾਨ, DHL ਦਾ ਇੱਕ ਕਾਰਗੋ ਜਹਾਜ਼ ਲਾਈਪਜ਼ਿਗ ਹਵਾਈ ਅੱਡੇ 'ਤੇ ਉਤਰਨ ਦੀ ਤਿਆਰੀ ਕਰ ਰਿਹਾ ਸੀ। ਹਾਲਾਂਕਿ, ਰਨਵੇਅ 'ਤੇ ਕਿਸੇ ਖ਼ਤਰੇ ਬਾਰੇ ਜਾਣਕਾਰੀ ਮਿਲਣ 'ਤੇ ਪਾਇਲਟ ਨੇ ਉਤਰਨ ਦੀ ਪ੍ਰਕਿਰਿਆ ਰੋਕ ਦਿੱਤੀ। ਇਸ ਤੋਂ ਬਾਅਦ, ਜਦੋਂ ਜਹਾਜ਼ ਹਵਾ ਵਿੱਚ ਚੱਕਰ ਲਗਾ ਰਿਹਾ ਸੀ, ਤਾਂ ਇਹ ਇੱਕ ਹੋਰ ਉੱਡਦੀ ਹੋਈ ਵਸਤੂ ਨਾਲ ਟਕਰਾ ਗਿਆ। ਇਸ ਟੱਕਰ ਕਾਰਨ ਜਹਾਜ਼ ਦੇ ਅਗਲੇ ਹਿੱਸੇ ਨੂੰ ਮਾਮੂਲੀ ਨੁਕਸਾਨ ਪਹੁੰਚਿਆ ਹੈ।

ਹਾਲਾਂਕਿ, ਸੂਝ-ਬੂਝ ਦਾ ਪ੍ਰਗਟਾਵਾ ਕਰਦਿਆਂ ਪਾਇਲਟ ਨੇ ਜਹਾਜ਼ ਨੂੰ ਲਗਭਗ 200 ਕਿਲੋਮੀਟਰ ਦੂਰ ਸਥਿਤ ਹੈਨੋਵਰ ਹਵਾਈ ਅੱਡੇ 'ਤੇ ਸੁਰੱਖਿਅਤ ਢੰਗ ਨਾਲ ਉਤਾਰ ਲਿਆ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਅਧਿਕਾਰੀ ਹੁਣ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਜਹਾਜ਼ ਨਾਲ ਟਕਰਾਉਣ ਵਾਲੀ ਉਹ ਚੀਜ਼ ਕੀ ਸੀ।









# US ਨੇ ਵੀਜ਼ਾ ਬਾਂਡ ਨੀਤੀ ਨੂੰ ਦਿੱਤੀ ਸਥਾਈ ਮਨਜ਼ੂਰੀ, ਇਹਨਾਂ ਦੇਸ਼ਾਂ ਦੇ ਲੋਕਾਂ ਨੂੰ ਜਮ੍ਹਾਂ ਕਰਵਾਉਣੀ ਪਵੇਗੀ ਮੋਟੀ ਰਕਮ



ਵਾਸ਼ਿੰਗਟਨ: ਅਮਰੀਕੀ ਵਿਦੇਸ਼ ਵਿਭਾਗ ਨੇ ਵੀਜ਼ਾ ਬਾਂਡ ਪ੍ਰੋਗਰਾਮ ਨੂੰ ਪਾਇਲਟ ਯੋਜਨਾ ਵਜੋਂ ਚਲਾਉਣ ਤੋਂ ਬਾਅਦ ਹੁਣ ਇਸ ਨੂੰ ਸਥਾਈ ਤੌਰ 'ਤੇ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਇਹ ਨੀਤੀ ਮੁੱਖ ਤੌਰ 'ਤੇ ਅਫ਼ਰੀਕਾ ਦੇ 50 ਦੇਸ਼ਾਂ ਦੇ ਨਾਲ-ਨਾਲ ਬੰਗਲਾਦੇਸ਼, ਨੇਪਾਲ ਅਤੇ ਭੂਟਾਨ ਦੇ ਨਾਗਰਿਕਾਂ 'ਤੇ ਲਾਗੂ ਹੋਵੇਗੀ। ਫਿਲਹਾਲ ਇਸ ਸੂਚੀ ਵਿੱਚ ਭਾਰਤ ਸ਼ਾਮਲ ਨਹੀਂ ਹੈ। ਨਵੇਂ ਨਿਯਮ ਤਹਿਤ ਵੀਜ਼ਾ ਲਈ ਅਰਜ਼ੀ ਦੇਣ ਵਾਲਿਆਂ ਤੋਂ 20 ਹਜ਼ਾਰ ਅਮਰੀਕੀ ਡਾਲਰ ਤੱਕ ਦਾ ਬਾਂਡ ਜਮ੍ਹਾਂ ਕਰਵਾਉਣ ਲਈ ਕਿਹਾ ਜਾ ਸਕਦਾ ਹੈ।

### ਪਾਇਲਟ ਪ੍ਰੋਗਰਾਮ ਨੂੰ ਮਿਲੀ ਸਫ਼ਲਤਾ ਤੋਂ ਬਾਅਦ ਲਿਆ ਫੈਸਲਾ

ਫੈਡਰਲ ਰਜਿਸਟਰ ਵਿੱਚ ਜਾਰੀ ਨੋਟਿਸ ਮੁਤਾਬਕ ਇੱਕ ਸਾਲ ਦੀ ਸਮੀਖਿਆ ਦੌਰਾਨ ਪਤਾ ਲੱਗਿਆ ਕਿ ਇਹ ਪ੍ਰੋਗਰਾਮ ਵੀਜ਼ਾ ਧਾਰਕਾਂ ਨੂੰ ਆਪਣੇ ਵੀਜ਼ਾ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਲਈ ਪ੍ਰਭਾਵਸ਼ਾਲੀ ਸਾਬਤ ਹੋਇਆ। ਇਹ ਨਿਯਮ ਸੋਮਵਾਰ ਤੋਂ ਲਾਗੂ ਹੋਵੇਗਾ ਅਤੇ ਭਵਿੱਖ ਵਿੱਚ ਹੋਰ ਦੇਸ਼ਾਂ ਨੂੰ ਵੀ ਇਸ ਸੂਚੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਇਹ ਨਿਯਮ B-1 ਅਤੇ B-2 ਵੀਜ਼ਾ 'ਤੇ ਲਾਗੂ ਹੋਵੇਗਾ, ਜੋ ਕਾਰੋਬਾਰ ਅਤੇ ਸੈਰ-ਸਪਾਟੇ ਲਈ ਜਾਰੀ ਕੀਤੇ ਜਾਂਦੇ ਹਨ।

### 20 ਹਜ਼ਾਰ ਡਾਲਰ ਤੱਕ ਦਾ ਬਾਂਡ ਹੋ ਸਕਦਾ ਹੈ ਲਾਜ਼ਮੀ

ਨੋਟਿਸ ਵਿੱਚ ਕਿਹਾ ਗਿਆ ਹੈ ਕਿ ਕੌਂਸਲਰ ਅਧਿਕਾਰੀ ਗੈਰ-ਪ੍ਰਵਾਸੀ ਵੀਜ਼ਾ ਜਾਰੀ ਕਰਨ ਦੀ ਸ਼ਰਤ ਵਜੋਂ ਅਰਜ਼ੀਕਾਰਾਂ ਤੋਂ 20 ਹਜ਼ਾਰ ਡਾਲਰ ਤੱਕ ਦਾ ਬਾਂਡ ਮੰਗ ਸਕਦੇ ਹਨ। ਇਸ ਤੋਂ ਪਹਿਲਾਂ ਪਾਇਲਟ ਪ੍ਰੋਗਰਾਮ ਤਹਿਤ 5 ਹਜ਼ਾਰ, 10 ਹਜ਼ਾਰ ਜਾਂ 15 ਹਜ਼ਾਰ ਡਾਲਰ ਤੱਕ ਦਾ ਬਾਂਡ ਲਿਆ ਜਾਂਦਾ ਸੀ। ਹੁਣ 5 ਹਜ਼ਾਰ ਡਾਲਰ ਵਾਲਾ ਵਿਕਲਪ ਹਟਾ ਦਿੱਤਾ ਗਿਆ ਹੈ ਅਤੇ ਵੱਧ ਤੋਂ ਵੱਧ ਰਕਮ 20 ਹਜ਼ਾਰ ਡਾਲਰ ਕਰ ਦਿੱਤੀ ਗਈ ਹੈ।

### ਓਵਰਸਟੇਅ ਰੋਕਣਾ ਹੈ ਮਕਸਦ

ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਨੀਤੀ ਦਾ ਉਦੇਸ਼ ਵੀਜ਼ਾ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਅਮਰੀਕਾ ਵਿੱਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਘਟਾਉਣਾ ਹੈ। ਹਾਲਾਂਕਿ ਇਮੀਗ੍ਰੇਸ਼ਨ ਦੇ ਹੱਕ ਵਿੱਚ ਕੰਮ ਕਰਨ ਵਾਲੇ ਗਰੁੱਪਾਂ ਦਾ ਕਹਿਣਾ ਹੈ ਕਿ ਇਸ ਨਾਲ ਕਾਨੂੰਨੀ ਤੌਰ 'ਤੇ ਅਮਰੀਕਾ ਜਾਣ ਵਾਲੇ ਯਾਤਰੀ ਵੀ ਪ੍ਰਭਾਵਿਤ ਹੋ ਸਕਦੇ ਹਨ। ਨਾਗਰਿਕ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦਾ ਦਾਅਵਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨਾਲ ਬੋਲਣ ਦੀ ਆਜ਼ਾਦੀ ਅਤੇ ਕਾਨੂੰਨੀ ਪ੍ਰਕਿਰਿਆ ਪ੍ਰਭਾਵਿਤ ਹੋ ਸਕਦੀ ਹੈ, ਨਾਲ ਹੀ ਨਸਲੀ ਭੇਦਭਾਵ ਦਾ ਖ਼ਤਰਾ ਵੀ ਵੱਧ ਸਕਦਾ ਹੈ। ਦੂਜੇ ਪਾਸੇ ਟਰੰਪ ਦਾ ਕਹਿਣਾ ਹੈ ਕਿ ਇਹ ਕਦਮ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਲਾਜ਼ਮੀ ਹਨ। ਆਲੋਚਕਾਂ ਦਾ ਇਹ ਵੀ ਦਾਅਵਾ ਹੈ ਕਿ ਪ੍ਰਸ਼ਾਸਨ ਨੇ ਕੁਝ ਵੀਜ਼ਾ ਸ਼੍ਰੇਣੀਆਂ ਵਿੱਚ ਵੱਧ ਫ਼ੀਸ ਅਤੇ ਸੋਸ਼ਲ ਮੀਡੀਆ ਜਾਂਚ ਵਰਗੇ ਕਦਮਾਂ ਨਾਲ ਕਾਨੂੰਨੀ ਇਮੀਗ੍ਰੇਸ਼ਨ ਨੂੰ ਵੀ ਹੋਰ ਮੁਸ਼ਕਲ ਬਣਾ ਦਿੱਤਾ ਹੈ।

# ਹਵਾ 'ਚ ਖਿਡੌਣੇ ਵਾਂਗ ਡੋਲਦਾ ਰਿਹਾ ਏਅਰ ਇੰਡੀਆਂ ਦਾ ਜਹਾਜ਼ ਕਈ ਯਾਤਰੀ ਜ਼ਖ਼ਮੀ; ਟਰਬੂਲੈਂਸ ਤੋਂ ਬਾਅਦ ਸੁਣਾਈ ਖੌਫ਼ਨਾਕ ਆਪਬੀਤੀ



ਨਵੀਂ ਦਿੱਲੀ: ਭਿਆਨਕ ਟਰਬੂਲੈਂਸ ਦਾ ਸ਼ਿਕਾਰ ਹੋਏ ਏਅਰ ਇੰਡੀਆਂ ਜਹਾਜ਼ ਦੇ ਸੁਰੱਖਿਅਤ ਲੈਂਡ ਹੋਣ ਤੋਂ ਬਾਅਦ ਯਾਤਰੀਆਂ ਨੇ ਆਪਣੇ ਡਰਾਉਣੇ ਤਜਰਬੇ ਸਾਂਝੇ ਕੀਤੇ। ਦਿੱਲੀ ਦੇ ੀਘੀ ਹਵਾਈ ਅੱਡੇ 'ਤੇ ਵ੍ਹੀਲਚੇਅਰ ਰਾਹੀਂ ਬਾਹਰ ਲਿਆਂਦੇ ਗਏ ਇੱਕ ਬਜ਼ੁਰਗ ਯਾਤਰੀ ਨੇ ਕਿਹਾ ਕਿ ਅਚਾਨਕ ਜਹਾਜ਼ ਖਿਡੌਣੇ ਵਾਂਗ ਹਵਾ ਵਿੱਚ ਡੋਲਣ ਲੱਗ ਪਿਆ ਅਤੇ ਲਗਭਗ ਦੋ ਤੋਂ ਤਿੰਨ ਮਿੰਟ ਤੱਕ ਇਹ ਸਮਝ ਨਹੀਂ ਆ ਰਿਹਾ ਸੀ ਕਿ ਉਹ ਜ਼ਿੰਦਾ ਬਚਣਗੇ ਜਾਂ ਨਹੀਂ। ਉਨ੍ਹਾਂ ਕਿਹਾ ਕਿ ਜ਼ਿੰਦਗੀ ਵਿੱਚ ਬਹੁਤ ਸਫ਼ਰ ਕੀਤੇ ਹਨ, ਪਰ ਅਜਿਹਾ ਡਰਾਉਣਾ ਮੰਜ਼ਰ ਪਹਿਲਾਂ ਕਦੇ ਨਹੀਂ ਦੇਖਿਆ।

ਯਾਤਰੀਆਂ ਮੁਤਾਬਕ ਸਵੇਰ ਦਾ ਸਮਾਂ ਹੋਣ ਕਾਰਨ ਕਈ ਲੋਕ ਸੌਂ ਰਹੇ ਸਨ ਕਿ ਅਚਾਨਕ ਜਹਾਜ਼ ਨੂੰ ਜ਼ੋਰਦਾਰ ਝਟਕੇ ਲੱਗਣੇ ਸ਼ੁਰੂ ਹੋ ਗਏ। ਜਿਨ੍ਹਾਂ ਨੇ ਸੀਟ ਬੈਲਟ ਨਹੀਂ ਬੰਨ੍ਹੀ ਹੋਈ ਸੀ, ਉਹ ਆਪਣੀਆਂ ਸੀਟਾਂ ਤੋਂ ਉੱਛਲ ਕੇ ਜਹਾਜ਼ ਦੀ ਛੱਤ ਨਾਲ ਜਾ ਵੱਜੇ। ਸਭ ਕੁਝ ਇੰਨਾ ਤੇਜ਼ੀ ਨਾਲ ਹੋਇਆ ਕਿ ਕਿਸੇ ਨੂੰ ਸੰਭਲਣ ਦਾ ਮੌਕਾ ਨਹੀਂ ਮਿਲਿਆ।

### ਛੱਤ ਦੇ ਪੈਨਲ ਟੁੱਟੇ, ਕਈ ਯਾਤਰੀ ਜ਼ਖ਼ਮੀ

ਯਾਤਰੀਆਂ ਨੇ ਦੱਸਿਆ ਕਿ ਝਟਕੇ ਇੰਨੇ ਤੇਜ਼ ਸਨ ਕਿ ਕੈਬਿਨ ਦੇ ਸੀਲਿੰਗ ਪੈਨਲ ਤੱਕ ਟੁੱਟ ਗਏ। ਮੋਬਾਈਲ ਫੋਨ, ਬੈਗ ਅਤੇ ਖਾਣੇ ਦੀਆਂ ਟਰੇਆਂ ਹਵਾ ਵਿੱਚ ਉੱਛਲ ਕੇ ਗਲਿਆਰੇ ਵਿੱਚ ਡਿੱਗ ਗਈਆਂ। ਇਸ ਦੌਰਾਨ ਕਈ ਲੋਕਾਂ ਦੇ ਸਿਰ, ਗਰਦਨ ਅਤੇ ਮੋਢਿਆਂ 'ਤੇ ਸੱਟਾਂ ਲੱਗੀਆਂ। ਅਚਾਨਕ ਉਚਾਈ ਵਿੱਚ ਆਈ ਕਮੀ ਕਾਰਨ ਕੈਬਿਨ ਪ੍ਰੈਸ਼ਰ ਵੀ ਤੇਜ਼ੀ ਨਾਲ ਬਦਲਿਆ, ਜਿਸ ਨਾਲ ਕੁਝ ਯਾਤਰੀਆਂ ਦੇ ਕੰਨਾਂ ਵਿੱਚ ਤੇਜ਼ ਦਰਦ ਹੋਇਆ, ਕੁਝ ਦੇ ਕੰਨਾਂ ਵਿੱਚੋਂ ਖ਼ੂਨ ਨਿਕਲਿਆ ਅਤੇ ਕੁਝ ਨੂੰ ਸੁਣਨ ਵਿੱਚ ਦਿੱਕਤ ਆਈ। ਸਦਮੇ ਅਤੇ ਸੱਟਾਂ ਕਾਰਨ ਕੁਝ ਯਾਤਰੀ ਬੇਹੋਸ਼ ਵੀ ਹੋ ਗਏ।

### ਵਿਦੇਸ਼ੀ ਯਾਤਰੀ ਨੇ ਵੀ ਬਿਆਨ ਕੀਤਾ ਡਰ

ਇਸੇ ਉਡਾਣ ਵਿੱਚ ਆਪਣੀ ਮਾਂ ਅਤੇ ਭੈਣ ਨਾਲ ਸਫ਼ਰ ਕਰ ਰਹੀ ਇਟਲੀ ਦੀ ਇੱਕ ਮਹਿਲਾ ਯਾਤਰੀ ਨੇ ਦੱਸਿਆ ਕਿ ਉਡਾਣ ਦੌਰਾਨ ਸਭ ਕੁਝ ਆਮ ਸੀ, ਪਰ ਅਚਾਨਕ ਜਹਾਜ਼ ਨੂੰ ਜ਼ੋਰਦਾਰ ਝਟਕੇ ਲੱਗਣੇ ਸ਼ੁਰੂ ਹੋ ਗਏ। ਉਸ ਨੇ ਦੱਸਿਆ ਕਿ ਉਸ ਦੀ ਭੈਣ ਸੀਟ ਤੋਂ ਉੱਛਲ ਕੇ ਛੱਤ ਨਾਲ ਟਕਰਾ ਗਈ, ਜਦਕਿ ਮਾਂ ਦੇ ਸਿਰ 'ਤੇ ਸੱਟ ਲੱਗੀ। ਉਸ ਦਾ ਫੋਨ ਵੀ ਹੱਥੋਂ ਛੁੱਟ ਕੇ ਦੂਰ ਜਾ ਡਿੱਗਿਆ। ਉਸ ਦੇ ਪਿੱਛੇ ਬੈਠੇ ਯਾਤਰੀ ਦਾ ਚਿਹਰਾ ਖ਼ੂਨ ਨਾਲ ਲੱਥਪੱਥ ਸੀ ਅਤੇ ਹਰ ਪਾਸੇ ਚੀਕਾਂ ਸੁਣਾਈ ਦੇ ਰਹੀਆਂ ਸਨ।

### ਐਮਰਜੈਂਸੀ ਲੈਂਡਿੰਗ 'ਤੇ ਚੁੱਕੇ ਸਵਾਲ

ਇੱਕ ਹੋਰ ਯਾਤਰੀ ਨੇ ਦਾਅਵਾ ਕੀਤਾ ਕਿ ਘਟਨਾ ਦੌਰਾਨ ਪਾਇਲਟ ਵਾਰ-ਵਾਰ ਪੰਜ ਮਿੰਟ ਵਿੱਚ ਲੈਂਡਿੰਗ ਦੀ ਗੱਲ ਕਰਦਾ ਰਿਹਾ, ਪਰ ਲੈਂਡਿੰਗ ਵਿੱਚ ਕਾਫ਼ੀ ਸਮਾਂ ਲੱਗ ਗਿਆ। ਉਸ ਨੇ ਕਿਹਾ ਕਿ ਇਸ ਦੌਰਾਨ ਇੱਕ ਬੱਚਾ ਆਪਣੀ ਸੀਟ ਤੋਂ ਉੱਛਲ ਕੇ ਕਈ ਕਤਾਰਾਂ ਅੱਗੇ ਜਾ ਡਿੱਗਿਆ। ਯਾਤਰੀ ਨੇ ਸਵਾਲ ਚੁੱਕਿਆ ਕਿ ਟਰਬੂਲੈਂਸ ਤੋਂ ਤੁਰੰਤ ਬਾਅਦ ਐਮਰਜੈਂਸੀ ਲੈਂਡਿੰਗ ਕਿਉਂ ਨਹੀਂ ਕਰਵਾਈ ਗਈ ਅਤੇ ਕਿਹਾ ਕਿ ਉਹ ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਕਰਨ ਬਾਰੇ ਸੋਚ ਰਹੇ ਹਨ।

LEGAL SERVICES & IMMIGRATION MATTERS
ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter

THE SOLUTION YOU NEED CALL US: 519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨਿਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa

Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
Roku
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਚੋਣਾਂ ਤੋਂ ਪਹਿਲਾਂ ਕਾਂਗਰਸ 'ਚ ਨਵਾਂ ਵਿਵਾਦ, ਚੰਨੀ ਦੇ ਹੱਕ 'ਚ ਥਾਂ-ਥਾਂ ਲੱਗੇ ਪੋਸਟਰ




ਪੰਜਾਬ ਵਿੱਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਅੰਦਰ ਲੀਡਰਸ਼ਿਪ ਨੂੰ ਲੈ ਕੇ ਸਿਆਸੀ ਸਰਗਰਮੀਆਂ ਵਧਦੀਆਂ ਨਜ਼ਰ ਆ ਰਹੀਆਂ ਹਨ। ਇਸੇ ਦੌਰਾਨ ਮੋਗਾ ਵਿੱਚ ਲੱਗੇ ਕੁਝ ਪੋਸਟਰਾਂ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਪੋਸਟਰਾਂ 'ਤੇ 'ਰਾਜਾ-ਬਘੇਲ ਹਟਾਓ, ਪੰਜਾਬ ਕਾਂਗਰਸ ਬਚਾਓ' ਅਤੇ 'ਚੰਨੀ ਲਿਆਓ, ਪੰਜਾਬ ਬਚਾਓ' ਵਰਗੇ ਨਾਅਰੇ ਲਿਖੇ ਹੋਏ ਹਨ।

**ਪੋਸਟਰ ਲਗਾਉਣ ਵਾਲਿਆਂ ਬਾਰੇ ਸਸਪੈਂਸ**

ਇਨ੍ਹਾਂ ਪੋਸਟਰਾਂ ਦੇ ਸਾਹਮਣੇ ਆਉਣ ਤੋਂ ਬਾਅਦ ਸਿਆਸੀ ਗਲਿਆਰਿਆਂ ਵਿੱਚ ਕਈ ਤਰ੍ਹਾਂ ਦੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਹਨ। ਹਾਲਾਂਕਿ ਅਜੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਹ ਪੋਸਟਰ ਕਿਸ ਵਿਅਕਤੀ ਜਾਂ ਸੰਗਠਨ ਵੱਲੋਂ ਲਗਾਏ ਗਏ ਹਨ। ਨਾ ਹੀ ਕਿਸੇ ਰਾਜਨੀਤਿਕ ਪਾਰਟੀ ਅਤੇ ਨਾ ਹੀ ਕਿਸੇ ਆਗੂ ਨੇ ਇਨ੍ਹਾਂ ਦੀ ਜ਼ਿੰਮੇਵਾਰੀ ਲਈ ਹੈ।

**ਸੋਸ਼ਲ ਮੀਡੀਆ 'ਤੇ ਵੀ ਛਿੜੀ ਚਰਚਾ**

ਮੋਗਾ ਵਿੱਚ ਲੱਗੇ ਇਨ੍ਹਾਂ ਪੋਸਟਰਾਂ ਦੀ ਚਰਚਾ ਹੁਣ ਸੋਸ਼ਲ ਮੀਡੀਆ ਤੱਕ ਵੀ ਪਹੁੰਚ ਗਈ ਹੈ। ਕਈ ਲੋਕ ਇਨ੍ਹਾਂ ਨੂੰ ਪੰਜਾਬ ਕਾਂਗਰਸ ਵਿੱਚ ਸੰਭਾਵਿਤ ਸਿਆਸੀ ਤਬਦੀਲੀਆਂ ਨਾਲ ਜੋੜ ਕੇ ਦੇਖ ਰਹੇ ਹਨ। ਹਾਲਾਂਕਿ ਪੋਸਟਰਾਂ ਦਾ ਅਸਲ ਮਕਸਦ ਅਤੇ ਇਨ੍ਹਾਂ ਦੇ ਪਿੱਛੇ ਕੌਣ ਹੈ, ਇਸ ਬਾਰੇ ਅਜੇ ਕੋਈ ਅਧਿਕਾਰਤ ਜਾਣਕਾਰੀ ਸਾਹਮਣੇ ਨਹੀਂ ਆਈ।

**ਚੰਨੀ ਦੇ ਰੁਖ ਨੇ ਵਧਾਈ ਸਿਆਸੀ ਚਰਚਾ**

ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਚੋਣਾਂ ਤੋਂ ਪਹਿਲਾਂ ਆਪਣੇ ਵੱਖਰੇ ਰੁਖ ਕਾਰਨ ਲਗਾਤਾਰ ਚਰਚਾ ਵਿੱਚ ਹਨ। ਉਨ੍ਹਾਂ ਦੀ ਸਿਆਸੀ ਟੱਕਰ ਹੁਣ ਸਿਰਫ਼ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੱਕ ਸੀਮਿਤ ਨਹੀਂ ਰਹੀ, ਸਗੋਂ ਪਾਰਟੀ ਹਾਈਕਮਾਨ ਨਾਲ ਵੀ ਮਤਭੇਦ ਸਾਹਮਣੇ ਆਏ ਹਨ। ਉਹ ਹਾਈਕਮਾਨ ਵੱਲੋਂ ਨਿਯੁਕਤ AICC ਇੰਚਾਰਜ ਭੂਪੇਸ਼ ਬਘੇਲ ਦਾ ਬਾਈਕਾਟ ਵੀ ਕਰ ਚੁੱਕੇ ਹਨ।

**ਵੜਿੰਗ ਦੇ ਪ੍ਰੋਗਰਾਮਾਂ 'ਚ ਵੀ ਲੱਗੇ ਚੰਨੀ ਦੇ ਹੱਕ 'ਚ ਨਾਅਰੇ**

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਹੋਣ ਵਾਲੇ ਕੁਝ ਪ੍ਰੋਗਰਾਮਾਂ ਦੌਰਾਨ ਵੀ ਚੰਨੀ ਦੇ ਸਮਰਥਨ ਵਿੱਚ ਨਾਅਰੇਬਾਜ਼ੀ ਹੋਈ ਹੈ। ਇਸ ਸਭ ਦੇ ਬਾਵਜੂਦ ਪਾਰਟੀ ਹਾਈਕਮਾਨ ਨੇ ਸਪੱਸ਼ਟ ਕੀਤਾ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ। ਭੂਪੇਸ਼ ਬਘੇਲ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਪਾਰਟੀ ਸਮੂਹਿਕ ਲੀਡਰਸ਼ਿਪ ਹੇਠ ਅਤੇ ਰਾਹੁਲ ਗਾਂਧੀ ਦੇ ਚਿਹਰੇ 'ਤੇ ਚੋਣ ਮੈਦਾਨ ਵਿੱਚ ਉਤਰੇਗੀ।

# ਸਦਨ 'ਚ ਰੁਜ਼ਗਾਰ ਸਬੰਧੀ ਮਤਾ ਸਰਬਸੰਮਤੀ ਨਾਲ ਪਾਸ; ਕਾਰਵਾਈ ਮੁਲਤਵੀ



ਸਦਨ ਦੀ ਕਾਰਵਾਈ ਦੁਬਾਰਾ ਸ਼ੁਰੂ ਹੋਣ 'ਤੇ, ਵਿੱਤ ਮੰਤਰੀ ਹਰਪਾਲ ਚੀਮਾ ਨੇ ਸਪੱਸ਼ਟ ਕੀਤਾ ਕਿ ਅਕਾਲ ਤਖ਼ਤ ਸਰਵਉੱਚ ਹੈ ਅਤੇ ਸਰਕਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ' ਵਿੱਚ ਤਬਦੀਲੀਆਂ ਕਰਨ ਦੇ ਮਾਮਲੇ 'ਤੇ ਅਕਾਲ ਤਖ਼ਤ ਦੇ ਜਥੇਦਾਰ ਦੇ ਨਿਰਦੇਸ਼ਾਂ ਦੀ ਪਾਲਣਾ ਕਰ ਰਹੀ ਹੈ।

ਇਸ ਤੋਂ ਪਹਿਲਾਂ ਸਦਨ ਵਿੱਚ ਅਕਾਲੀ ਵਿਧਾਇਕਾ ਗਨੀਵ ਕੌਰ ਮਜੀਠੀਆ ਵੱਲੋਂ ਬੇਅਦਬੀ ਵਿਰੁੱਧ ਐਕਟ ਵਿੱਚ ਸੋਧ ਦਾ ਮੁੱਦਾ ਚੁੱਕਣ ਮਗਰੋਂ ਭਾਰੀ ਹੰਗਾਮਾ ਹੋ ਗਿਆ। ਗਨੀਵ ਕੌਰ ਦੀ ਹਮਾਇਤ ਵਿੱਚ ਕਾਂਗਰਸੀ ਐੱਮ.ਐੱਲ.ਏ. ਵੀ ਕੁੱਦ ਪਏ ਅਤੇ ਵਿਧਾਇਕਾਂ ਵੱਲੋਂ ਸਪੀਕਰ ਦੇ ਵੈੱਲ ਵਿੱਚ ਨਾਅਰੇਬਾਜ਼ੀ ਕੀਤੀ ਗਈ। ਸਮੁੱਚੀ ਵਿਰੋਧੀ ਧਿਰ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਦੇ ਮਾਮਲੇ 'ਤੇ ਇਕਜੁੱਟ ਨਜ਼ਰ ਆਈ, ਜਿਸ ਤੋਂ ਬਾਅਦ ਹਾਕਮ ਧਿਰ ਨੇ ਵੀ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਹਾਲਾਤ ਨੂੰ ਵੇਖਦਿਆਂ ਸਪੀਕਰ ਵੱਲੋਂ ਸਦਨ ਦੀ ਕਾਰਵਾਈ 8 ਮਿੰਟ ਲਈ ਮੁਲਤਵੀ ਕਰ ਦਿੱਤੀ ਗਈ।

ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੇ ਤੀਜੇ ਦਿਨ ਵੀ ਸਦਨ ਵਿੱਚ ਹੰਗਾਮਾ ਦੇਖਣ ਨੂੰ ਮਿਲਿਆ। ਸੈਸ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਹੀ ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਦੇ ਬਾਹਰ ਵਿਰੋਧ ਪ੍ਰਦਰਸ਼ਨ ਕਰਦਿਆਂ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੇ ਤੀਜੇ ਦਿਨ ਮੁੜ ਤੋਂ ਕਾਂਗਰਸੀ ਵਿਧਾਇਕ ਕਾਲੇ ਪਰਨੇ ਪਾ ਕੇ ਵਿਧਾਨ ਸਭਾ ਪਹੁੰਚੇ। ਇਸ ਮੌਕੇ ਵਿਰੋਧੀ ਧਿਰ ਤੇ ਆਗੂ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਸਮੁੱਚੇ ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਦੇ ਬਾਹਰ ਨਾਅਰੇਬਾਜ਼ੀ ਕੀਤੀ ਅਤੇ ਮੁੱਖ ਮੰਤਰੀ ਬਾਈਕਾਟ ਦੀ ਤਖਤੀਆਂ ਹੱਥ ਵਿੱਚ ਲੈ ਕੇ ਸੂਬਾ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ। ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਹੋਰ ਕਾਂਗਰਸੀ ਵਿਧਾਇਕ ਵਿਧਾਨ ਸਭਾ ਵਿੱਚ 15 ਮਿੰਟ ਨਾਅਰੇਬਾਜ਼ੀ ਕਰਨ ਤੋਂ ਬਾਅਦ ਬਾਹਰ ਚਲੇ ਗਏ। ਇਸ ਦੌਰਾਨ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵਿਧਾਨ ਸਭਾ ਹਲਕਾ ਜੀਰਾ ਦੇ ਵਿਧਾਇਕ ਨਰੇਸ਼ ਪੁਰੀ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਜੀਰਾ ਵਿੱਚ 10 ਆਮ ਆਦਮੀ ਕਲੀਨਿਕ ਚੱਲ ਰਹੇ ਹਨ, ਜਦਕਿ ਲੋੜ ਪੈਣ 'ਤੇ ਇਨ੍ਹਾਂ ਵਿੱਚ ਹੋਰ ਵਾਧਾ ਕੀਤਾ ਜਾਵੇਗਾ।

## ਕਾਂਗਰਸੀ ਵਿਧਾਇਕਾਂ ਵੱਲੋਂ ਪੇਪਰ ਲੀਕ ਮਾਮਲੇ 'ਤੇ ਸਰਕਾਰ ਦੀ ਘੇਰਾਬੰਦੀ:

# ਵਿਧਾਨ ਸਭਾ ਬਾਹਰ ਕੀਤੀ ਨਾਅਰੇਬਾਜ਼ੀ




ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਹੋਰਨਾਂ ਕਾਂਗਰਸੀ ਵਿਧਾਇਕਾਂ ਵੱਲੋਂ ਪੇਪਰ ਲੀਕ ਦੇ ਮੁੱਦੇ ਉੱਤੇ ਸਰਕਾਰ ਦੀ ਘੇਰਾਬੰਦੀ ਕੀਤੀ ਗਈ। ਇਸ ਦੌਰਾਨ ਕਾਂਗਰਸੀ ਵਿਧਾਇਕਾਂ ਨੇ ਪੇਪਰ ਲੀਕ ਦੇ ਮਾਮਲੇ ਵਿੱਚ ਪੰਜਾਬ ਵਿਧਾਨ ਸਭਾ ਦੇ ਬਾਹਰ ਸੂਬਾ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

**ਸਿੱਖਿਆ ਮੰਤਰੀ ਅਤੇ ਸਿਹਤ ਮੰਤਰੀ ਦੇ ਅਸਤੀਫ਼ੇ ਦੀ ਮੰਗ**

ਉਨ੍ਹਾਂ ਕਿਹਾ ਕਿ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਜੰਤਰ-ਮੰਤਰ ਉੱਤੇ ਵਿਦਿਆਰਥੀਆਂ ਦੇ ਧਰਨੇ ਵਿੱਚ ਪਹੁੰਚੇ ਹਨ ਅਤੇ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਸਨ, ਪਰ ਪੰਜਾਬ ਵਿੱਚ ਹੋਏ ਪੇਪਰ ਲੀਕ ਮਾਮਲਿਆਂ ਵਿੱਚ ਉਨ੍ਹਾਂ ਨੇ ਚੁੱਪੀ ਧਾਰ ਰੱਖੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੋਏ ਪੇਪਰ ਲੀਕ ਦੇ ਮਾਮਲਿਆਂ ਵਿੱਚ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ।

**ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਕੋਈ ਠੋਸ ਜਵਾਬ ਨਾ ਦਿੱਤਾ ਗਿਆ**

ਪ੍ਰਤਾਪ ਸਿੰਘ ਬਾਜਵਾ ਨੇ ਵਿਧਾਨ ਸਭਾ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸਾਰੇ ਵਿਧਾਇਕਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਗੁਰੂ ਦੋਖੀ ਕਰਾਰੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦੇ ਮੱਥੇ ਨਹੀਂ ਲੱਗਣਗੇ। ਪਰ ਇਸ ਬਾਰੇ ਜਦੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਪੁੱਛਿਆ ਗਿਆ, ਤਾਂ ਉਨ੍ਹਾਂ ਨੇ ਕੋਈ ਠੋਸ ਜਵਾਬ ਨਹੀਂ ਦਿੱਤਾ।

# ਬਲਕੌਰ ਸਿੰਘ ਨੇ ਰਾਜਾ ਵੜਿੰਗ ਨੂੰ ਸੁਣਾਈਆਂ ਖਰੀਆਂ-ਖਰੀਆਂ, ਪੁੱਛਿਆ 'ਅੰਮ੍ਰਿਤਾ ਵੜਿੰਗ ਦੀ ਹਾਰ ਦਾ ਜ਼ਿਕਰ ਕਿਉਂ ਨਹੀਂ?'



ਚੰਡੀਗੜ੍ਹ: ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਸਿੱਧੂ ਮੂਸੇਵਾਲਾ ਦੀ 2022 ਵਿਧਾਨ ਸਭਾ ਚੋਣਾਂ ਵਿੱਚ ਹੋਈ ਹਾਰ ਦਾ ਜ਼ਿਕਰ ਕਰਨ ਤੋਂ ਬਾਅਦ ਸਿਆਸੀ ਵਿਵਾਦ ਹੋਰ ਡੂੰਘਾ ਹੋ ਗਿਆ ਹੈ। ਮਾਨਸਾ ਵਿੱਚ ਕਾਂਗਰਸ ਦੇ 'ਹਰ ਬੂਥ ਕਾਂਗਰਸ ਮਜ਼ਬੂਤ' ਪ੍ਰੋਗਰਾਮ ਦੌਰਾਨ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਖੁੱਲ੍ਹੇ ਮੰਚ ਤੋਂ ਰਾਜਾ ਵੜਿੰਗ ਅਤੇ ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਸਾਹਮਣੇ ਆਪਣਾ ਪੱਖ ਰੱਖਿਆ। ਬਲਕੌਰ ਸਿੰਘ ਨੇ ਕਿਹਾ ਕਿ ਸਿਰਫ਼ ਸਿੱਧੂ ਮੂਸੇਵਾਲਾ ਦੀ ਹਾਰ ਦਾ ਵਾਰ-ਵਾਰ ਜ਼ਿਕਰ ਕਰਨਾ ਠੀਕ ਨਹੀਂ। ਉਨ੍ਹਾਂ ਕਿਹਾ ਕਿ ਉਸ ਸਮੇਂ ਪੰਜਾਬ ਦੀ ਸਿਆਸੀ ਹਾਲਤ ਅਜਿਹੀ ਸੀ ਕਿ ਕਈ ਵੱਡੇ ਨੇਤਾ ਵੀ ਚੋਣਾਂ ਹਾਰ ਗਏ ਸਨ। ਉਨ੍ਹਾਂ ਇਹ ਵੀ ਕਿਹਾ ਕਿ ਜੇ ਹਾਰ ਦੀ ਗੱਲ ਕਰਨੀ ਹੈ ਤਾਂ ਹੋਰ ਉਮੀਦਵਾਰਾਂ ਦੀ ਹਾਰ ਦਾ ਵੀ ਜ਼ਿਕਰ ਹੋਣਾ ਚਾਹੀਦਾ ਹੈ।

**ਲੋਕਪ੍ਰਿਯਤਾ ਦਾ ਕੀਤਾ ਜ਼ਿਕਰ**

ਬਲਕੌਰ ਸਿੰਘ ਨੇ ਆਪਣੇ ਪੁੱਤਰ ਦੀ ਲੋਕਪ੍ਰਿਯਤਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਦੇ ਚਾਹੁਣ ਵਾਲੇ ਦੇਸ਼ ਭਰ ਵਿੱਚ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਦਿੱਲੀ ਦੇ ਜੰਤਰ-ਮੰਤਰ 'ਤੇ ਹੋਏ NEET ਵਿਦਿਆਰਥੀ ਅੰਦੋਲਨ ਦੌਰਾਨ ਵੀ ਨੌਜਵਾਨਾਂ ਨੇ ਸਿੱਧੂ ਮੂਸੇਵਾਲਾ ਦਾ ਨਾਮ ਲਿਆ ਅਤੇ ਉਸ ਦੇ ਗੀਤਾਂ ਨਾਲ ਆਪਣੀ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਕਿਹਾ ਕਿ ਸਿੱਧੂ ਦੀ ਪਛਾਣ ਕਿਸੇ ਇੱਕ ਹਲਕੇ ਤੱਕ ਸੀਮਤ ਨਹੀਂ ਸੀ।

ਬਲਕੌਰ ਸਿੰਘ ਨੇ ਕਿਹਾ ਕਿ ਕਾਂਗਰਸ ਦਾ ਬੂਥ ਪੱਧਰ ਦਾ ਵਰਕਰ ਪਹਿਲਾਂ ਹੀ ਮਜ਼ਬੂਤ ਹੈ, ਪਰ ਪਾਰਟੀ ਵਿੱਚ ਗੁੱਟਬਾਜ਼ੀ ਵੱਡੇ ਆਗੂਆਂ ਕਾਰਨ ਵਧ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇੱਕੋ ਹਲਕੇ ਵਿੱਚ ਕਈ-ਕਈ ਲੋਕਾਂ ਨੂੰ ਟਿਕਟ ਦੇ ਦਾਅਵੇਦਾਰ ਵਜੋਂ ਉਤਸ਼ਾਹਿਤ ਕੀਤਾ ਜਾਂਦਾ ਹੈ, ਜਿਸ ਨਾਲ ਆਪਸੀ ਖਿੱਚੋਤਾਣ ਪੈਦਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਵਰਕਰ ਨਹੀਂ, ਸਗੋਂ ਲੀਡਰਸ਼ਿਪ ਜ਼ਿੰਮੇਵਾਰ ਹੈ।

**'ਹਾਰ ਦਾ ਠੀਕਰਾ ਇਕ ਵਿਅਕਤੀ 'ਤੇ ਨਾ ਭੰਨੋ'**

ਬਲਕੌਰ ਸਿੰਘ ਨੇ ਲੋਕਾਂ ਨੂੰ ਸਵਾਲ ਪੁੱਛਿਆ ਕਿ ਕੀ ਪੰਜਾਬ ਵਿੱਚ ਕਾਂਗਰਸ ਦੀ ਹਾਰ ਸਿਰਫ਼ ਸਿੱਧੂ ਮੂਸੇਵਾਲਾ ਕਰਕੇ ਹੋਈ ਸੀ। ਮੌਜੂਦ ਲੋਕਾਂ ਨੇ ਇਸ ਦਾ ਜਵਾਬ 'ਨਹੀਂ' ਵਿੱਚ ਦਿੱਤਾ। ਉਨ੍ਹਾਂ ਕਿਹਾ ਕਿ ਉਸ ਸਮੇਂ ਸੂਬੇ ਵਿੱਚ ਸਿਆਸੀ ਮਾਹੌਲ ਵੱਖਰਾ ਸੀ ਅਤੇ ਪੂਰੀ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਲਈ ਕਿਸੇ ਇੱਕ ਵਿਅਕਤੀ ਨੂੰ ਜ਼ਿੰਮੇਵਾਰ ਠਹਿਰਾਉਣਾ ਠੀਕ ਨਹੀਂ। ਬਲਕੌਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਪੀੜ੍ਹੀਆਂ ਤੋਂ ਕਾਂਗਰਸ ਨਾਲ ਜੁੜਿਆ ਹੋਇਆ ਹੈ ਅਤੇ ਉਨ੍ਹਾਂ ਨੂੰ ਕਿਸੇ ਤੋਂ ਆਪਣੀ ਵਫ਼ਾਦਾਰੀ ਦਾ ਸਰਟੀਫਿਕੇਟ ਲੈਣ ਦੀ ਲੋੜ ਨਹੀਂ। ਅੰਤ ਵਿੱਚ ਭਾਵੁਕ ਹੁੰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪੁੱਤਰ ਸਿਰਫ਼ ਚੋਣ ਨਹੀਂ ਹਾਰਿਆ, ਸਗੋਂ ਉਹ ਆਪਣੀ ਜ਼ਿੰਦਗੀ ਗੁਆ ਬੈਠਾ। ਉਨ੍ਹਾਂ ਅਪੀਲ ਕੀਤੀ ਕਿ ਸਿੱਧੂ ਮੂਸੇਵਾਲਾ ਦੀ ਵਿਰਾਸਤ ਅਤੇ ਸ਼ਹਾਦਤ ਨੂੰ ਸਿਆਸੀ ਬਿਆਨਾਂ ਦਾ ਹਿੱਸਾ ਨਾ ਬਣਾਇਆ ਜਾਵੇ।

# ਅਮਰੀਕਾ ਦੇ ਰੈਸਟੋਰੈਂਟ 'ਚ ਤਾਬੜਤੋੜ ਗੋਲੀਬਾਰੀ, ਕਈਆਂ ਦੀ ਮੌਤ




ਅਮਰੀਕਾ ਦੇ ਇਡਾਹੋ ਸੂਬੇ ਦੇ ਟਵਿਨ ਫਾਲਜ਼ ਸ਼ਹਿਰ ਵਿੱਚ ਇੱਕ ਰੈਸਟੋਰੈਂਟ ਵਿੱਚ ਹੋਈ ਗੋਲੀਬਾਰੀ ਦੌਰਾਨ ਕਈ ਲੋਕਾਂ ਦੀ ਮੌਤ ਹੋ ਗਈ, ਜਦਕਿ ਕਈ ਹੋਰ ਜ਼ਖ਼ਮੀ ਹੋਏ ਹਨ। ਅਧਿਕਾਰੀਆਂ ਮੁਤਾਬਕ ਇਹ ਘਟਨਾ ਮਸ਼ਹੂਰ ਬਰਗਰ ਚੇਨ In-N-Out ਦੇ ਉਸ ਰੈਸਟੋਰੈਂਟ ਵਿੱਚ ਵਾਪਰੀ ਜੋ ਕੁਝ ਦਿਨ ਪਹਿਲਾਂ ਹੀ ਖੋਲ੍ਹਿਆ ਗਿਆ ਸੀ। ਟਵਿਨ ਫਾਲਜ਼ ਦੇ ਪੁਲਿਸ ਮੁਖੀ ਮੈਥਿਊ ਹਿਕਸ ਨੇ ਦੱਸਿਆ ਕਿ ਹਮਲਾਵਰ ਵੀ ਮਾਰਿਆ ਗਿਆ ਹੈ ਅਤੇ ਫਿਲਹਾਲ ਲੋਕਾਂ ਲਈ ਕੋਈ ਹੋਰ ਖਤਰਾ ਨਹੀਂ ਹੈ। ਪੁਲਿਸ ਹੁਣ ਹਮਲਾਵਰ ਦੀ ਪਛਾਣ ਅਤੇ ਹਮਲੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।

**ਘੱਟੋ-ਘੱਟ 3 ਲੋਕਾਂ ਦੀ ਮੌਤ ਦੀ ਰਿਪੋਰਟ**

ਪੁਲਿਸ ਮੁਖੀ ਨੇ ਕਿਹਾ ਕਿ ਫਿਲਹਾਲ ਮ੍ਰਿਤਕਾਂ ਅਤੇ ਜ਼ਖ਼ਮੀਆਂ ਦੀ ਸਹੀ ਗਿਣਤੀ ਦੀ ਪੁਸ਼ਟੀ ਨਹੀਂ ਹੋਈ ਕਿਉਂਕਿ ਅਧਿਕਾਰੀ ਪਹਿਲਾਂ ਪੀੜਤਾਂ ਦੇ ਪਰਿਵਾਰਾਂ ਨੂੰ ਸੂਚਿਤ ਕਰ ਰਹੇ ਹਨ। ਹਾਲਾਂਕਿ ਕੁਝ ਰਿਪੋਰਟਾਂ ਵਿੱਚ ਘੱਟੋ-ਘੱਟ ਤਿੰਨ ਲੋਕਾਂ ਦੀ ਮੌਤ ਦੀ ਗੱਲ ਕਹੀ ਗਈ ਹੈ। ਇਸ ਤੋਂ ਪਹਿਲਾਂ ਟਵਿਨ ਫਾਲਜ਼ ਕਾਊਂਟੀ ਕਮਿਸ਼ਨਰ ਬ੍ਰੈਂਟ ਰੇਨਕੇ ਨੇ ਦੱਸਿਆ ਸੀ ਕਿ ਸ਼ੈਰਿਫ਼ ਜੈਕ ਜੌਨਸਨ ਦੇ ਅਨੁਸਾਰ ਪੰਜ ਲੋਕ ਜ਼ਖ਼ਮੀ ਹੋਏ ਹਨ। ਇੱਕ ਚਸ਼ਮਦੀਦ ਦੇ ਮੁਤਾਬਕ ਉਹ ਰੈਸਟੋਰੈਂਟ ਦੇ ਨੇੜੇ ਟ੍ਰੈਫਿਕ ਸਿਗਨਲ 'ਤੇ ਰੁਕੇ ਹੋਏ ਸਨ, ਜਦੋਂ ਉਨ੍ਹਾਂ ਨੇ ਇੱਕ ਵਿਅਕਤੀ ਨੂੰ AR-ਸਟਾਈਲ ਰਾਈਫਲ ਨਾਲ ਡਰਾਈਵ-ਥਰੂ ਤੋਂ ਬਾਹਰ ਨਿਕਲਦੇ ਦੇਖਿਆ। ਇਸ ਤੋਂ ਬਾਅਦ ਪਿਸਤੌਲ ਫੜੇ ਇੱਕ ਹੋਰ ਵਿਅਕਤੀ ਨੇ ਹਮਲਾਵਰ 'ਤੇ ਗੋਲੀਆਂ ਚਲਾਈਆਂ। ਚਸ਼ਮਦੀਦ ਨੇ ਦਾਅਵਾ ਕੀਤਾ ਕਿ ਹਮਲਾਵਰ ਨੇ ਘੱਟੋ-ਘੱਟ ਤਿੰਨ ਤੋਂ ਚਾਰ ਰਾਊਂਡ ਫਾਇਰ ਕੀਤੇ।

**ਇਲਾਕਾ ਕੀਤਾ ਗਿਆ ਸੀਲ**

ਘਟਨਾ ਸਥਾਨ ਤੋਂ ਬਣੀ ਇੱਕ ਵੀਡੀਓ ਵਿੱਚ ਕਾਲੇ ਕੱਪੜੇ ਪਹਿਨਿਆ ਹਮਲਾਵਰ ਲੰਬੀ ਰਾਈਫਲ ਨਾਲ ਇੱਕ ਚਿੱਟੀ ਕਾਰ ਕੋਲ ਜਾਂਦਾ ਦਿਖਾਈ ਦਿੱਤਾ। ਉਸ ਨੇ ਕਾਰ ਦਾ ਦਰਵਾਜ਼ਾ ਅਤੇ ਡਿੱਕੀ ਖੋਲ੍ਹੀ, ਪਰ ਇਸ ਤੋਂ ਬਾਅਦ ਵੀਡੀਓ ਖ਼ਤਮ ਹੋ ਜਾਂਦੀ ਹੈ। ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਹਮਲਾਵਰ ਮਾਰਿਆ ਗਿਆ ਹੈ, ਹਾਲਾਂਕਿ ਉਸ ਦੀ ਮੌਤ ਕਿਵੇਂ ਹੋਈ, ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਹਮਲੇ ਤੋਂ ਬਾਅਦ ਪੁਲਿਸ ਨੇ ਆਲੇ-ਦੁਆਲੇ ਦੀਆਂ ਸੜਕਾਂ, ਜਿਨ੍ਹਾਂ ਵਿੱਚ ਨੇੜੇ ਦਾ ਇੱਕ ਪੁਲ ਵੀ ਸ਼ਾਮਲ ਸੀ, ਬੰਦ ਕਰ ਦਿੱਤੀਆਂ। ਮਾਮਲੇ ਦੀ ਜਾਂਚ ਜਾਰੀ ਹੈ।

# SGPC ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਗਲੇ ਹੁਕਮਾਂ ਤੱਕ ਵਿਦੇਸ਼ ਨਹੀਂ ਭੇਜੇ ਜਾਣਗੇ ਪਾਵਨ ਸਰੂਪ



ਅੰਮ੍ਰਿਤਸਰ: ਕੈਨੇਡਾ ਭੇਜੀਆਂ ਗਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਨੂੰ ਲੈ ਕੇ ਚੱਲ ਰਹੇ ਵਿਵਾਦ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੇ ਅਹਿਮ ਫ਼ੈਸਲਾ ਲੈਂਦਿਆਂ ਐਲਾਨ ਕੀਤਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਗਲੇ ਦਿਸ਼ਾ-ਨਿਰਦੇਸ਼ ਜਾਰੀ ਹੋਣ ਤੱਕ ਹੁਣ ਕੋਈ ਵੀ ਪਾਵਨ ਸਰੂਪ ਵਿਦੇਸ਼ ਨਹੀਂ ਭੇਜਿਆ ਜਾਵੇਗਾ।

ਇਸ ਮਾਮਲੇ ਨੂੰ ਲੈ ਕੇ ਕੈਨੇਡਾ ਦੇ ਵੈਨਕੂਵਰ ਅਤੇ ਲੋਅਰ ਮੇਨਲੈਂਡ ਦੀ ਸਿੱਖ ਸੰਗਤ ਵੱਲੋਂ ਤਿਆਰ ਕੀਤਾ ਗਿਆ ਇੱਕ ਸੁਝਾਅ ਪੱਤਰ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿੱਚ ਸੌਂਪਿਆ ਗਿਆ। ਇਹ ਪੱਤਰ SGPC ਵੱਲੋਂ ਵਿਦੇਸ਼ਾਂ ਵਿੱਚ ਪਾਵਨ ਸਰੂਪ ਭੇਜਣ ਸਬੰਧੀ ਮੌਜੂਦਾ ਪ੍ਰਕਿਰਿਆ ਬਾਰੇ ਸੁਝਾਵਾਂ ਨਾਲ ਸੰਬੰਧਿਤ ਹੈ।

**2009 ਦੇ ਵਿਧਾਨ ਅਨੁਸਾਰ ਭੇਜੇ ਗਏ ਸਨ ਸਰੂਪ**

SGPC ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਕੈਨੇਡਾ ਭੇਜੇ ਗਏ ਪਾਵਨ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 2009 ਵਿੱਚ ਬਣਾਏ ਗਏ ਵਿਧਾਨ ਅਤੇ ਅੰਤਰਿੰਗ ਕਮੇਟੀ ਦੇ ਮਤੇ ਅਨੁਸਾਰ ਉੱਥੋਂ ਦੀ ਸੰਗਤ ਦੀ ਮੰਗ 'ਤੇ ਭੇਜੇ ਗਏ ਸਨ। ਉਨ੍ਹਾਂ ਕਿਹਾ ਕਿ ਇਸ ਪੂਰੀ ਪ੍ਰਕਿਰਿਆ ਦੌਰਾਨ ਕਿਸੇ ਵੀ ਤਰ੍ਹਾਂ ਦੀ ਬੇਅਦਬੀ ਜਾਂ ਅਣਗਹਿਲੀ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਸੰਗਤ ਵੱਲੋਂ ਮਿਲੇ ਸੁਝਾਵਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲ ਵਿਚਾਰ ਲਈ ਭੇਜਿਆ ਜਾਵੇਗਾ। ਜਦੋਂ ਪੰਜ ਸਿੰਘ ਸਾਹਿਬਾਨ ਇਸ ਮਾਮਲੇ 'ਤੇ ਵਿਚਾਰ ਕਰਕੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕਰਨਗੇ, ਉਸ ਤੋਂ ਬਾਅਦ ਹੀ ਅਗਲਾ ਫ਼ੈਸਲਾ ਲਿਆ ਜਾਵੇਗਾ। ਇਸ ਸਮੇਂ ਤੱਕ ਵਿਦੇਸ਼ਾਂ ਵਿੱਚ ਪਾਵਨ ਬੀੜਾਂ ਭੇਜਣ ਦੀ ਪ੍ਰਕਿਰਿਆ ਰੋਕ ਦਿੱਤੀ ਗਈ ਹੈ।

**ਬੇਅਦਬੀ ਦੇ ਦੋਸ਼ਾਂ ਨੂੰ ਦੱਸਿਆ ਗਲਤ**

SGPC ਨੇ ਇਹ ਵੀ ਸਪੱਸ਼ਟ ਕੀਤਾ ਕਿ ਸੋਸ਼ਲ ਮੀਡੀਆ ਅਤੇ ਹੋਰ ਮਾਧਿਅਮਾਂ ਰਾਹੀਂ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪਾਵਨ ਸਰੂਪ ਖਸਤਾ ਹਾਲਤ ਵਾਲੀ ਬੱਸ ਜਾਂ ਕੰਟੇਨਰ ਵਿੱਚ ਭੇਜੇ ਗਏ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਿਆ। ਕਮੇਟੀ ਨੇ ਇਨ੍ਹਾਂ ਸਾਰੇ ਦਾਅਵਿਆਂ ਨੂੰ ਪੂਰੀ ਤਰ੍ਹਾਂ ਗਲਤ ਅਤੇ ਬੇਬੁਨਿਆਦ ਕਰਾਰ ਦਿੱਤਾ। ਕਾਹਲਵਾਂ ਨੇ ਕਿਹਾ ਕਿ ਪਾਵਨ ਸਰੂਪ ਇੱਕ ਨਵੀਂ ਅਤੇ ਵਿਸ਼ੇਸ਼ ਪਾਲਕੀ ਰੂਪੀ ਬੱਸ ਵਿੱਚ ਪੂਰੀ ਮਰਯਾਦਾ, ਨਿਯਮਾਂ ਅਤੇ ਸਤਿਕਾਰ ਨਾਲ ਸੁਖਆਸਨ ਰੂਪ ਵਿੱਚ ਭੇਜੇ ਗਏ ਸਨ। ਕੈਨੇਡਾ ਪਹੁੰਚਣ 'ਤੇ ਸੰਗਤ ਨੇ ਪੰਜ ਸਿੰਘਾਂ ਦੀ ਹਾਜ਼ਰੀ ਵਿੱਚ ਪੂਰੇ ਅਦਬ ਨਾਲ ਸਰੂਪ ਪ੍ਰਾਪਤ ਕਰਕੇ ਗੁਰੂ ਘਰ ਵਿੱਚ ਬਿਰਾਜਮਾਨ ਕੀਤਾ।

**ਸੰਗਤ ਨੂੰ ਗੁਮਰਾਹਕੁੰਨ ਪ੍ਰਚਾਰ ਤੋਂ ਬਚਣ ਦੀ ਅਪੀਲ**

SGPC ਅਨੁਸਾਰ ਜਿਸ ਗੁਰਦੁਆਰਾ ਸਾਹਿਬ ਵਿੱਚ ਸਰੂਪ ਭੇਜੇ ਗਏ, ਉੱਥੇ ਦੇ ਪ੍ਰਬੰਧ ਪਹਿਲਾਂ ਹੀ ਦੇਖੇ ਜਾ ਚੁੱਕੇ ਸਨ ਅਤੇ ਬਾਅਦ ਵਿੱਚ ਵੀ ਸੰਤੁਸ਼ਟੀਜਨਕ ਪਾਏ ਗਏ। ਕਮੇਟੀ ਨੇ ਕਿਹਾ ਕਿ ਪਾਵਨ ਸਰੂਪ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਸੰਗਤ ਵੱਲੋਂ ਧੰਨਵਾਦ ਪੱਤਰ ਵੀ ਭੇਜੇ ਗਏ ਹਨ। ਅੰਤ ਵਿੱਚ SGPC ਨੇ ਸੰਗਤ ਨੂੰ ਅਪੀਲ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅੰਤਿਮ ਫ਼ੈਸਲਾ ਆਉਣ ਤੱਕ ਕਿਸੇ ਵੀ ਤਰ੍ਹਾਂ ਦੀ ਅਪੁਸ਼ਟ ਜਾਂ ਗੁਮਰਾਹਕੁੰਨ ਜਾਣਕਾਰੀ ਤੋਂ ਸਾਵਧਾਨ ਰਹਿਣ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS


ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
100% NATURAL PRODUCT
PRODUCT OF CANADA
Visit nutraselect.ca to learn the amazing health benefits of our fresh ajwa date seed powder
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.

Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ

Salvage Inspection Station
Government Approved Licensed Body Shop

Jessie Srai
We Welcome ALL INSURANCE CLAIMS
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®

CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjar
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਆਪਾਂ ਕੀ ਲੈਣਾ, ਤੂੰ ਅੱਗੇ ਚੱਲ !



ਬੁੱਧ ਸਿੰਘ ਨੀਲੋਂ
94643 70823

ਮਨੁੱਖ ਦੇ ਜਿਉਣ ਲਈ ਰੋਟੀ, ਕੱਪੜਾ ਤੇ ਮਕਾਨ ਦੀ ਲੋੜ ਹੈ। ਇਹਨਾਂ ਲੋੜਾਂ ਨੂੰ ਪੂਰਾ ਕਰਨ ਲਈ ਰੁਜ਼ਗਾਰ ਦੀ ਜਰੂਰਤ ਹੁੰਦੀ ਹੈ। ਰੁਜ਼ਗਾਰ ਦੇਣ ਦਾ ਫਰਜ਼ ਸਰਕਾਰ ਦਾ ਹੁੰਦਾ ਹੈ। ਕਿਉਂਕਿ ਹਰ ਮਨੁੱਖ ਸਰਕਾਰ ਨੂੰ ਟੈਕਸ ਦਿੰਦਾ ਹੈ। ਹਰ ਮਨੁੱਖ ਨੂੰ ਜਿਉਣ ਦਾ ਅਧਿਕਾਰ ਹੈ। ਸਦੀਆਂ ਤੋਂ ਕੁੱਝ ਸ਼ੈਤਾਨ ਤੇ ਲਾਲਚੀਆਂ ਨੇ ਬਹੁਤ ਗਿਣਤੀ ਲੋਕਾਂ ਨੂੰ ਆਪਣਾ ਗੁਲਾਮ ਬਣਾਇਆ ਹੋਇਆ ਹੈ। ਉਹਨਾਂ ਨੇ ਇਹ ਖ਼ੈਰਾਤ ਦਾ ਧਾਗਾ ਬੰਨ੍ਹ ਕੇ ਉਹਨਾਂ ਨੂੰ ਗੁਲਾਮ ਬਣਾਇਆ ਹੋਇਆ ਹੈ । ਇਹ ਧਾਗਾ ਧਰਮ, ਜਾਤ, ਉਚ ਨੀਚ ਤੇ ਭਰਮ ਦਾ ਹੈ। ਮਨੁੱਖ ਦਾ ਧਰਮ ਤਾਂ ਕਿਰਤ, ਮੋਹ ਪਿਆਰ, ਵੰਡ ਕੇ ਛਕਣ ਤੇ ਆਪਣੇ ਵਿਰਸੇ ਨੂੰ ਯਾਦ ਰੱਖਣ ਦਾ ਸੀ। ਪਰ ਹੁਣ ਧਰਮ ਵਪਾਰ ਤੇ ਅੰਧਵਿਸ਼ਵਾਸੀ ਲੋਕਾਂ ਦੀ ਲੁੱਟ ਦਾ ਸਾਧਨ ਬਣ ਗਿਆ । ਧਰਮ ਦੀ ਪਹਿਲਾਂ ਫੈਕਟਰੀਆਂ ਖੁਲ੍ਹੀਆਂ ਸਨ। ਹੁਣ ਕੰਪਨੀਆਂ ਆ ਗਈਆਂ ਹਨ। ਜਿਹੜੀਆਂ ਔਨ ਲਾਈਨ ਇਹ ਧਰਮ ਦਾ ਧੰਦਾ ਕਰਦੀਆਂ ਹਨ । ਇਸ ਧਰਮ ਦੇ ਵਿੱਚੋਂ ਮਨੁੱਖਤਾ ਖਤਮ ਹੋ ਗਈ ਹੈ। ਉਹ ਆਪੋ ਆਪਣੇ ਧਰਮ ਨੂੰ ਵੇਚਣ ਲਈ ਸੱਤਾਧਾਰੀ ਨੂੰ ਕਦੇ ਮਾਇਆ ਰਾਹੀਂ ਤੇ ਵੋਟਾਂ ਰਾਹੀਂ ਚੋਗਾ ਪਾਉਂਦਾ ਹੈ । ਜਦੋਂ ਵੀ ਵੋਟਾਂ ਆਉਂਦੀਆਂ ਹਨ । ਧਰਮ ਨੂੰ ਲਹੂ ਦੀਆਂ ਉਲਟੀਆਂ ਲੱਗ ਜਾਂਦੀਆਂ ਹਨ । ਘਰਾਂ ਵਿੱਚ ਦੀਵਾਲੀ ਬਲਦੀ ਹੈ। ਕੀੜੇ ਮਕੌੜੇ ਜਲਦੇ ਹਨ। ਇਹ ਵਰਤਾਰਾ ਆਮ ਹੋ ਗਿਆ। ਬੰਦਾ ਜ਼ਹਿਰੀਲਾ ਹੋ ਗਿਆ ਹੈ। ਉਹ ਜ਼ਹਿਰੀਲੀਆਂ ਵਸਤੂਆਂ ਖਾਂਦਾ ਹੈ। ਵੇਚਦਾ ਹੈ ਤੇ ਖਰੀਦ ਦਾ ਹੈ। ਬੰਦੇ ਵਿਚੋਂ ਬੰਦਾ ਮਰ ਗਿਆ ਹੈ। ਹੁਣ ਕੋਈ ਬੰਦਾ, ਬਾਬਾ ਬੰਦਾ ਸਿੰਘ ਬਹਾਦਰ ਨਹੀਂ ਬਣਦਾ। ਥਾਂ ਥਾਂ ਸਰਹੰਦਾਂ ਉਗ ਆਈਆਂ ਹਨ। ਜਿੱਥੇ ਹਰ ਤਰ੍ਹਾਂ ਦਾ ਕਤਲੇਆਮ ਹੁੰਦੈ । ਅਸੀਂ ਚੁੱਪ ਚਾਪ ਤਮਾਸ਼ਾ ਦੇਖਣ ਵਾਲੇ ਬਣ ਗਏ ਹਾਂ, ਅਸੀਂ ਜ਼ਹਿਰ ਦਾ ਵਪਾਰ ਕਰਦੇ ਹਾਂ । ਸਮਾਜ ਵਿੱਚ ਜਿਸ ਤਰ੍ਹਾਂ ਜ਼ਹਿਰੀਲੀਆਂ ਵਸਤੂਆਂ ਵੇਚਣ ਤੇ ਖਰੀਦਣ ਦਾ ਸਾਡਾ ਸੁਭਾਅ ਬਣਿਆ ਹੈ, ਇਸ ਮਿਲਾਵਟ ਨੇ ਸਾਡੇ ਅੰਦਰ ਅਜਿਹੀ ਖੋਰ ਲਾ ਦਿੱਤੀ ਹੈ ਕਿ ਅਸੀਂ 'ਸੱਚ' ਨੂੰ ਜਾਨਣ ਦੀ ਵਜਾਏ 'ਝੂਠ' ਨੂੰ ਸੱਚ ਮੰਨਣ ਦੇ ਆਦੀ ਹੋ ਗਏ ਹਾਂ। ਖਾਣ-ਪੀਣ ਦੀਆਂ ਵਸਤੂਆਂ ਵਿੱਚ ਤਾਂ ਮਿਲਾਵਟਾਂ ਤਾਂ ਸਦੀਆਂ ਤੋਂ ਹੁੰਦੀਆਂ ਹਨ, ਪਰ ਜਿਸ ਤਰ੍ਹਾਂ ਇਤਿਹਾਸ ਵਿੱਚ ਰਿਲਾਵਟਾਂ ਪਾਉਣੀਆਂ ਤੇ ਉਨ੍ਹਾਂ ਨੂੰ ਮਨਾਉਣ ਦਾ ਸਿਲਸਿਲਾ ਵੱਧ ਰਿਹਾ ਹੈ, ਇਹ ਸਾਡੇ ਲਈ ਚਿੰਤਾਂ ਦਾ ਵਿਸ਼ਾ ਹੈ। ਪਰ ਅਸੀਂ ਇਸ ਉਪਰ 'ਚਿੰਤਾ' ਤਾਂ ਕਰਦੇ ਹਾਂ ਪਰ ਚਿੰਤਨ ਨਹੀਂ ਕਰਦੇ। ਚਿੰਤਨ ਕਰਾਂਗੇ ਤਾਂ ਸਾਨੂੰ 'ਸੱਚ ਤੇ ਝੂਠ' ਦਾ ਗਿਆਨ ਆਵੇਗਾ। ਅਸੀਂ ਇਸ ਗਿਆਨ ਨੂੰ ਲੋਕਾਂ ਤੱਕ ਵੰਡਣ ਲਈ ਪ੍ਰਵਚਨਾਂ ਤੇ ਲਿਖਤਾਂ ਰਾਹੀਂ ਲੈ ਕੇ ਜਾਵਾਂਗੇ। ਇੱਥੇ ਸਭ ਕੁੱਝ ਉਲਟ-ਪੁਲਟ ਹੋ ਰਿਹਾ ਹੈ। ਖਾਣ-ਪੀਣ ਦੇ ਨਾਂ ਹੇਠ ਜਿਹੜਾ ਕੁੱਝ ਵੇਚਿਆ ਤੇ ਖਰੀਦਿਆ ਜਾ ਰਿਹਾ ਹੈ, ਅਸੀਂ ਚੁੱਪ ਚਾਪ ਵੇਚ ਰਹੇ ਹਾਂ, ਖਾ ਰਹੇ ਹਾਂ। ਇਹ ਸਭ ਕਿਉਂ ਹੋ ਰਿਹਾ ਹੈ ? ਅਸੀਂ ਇਸ ਸਬੰਧੀ ਸੋਚਦੇ ਨਹੀਂ। ਸੋਚਣ ਦੀ ਜਿੱਥੇ ਲੋੜ ਹੁੰਦੀ ਹੈ, ਉਥੇ ਅਸੀਂ ਸੋਚਦੇ ਨਹੀਂ, ਜਿੱਥੇ ਚੁੱਪ ਰਹਿਣਾ ਹੁੰਦਾ ਹੈ, ਉੱਥੇ ਅਸੀਂ ਬੋਲਦੇ ਹਾਂ। ਇਸੇ ਕਰਕੇ ਸਾਡੇ ਜੀਵਨ ਵਿੱਚ ਵਧੇਰੇ ਵਿਖੇੜੇ ਪੈਦਾ ਹੋ ਰਹੇ ਹਨ। ਜ਼ਹਿਰ ਭਰੀਆਂ ਫਸਲਾਂ ਅਸੀਂ ਖੁਦ ਬੀਜਦੇ ਹਾਂ ਤੇ ਉਸ ਨੂੰ ਖੁਦ ਬਜ਼ਾਰ ਵਿੱਚ ਲੋਕਾਂ ਨੂੰ ਖਾਣ ਲਈ ਵੇਚਦਾ ਹਾਂ। ਅਸੀਂ ਆਪਣੀ ਧਰਤੀ ਨੂੰ 'ਅਮਲਾਂ' ਉਤੇ ਲਾ ਲਿਆ ਹੈ। ਫਸਲ ਤਾਂ ਹੁੰਦੀ ਹੈ, ਜੇ ਉਸ ਦੇ ਉਪਰ ਜ਼ਹਿਰੀਲੀਆਂ ਦਵਾਈਆਂ ਛਿੜਕੀਆਂ ਜਾਣਗੀਆਂ। ਅਸੀਂ ਫਸਲਾਂ 'ਤੇ ਇਹ ਜ਼ਹਿਰ ਇਸ ਲਈ ਛਿੜਕਦੇ ਹਾਂ ਕਿ ਉਹ ਵਧਣ-ਫੁਲਣ ਤੇ ਵੱਧ ਝਾੜ ਦੇਣ। ਸਾਡੀ ਵੱਧ ਝਾੜ ਲੈਣ ਦੀ ਸੋਚ ਨੇ ਸਾਨੂੰ ਜ਼ਿੰਦਗੀ ਦੇ ਉਹ ਬਾਣੀਏ ਬਣਾ ਦਿੱਤਾ ਹੈ, ਜਿਹੜੇ ਵਣਜ ਕਰਦੇ ਹਨ। ਵਣਜ ਵਿੱਚ ਓਹਲਾ ਹੁੰਦਾ ਹੈ। ਉਸ ਵਿੱਚ 'ਝੂਠ' ਦਾ ਪ੍ਰਤਾਪ ਹੁੰਦਾ। ਇਸ ਪ੍ਰਤਾਪ ਦਾ ਖਰੀਦਣ ਤੇ ਵੇਚਣ ਵਾਲੇ ਵੀ ਗਿਆਨ ਹੁੰਦਾ ਹੈ ਪਰ ਉਹ ਚੁੱਪ ਰਹਿੰਦੇ ਹਨ। ਇਸੇ ਚੁੱਪ ਵਿੱਚੋਂ ਦੋਹਾਂ ਦੀ ਵੱਧ ਤੋਂ ਵੱਧ ਕਮਾਉਣ ਦੀ ਉਹ 'ਲਾਲਾਸਾ' ਹੁੰਦੀ ਹੈ, ਜਿਸ ਨੇ ਹਰ ਮਨੁੱਖ ਦੀ ਜ਼ੁਬਾਨ ਟੁੱਕ ਦਿੱਤੀ ਹੈ। ਇਸੇ ਕਰਕੇ ਅਸੀਂ ਜੀਭ ਦੇ ਹੁੰਦਿਆਂ ਬੋਲਦੇ ਨਹੀਂ। ਅੱਖਾਂ ਦੇ ਹੁੰਦੇ ਦੇਖਦੇ ਨਹੀਂ, ਪਰ ਅਸੀਂ ਗੂੰਗਿਆਂ ਤੇ ਅੰਨ੍ਹਿਆਂ ਨੂੰ ਉਪਦੇਸ਼ ਹੀ ਨਹੀਂ ਦੇਂਦੇ ਸਗੋਂ ਝਿੜਕਦੇ ਹਾਂ। 'ਤੂੰ ਬੋਲਦਾ ਕੀ ਐ, ਤੈਨੂੰ ਦਿਖਦਾ ਨਹੀਂ, ਤੂੰ ਅੰਨ੍ਹਾ ਐ, ਤੂੰ ਬੋਲਾ ਐ? ਇਹ ਆਖਣਾ ਮਾਣ ਸਮਝਦੇ ਹਾਂ। ਸਮਾਜ ਵਿੱਚ ਜਿਹੜੀਆਂ ਜ਼ਹਿਰਾਂ ਦਾ ਵਪਾਰ ਹੁੰਦਾ ਹੈ। ਇਸ ਦੇ ਸਬੰਧੀ ਕਿੰਨ੍ਹੇ ਕੁ ਹਨ, ਜਿਹੜੇ ਵਿਰੋਧ ਕਰਦੇ ਹਨ। ਹਰ ਕੋਈ 'ਕਮਾਈ' ਕਰਨ ਦੇ ਚੱਕਰ ਵਿੱਚ 'ਊਰੀ' ਬਣਿਆ ਹੋਇਆ ਹੈ। ਸਾਡੀ ਦੌੜ ਤਾਂ ਵੱਧ ਤੋਂ ਵੱਧ ਕਮਾਈ ਕਰਨ ਤੇ ਜਾਇਦਾਦ ਬਨਾਉਣ ਦੀ ਹੈ, ਇਸੇ ਕਰਕੇ ਅਸੀਂ ਆਪਣਿਆਂ ਨੂੰ ਲੁੱਟਣ, ਕੁੱਟਣ ਤੇ ਜਾਨੋਂ ਮਾਰਨ ਲੱਗੇ ਪਲ ਨਹੀਂ ਲਾਉਂਦੇ। ਪਲਾਂ ਦੀ ਇਹ ਖੇਡ ਸਾਡੇ ਲਈ ਜ਼ਿੰਦਗੀ ਦੀ ਮੁਸੀਬਤ ਬਣ ਜਾਂਦੀ ਹੈ। ਸਾਡੇ ਮਨਾਂ ਅੰਦਰ ਹਨੇਰ ਦਾ 'ਭਰਤ' ਕੌਣ ਪਾ ਰਿਹਾ ਹੈ? ਜਿਹੜਾ ਸਾਨੂੰ 'ਚਾਨਣ' ਹੁੰਦਿਆਂ ਵੀ 'ਚੁੱਪ' ਰਹਿਣ ਦੇ ਲਈ ਰੋਕੀ ਰੱਖਦਾ ਹੈ। ਅਸੀਂ ਆਪਣੇ ਬੁੱਲ੍ਹ ਤਾਂ ਟੁੱਕ ਲੈਂਦੇ ਹਾਂ, ਪਰ ਦੂਸਰੇ ਦੀਆਂ ਲੱਤਾਂ ਨਹੀਂ ਵੱਢਦੇ, ਜਿਹੜੇ ਸਾਨੂੰ ਹਨੇਰ ਵਿੱਚ ਜਿਉਣ ਦੇ ਰਸਤੇ ਭਜਾਈ ਜਾ ਰਹੇ ਹਨ। ਖਾਣ ਪੀਣ ਵਾਲੀਆਂ ਵਸਤੂਆਂ ਵਿਚਲੀ ਮਿਲਾਵਟ ਤਾਂ ਸਾਨੂੰ ਦਿਖਦੀ ਨਹੀਂ, ਇਸੇ ਤਰ੍ਹਾਂ ਸਾਹਿਤ, ਇਤਿਹਾਸ, ਧਰਮ, ਦਰਸ਼ਨ, ਸ਼ਾਸਤਰ, ਵਿਗਿਆਨ ਤੇ ਆਰਥਿਕਤਾ ਵਿੱਚ ਜਿਹੜੀ ਜ਼ਹਿਰ ਮਿਲਾਈ ਜਾ ਰਹੀ ਹੈ, ਇਸ ਨੂੰ ਜ਼ਹਿਰੀਲੀ ਕਰਨ ਵਾਲੇ ਕੋਈ 'ਹੋਰ ਦੇਸ਼' ਦੇ ਲੋਕ ਨਹੀਂ, ਅਸੀਂ 'ਖੁਦ' ਹਾਂ। ਜਿਹੜੇ ਉਨ੍ਹਾਂ ਦੇ ਨਾਲ ਰਲ ਗਏ ਹਨ, ਇਸੇ ਕਰਕੇ ਸਾਡਾ 'ਪੌਣ-ਪਾਣੀ' ਜ਼ਹਿਰੀਲਾ ਹੋ ਗਿਆ ਹੈ। ਅਸੀਂ ਇਸ ਜ਼ਹਿਰੀਲੇ ਵਾਤਾਵਰਣ ਵਿੱਚ ਰਹਿਣ ਦੇ ਆਦੀ ਹੋ ਗਏ ਹਾਂ। ਇਸ ਤੋਂ ਛੁਟਕਾਰਾ ਕਿਵੇਂ ਪਾਉਣਾ ਹੈ? ਇਸ ਪਾਸੇ ਸੋਚਣ ਦੀ ਵਜਾਏ, ਅਸੀਂ ਇਸ ਪਾਸੇ ਵੱਲ ਵਧੇਰੇ ਜ਼ੋਰ ਲਾ ਰਹੇ ਕਿ 'ਵੱਧ ਤੋਂ ਵੱਧ' ਮਾਲ ਕਿਵੇਂ ਕੱਠਾ ਕੀਤਾ ਜਾਵੇ। ਸਮਾਜ ਵਿੱਚ 'ਕਾਣੀ ਵੰਡ' ਨੂੰ ਅਸੀਂ 'ਪੂਰਵਲੇ ਜਨਮਾਂ' ਦੀਆਂ ਸਾਖੀਆਂ ਨਾਲ ਜੋੜ ਕੇ ਸੁਣਨ ਤੇ ਮੰਨਣ ਦੇ ਆਦੀ ਹੋ ਗਏ ਹਾਂ। ਇਹ ਆਦਤ ਹੀ ਸਾਨੂੰ ਸਦੀਆਂ ਤੋਂ ਗੁਲਾਮੀ ਦੀਆਂ ਜੰਜ਼ੀਰਾਂ ਦੇ ਨਾਲ ਬੰਨ੍ਹੀ ਬੈਠੀ ਹੈ। ਅਸੀਂ ਬਿਨ੍ਹਾਂ ਕੀਲਿਆਂ ਤੋਂ ਬੰਨ੍ਹੇ ਹੋਏ 'ਪਾਲਤੂ ਪਸ਼ੂ' ਬਣ ਗਏ ਹਾਂ, ਜਿਨ੍ਹਾਂ ਨੂੰ ਭਾਰ ਢੋਣ ਲਈ ਵਰਤਿਆ ਜਾ ਰਿਹਾ ਹੈ। ਕਦੇ ਇਹ ਸੋਚਿਆ ਹੈ ਕਿ ਅਸੀਂ ਮਾਲ ਢੋਣ ਵਾਲੇ ਜਹਾਜ਼ ਕਿਉਂ ਬਣ ਗਏ ਹਾਂ? ਸੋਚਾਂਗੇ ਤਾਂ ਜੇ ਸਾਨੂੰ ਗਿਆਨ ਹੋਵੇਗਾ ਕਿਉਂਕਿ ਹਰਿਕ ਵਿੱਚ ਇੱਕੋ ਜੋਤ ਤੇ ਖੂਨ ਹੈ। ਦੂਈ-ਤੀਤੀ ਦਾ ਕੋਈ ਸਥਾਨ ਨਹੀਂ, ਪਰ ਸਾਨੂੰ ਅਗਿਆਨਹੀਣ 'ਗਿਆਨੀ' ਬਨਾਉਣ ਦੇ ਲਈ ਵਿਦਿਆ ਦੀਆਂ ਫੈਕਟਰੀਆਂ ਵਿੱਚ ਭਾਰ ਤੋਲਣ ਤੇ ਭਾਰ ਢੋਣ ਵਾਲੀਆਂ ਮਸ਼ੀਨਾਂ ਬਣਾ ਦਿੱਤਾ ਗਿਆ ਹੈ,ਇਸੇ ਕਰਕੇ ਅਸੀਂ ਆਪਣੇ ਮਨਾ ਅੰਦਰਲੇ ਹਨੇਰੇ ਨੂੰ ਬਾਹਰ ਫੈਲਾਉਣ ਦੇ ਲਈ 'ਪੱਲਿਓ' ਖਰਚ ਕੇ ਵੀ ਦੌੜ ਰਹੇ ਹਾਂ, ਪਰ ਸਾਡਾ 'ਹਨੇਰ' ਘਟਨ ਦੀ ਵਜਾਏ ਸਗੋਂ ਦੂਣਾ-ਚੌਣਾ ਹੋਈ ਜਾਂਦਾ ਹੈ।



ਸੰਸਾਰ ਦੇ ਇਨ੍ਹਾਂ ਵਪਾਰੀਆਂ ਨੇ ਇਸੇ ਕਰਕੇ ਸਾਨੂੰ ਇਧਰ ਉੱਧਰ ਦੌੜਨ ਦੀ ਦੌੜ ਵਿੱਚ ਭਜਾ ਰੱਖਿਆ ਹੈ। ਇਸੇ ਲਈ ਅਸੀਂ ਪਿੰਡਾਂ ਤੋਂ ਸ਼ਹਿਰ, ਸ਼ਹਿਰ ਤੋਂ ਵਿਦੇਸ਼ ਤੇ ਵਿਦੇਸ਼ ਤੋਂ ਉਪਰ ਵੱਲ ਜਾ ਰਹੇ ਹਾਂ, ਸਾਨੂੰ ਇਸ 'ਅੰਨ੍ਹੀ ਦੌੜ' ਦੜਾਉਣ ਵਾਲੇ ਹੱਸ ਰਹੇ ਹਨ ਤੇ ਅਸੀਂ ਮੱਚ ਰਹੇ ਹਾਂ। ਉਹ ਸਾਡੇ ਵਿੱਚ 'ਸੋਚ ਦੇ ਘੁਣ' ਦੀਆਂ ਪਿਉਂਦਾ ਲਾ ਕੇ ਨਵੀਆਂ ਨਵੀਆਂ ਪਨੀਰੀਆਂ ਪੈਦਾ ਕਰ ਰਹੇ ਹਨ। ਅਸੀਂ ਜ਼ਹਿਰੀਲੇ ਵਾਤਾਵਰਨ ਵਿੱਚ ਮਰਨ ਦੇ ਆਦੀ ਕਿਉਂ ਹੋ ਗਏ ਹਾਂ ? ਕੀ ਅਸੀਂ ਆਪਣੀਆਂ 'ਜੜ੍ਹਾਂ' ਨੂੰ ਭੁੱਲ ਗਏ? ਜੜ੍ਹਾਂ ਨੂੰ ਭੁੱਲਣ ਕਰਕੇ ਅਸੀਂ ਹਨੇਰ ਖਾ ਰਹੇ ਤੇ ਵੇਚ ਖਰੀਦ ਰਹੇ ਹਾਂ, ਇਸੇ ਕਰਕੇ ਇਨ੍ਹਾਂ ਸਮਿਆਂ ਵਿੱਚ ਲੋੜ ਹੈ ਕਿ ਅਸੀਂ ਦੀਵੇ ਜਗਾਈਏ, ਜਿਹੜੇ ਸਾਡੇ ਮਨਾਂ ਦਾ ਹਨੇਰ ਦੂਰ ਕਰਨ। ਸਾਡੇ ਮਨਾਂ ਦਾ ਜਦੋਂ ਹਨੇਰ ਦੂਰ ਹੋ ਗਿਆ ਤਾਂ ਫੇਰ ਸੰਸਾਰ ਰੋਸ਼ਨ ਹੋ ਜਾਵੇਗਾ। ਇਹ ਦੀਵੇ ਘਰਾਂ ਦੇ ਬਨੇਰਿਆਂ ਉੱਤੇ ਨਹੀਂ, ਸਗੋਂ ਆਪਣੇ ਮਨਾਂ ਅੰਦਰ ਬਾਲਣੇ ਪੈਣਗੇ, ਜੇ ਅਸੀਂ ਅਜੇ ਵੀ ਨਹੀਂ ਸਮਝੇ ਤਾਂ ਖੜੇ ਦਿਨ ਹਨੇਰ ਹੋਣ ਵਾਲੇ ਸਮਿਆਂ ਵੱਲ ਵਧਣ ਤੋਂ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਰੋਕ ਨਹੀਂ ਸਕਾਂਗੇ। ਆਓ ਇਨ੍ਹਾਂ ਜ਼ਹਿਰ ਦੇ 'ਵਪਾਰੀਆਂ, ਅਧਿਕਾਰੀਆਂ ਤੇ ਪੁਜਾਰੀਆਂ' ਨੂੰ 'ਜ਼ਿੰਦਗੀ' ਦੇ ਅਰਥ ਸਮਝਾਈਏ ਤੇ ਦੀਵੇ ਜਗਾਈਏ। ਇਹ ਦੀਵੇ ਅਕਲ ਦੇ ਹੋਣ ਤਾਂ ਕੁੱਝ ਸਮਾਜ ਬਦਲੂ, ਨਹੀਂ ਅਕਲ ਤਾਂ ਹੁਣ ਵੀ ਨੀ ਆਈ ਸੱਤਾਧਾਰੀ ਲੁੱਟਰਿਆਂ ਲੋਕ ਸੜਕਾਂ ਉਤੇ ਭਜਾ ਕੇ ਮਾਰ ਦਿੱਤੇ। ਅਕਲ, ਸੁਰਤ ਹਜੇ ਵੀ ਨਹੀਂ ਆਉਣੀ। ਕੀ ਬਣੂੰ ? ਇਹ ਹੁਣ ਜਿਹਨਾਂ ਦੇ ਖਾਨੇ ਚਲਦੇ ਉਹ ਸੋਚਣ। ਜ਼ਹਿਰੀਲੇ ਨਾਗ ਤੱਕ ਹਿੱਕ ਉਤੇ ਬੈਠੇ ਹਨ। ਇਹ ਨਾਗਪੁਰੀ ਨਾਗ, ਮਿੱਟੀ ਖਾਣੇ ਨਹੀਂ, ਬੰਦੇ ਖਾਣੇ ਐ। ਜ਼ਹਿਰ ਦੀਆਂ ਫਸਲਾਂ ਤੇ ਅਕਲਾਂ ਵੇਚਣ ਵਾਲਿਆਂ ਨੂ ਪਛਾਣੋ, ਨੱਥ ਪਾਓ। ਉਹਨਾਂ ਨੇ ਤੁਹਾਡੇ ਪੈਰੀ ਝਾਂਜਰਾਂ ਤੇ ਹੱਥਾਂ ਵਿੱਚ ਚੂੜੀਆਂ ਪਾ ਦਿਤੀਆਂ ਹਨ। ਧਰਮ, ਜਾਤ, ਗੋਤ ਤੇ ਉਚ ਨੀਚ ਦਾ ਭੇਦ। ਸਭ ਨੂੰ ਪਤਾ ਐ ਫੇਰ ਉਡੀਕ ਤੇ ਰੋਕ ਕਿਸ ਦੀ ਐ। ਅੱਜ ਧੂੰਆਂ ਧਾਰ ਭਾਸ਼ਣ ਹੋਣਗੇ। ਹੋਈ ਜਾ ਰਹੇ ਹਨ। ਜ਼ਹਿਰ ਦੀ ਫਸਲ ਬੀਜਣ ਵਾਲੇ ਵੀ ਪੰਜਾਬੀ ਹੀ ਹਨ। ਜਿਹੜੇ ਫਸਲਾਂ ਦਾ ਨਕਲੀ ਬੀਜ ਵੇਚ ਸਕਦੇ ਹਨ, ਉਹ ਹੋਰ ਕੀ ਵੇਚ ਨਹੀਂ ਸਕਦੇ। ਅਕਲ, ਜਮੀਰ, ਸ਼ਕਲ, ਘਰਦੇ, ਬਾਹਰਦੇ, ਸਭ ਵੇਚ ਸਕਦੇ ਹਨ। ਜਾਗੋ ਲੋਕੋ ਜਾਗੋ। ਨਿਕਲੋ ਆਪਣੀ ਹਾਉਂਮੈਂ ਦੀ ਕਬਰ ਵਿਚੋਂ, ਨਹੀਂ ਤੇ ਹੁਣ ਘਰਾਂ ਨੂੰ ਤਾਬੂਤ ਭੇਜਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

# ਮਹਿੰਗਾ ਤੋਫਾ, 'ਦੂਜੀ ਜ਼ਿੰਦਗੀ'...



"ਜੇ ਮੈਂ ਛੇ ਮਹੀਨੇ ਬਾਅਦ ਵੀ ਜ਼ਿੰਦਾ ਰਹੀ... ਤਾਂ ਤੁਹਾਡੀ ਬਣ ਕੇ ਰਹਾਂਗੀ।"
ਬਾਰਾਤ ਘਰ ਵਾਪਸ ਆ ਚੁੱਕੀ ਸੀ।
ਘਰ ਵਿੱਚ ਹਾਸੇ, ਰੌਣਕ ਅਤੇ ਵਿਆਹ ਦੀਆਂ ਰਸਮਾਂ ਚੱਲ ਰਹੀਆਂ ਸਨ।
ਰਾਤ ਨੂੰ ਜਦੋਂ ਅਰਜੁਨ ਆਪਣੇ ਕਮਰੇ ਵਿੱਚ ਆਇਆ, ਉਸਨੇ ਵੇਖਿਆ ਕਿ ਉਸਦੀ ਨਵੀਂ ਦੁਲਹਨ ਕੀਰਤ ਬਿਸਤਰੇ ਦੇ ਕੋਨੇ 'ਤੇ ਬੈਠੀ ਰੋ ਰਹੀ ਸੀ।
ਅਰਜੁਨ ਨੇ ਹੌਲੀ ਜਿਹੇ ਪੁੱਛਿਆ,
"ਕੀ ਹੋਇਆ...?"
ਕੀਰਤ ਨੇ ਕੰਬਦੇ ਹੱਥਾਂ ਨਾਲ ਇੱਕ ਮੈਡੀਕਲ ਫ਼ਾਈਲ ਉਸਦੇ ਹੱਥ ਵਿੱਚ ਰੱਖ ਦਿੱਤੀ।
"ਇਹ... ਮੇਰੀ ਸੱਚਾਈ ਹੈ।"
ਅਰਜੁਨ ਨੇ ਫ਼ਾਈਲ ਖੋਲ੍ਹੀ।
ਉਸਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।
ਕੀਰਤ ਨੂੰ ਇੱਕ ਗੰਭੀਰ ਦਿਲ ਦੀ ਬਿਮਾਰੀ ਸੀ।
ਡਾਕਟਰਾਂ ਨੇ ਕਿਹਾ ਸੀ ਕਿ ਛੇ ਮਹੀਨਿਆਂ ਦੇ ਅੰਦਰ ਵੱਡਾ ਆਪਰੇਸ਼ਨ ਨਾ ਹੋਇਆ ਤਾਂ ਉਸਦੀ ਜਾਨ ਨੂੰ ਖ਼ਤਰਾ ਸੀ।
ਅਰਜੁਨ ਨੇ ਹੱਕਾ-ਬੱਕਾ ਹੋ ਕੇ ਪੁੱਛਿਆ,
"ਇਹ ਗੱਲ... ਵਿਆਹ ਤੋਂ ਪਹਿਲਾਂ ਕਿਉਂ ਨਹੀਂ ਦੱਸੀ?"
ਕੀਰਤ ਰੋਂਦੀ ਹੋਈ ਬੋਲੀ,
"ਮੈਂ ਦੱਸਣਾ ਚਾਹੁੰਦੀ ਸੀ... ਪਰ ਪਾਪਾ ਡਰ ਗਏ ਸਨ। ਉਹ ਕਹਿੰਦੇ ਸਨ, 'ਕੋਈ ਵੀ ਤੇਰੇ ਨਾਲ ਵਿਆਹ ਨਹੀਂ ਕਰੇਗਾ।' ਮੈਂ ਹਰ ਰੋਜ਼ ਇਸ ਝੂਠ ਦੇ ਬੋਝ ਹੇਠ ਮਰਦੀ ਰਹੀ।"
ਅਰਜੁਨ ਸਾਰੀ ਰਾਤ ਚੁੱਪ ਬੈਠਾ ਰਿਹਾ।
ਸਵੇਰੇ ਉਸਨੇ ਆਪਣੇ ਪਿਤਾ ਨੂੰ ਸਿਰਫ਼ ਇੱਕ ਗੱਲ ਕਹੀ— "ਹੁਣ ਇਹ ਸਾਡੀ ਧੀ ਹੈ। ਇਸਦਾ ਇਲਾਜ ਪਹਿਲਾਂ ਹੋਵੇਗਾ... ਬਾਕੀ ਸਭ ਬਾਅਦ ਵਿੱਚ।"
ਘਰ ਦੇ ਸਾਰੇ ਗਹਿਣੇ ਵੇਚੇ ਗਏ।
ਅਰਜੁਨ ਨੇ ਆਪਣੀ ਕਾਰ ਵੇਚ ਦਿੱਤੀ।
ਮਾਂ ਨੇ ਆਪਣੀ ਉਮਰ ਭਰ ਦੀ ਬਚਤ ਕੱਢ ਦਿੱਤੀ। ਪਿਤਾ ਨੇ ਪੁਰਖਿਆਂ ਦੀ ਜ਼ਮੀਨ ਦਾ ਇੱਕ ਟੁਕੜਾ ਵੇਚ ਦਿੱਤਾ।
ਛੇ ਮਹੀਨੇ ਤੱਕ ਅਰਜੁਨ ਹਰ ਰਾਤ ਹਸਪਤਾਲ ਦੀ ਕੁਰਸੀ 'ਤੇ ਬੈਠ ਕੇ ਜਾਗਦਾ ਰਿਹਾ।
ਆਪਰੇਸ਼ਨ ਵਾਲੇ ਦਿਨ ਕੀਰਤ ਨੇ ਉਸਦਾ ਹੱਥ ਫੜ ਕੇ ਕਿਹਾ,
"ਜੇ ਮੈਂ ਵਾਪਸ ਨਾ ਆਈ... ਤਾਂ ਇੱਕ ਵਾਅਦਾ ਕਰੋ... ਕਿਸੇ ਚੰਗੀ ਕੁੜੀ ਨਾਲ ਵਿਆਹ ਕਰ ਲੈਣਾ।"
ਅਰਜੁਨ ਦੀਆਂ ਅੱਖਾਂ ਭਰ ਆਈਆਂ।
"ਤੂੰ ਮੇਰੀ ਜ਼ਿੰਦਗੀ ਵਿੱਚ ਇੱਕ ਵਾਰ ਆਈ ਹੈਂ... ਤੇ ਇੱਕੋ ਵਾਰ ਰਹੇਂਗੀ।"
ਆਪਰੇਸ਼ਨ ਅੱਠ ਘੰਟੇ ਚੱਲਿਆ।
ਬਾਹਰ ਪੂਰਾ ਪਰਿਵਾਰ ਅਰਦਾਸ ਕਰਦਾ ਰਿਹਾ।
ਆਖ਼ਿਰ ਡਾਕਟਰ ਬਾਹਰ ਆਏ।
ਉਹ ਮੁਸਕਰਾ ਰਹੇ ਸਨ।
"ਮੁਬਾਰਕਾਂ... ਆਪਰੇਸ਼ਨ ਕਾਮਯਾਬ ਹੋ ਗਿਆ।"
ਅਰਜੁਨ ਉਥੇ ਹੀ ਫੁੱਟ-ਫੁੱਟ ਕੇ ਰੋ ਪਿਆ।
ਕੁਝ ਦਿਨਾਂ ਬਾਅਦ ਕੀਰਤ ਨੇ ਅੱਖਾਂ ਖੋਲ੍ਹੀਆਂ।
ਸਭ ਤੋਂ ਪਹਿਲਾਂ ਉਸਨੇ ਅਰਜੁਨ ਨੂੰ ਦੇਖਿਆ।
ਉਹ ਹੱਸਦੀ ਹੋਈ ਬੋਲੀ,
"ਲੱਗਦਾ ਹੈ... ਰੱਬ ਨੇ ਮੈਨੂੰ ਤੁਹਾਡੇ ਪਿਆਰ ਕਰਕੇ ਵਾਪਸ ਭੇਜ ਦਿੱਤਾ।"
ਅਰਜੁਨ ਨੇ ਉਸਦਾ ਮੱਥਾ ਚੁੰਮਦਿਆਂ ਕਿਹਾ,
"ਨਹੀਂ... ਰੱਬ ਨੇ ਮੇਰੀਆਂ ਸਾਹਾਂ ਵਾਪਸ ਕਰ ਦਿੱਤੀਆਂ ਹਨ।" ਕਈ ਸਾਲਾਂ ਬਾਅਦ, ਜਦੋਂ ਉਹਨਾਂ ਦੀ ਧੀ ਸਕੂਲ ਵਿੱਚ ਪੁੱਛਦੀ ਹੈ, "ਮੰਮੀ... ਤੁਹਾਨੂੰ ਸਭ ਤੋਂ ਮਹਿੰਗਾ ਤੋਹਫ਼ਾ ਪਾਪਾ ਨੇ ਕੀ ਦਿੱਤਾ ਸੀ?"
ਕੀਰਤ ਮੁਸਕਰਾ ਕੇ ਅਰਜੁਨ ਵੱਲ ਵੇਖਦੀ ਹੈ ਤੇ ਕਹਿੰਦੀ ਹੈ, ਇਨ੍ਹਾਂ ਨੇ ਮੈਨੂੰ ਦੂਜੀ ਜ਼ਿੰਦਗੀ ਦਿੱਤੀ ਸੀ।

# (ਭਗਤ ਪੂਰਨ ਸਿੰਘ)

ਭਗਤ ਪੂਰਨ ਸਿੰਘ ਨਹੀਂ,ਉਹ ਤਾਂ ਪੂਰਨ ਸੰਤ ਸੀ
ਜਿਸ ਨੇ ਬੇ ਸਹਾਰਿਆਂ ਨੂੰ ਹੀ ਬਣਾ ਲਿਆ ਆਪਣਾ ਜੀਆ ਜੰਤ ਸੀ
ਬੇ ਸਹਾਰਿਆਂ ਦਾ ਬਣਿਆ ਸਹਾਰਾ ਉਹ
ਡੁੱਬਦਿਆਂ ਦਾ ਬਣਿਆ ਕਿਨਾਰਾ ਉਹ
ਸੇਵਾ ਹੀ ਜਿਸ ਦਾ ਕਰਮ ਸੀ।
ਸੇਵਾ ਹੀ ਜਿਸ ਦਾ ਧਰਮ ਸੀ।
ਦੁਨੀਆ ਵਿੱਚ ਮਿਲਦੀ ਨਾ ਕੋਈ ਮਿਸਾਲ ਜੀ।
ਰੇਹੜੀਆਂ ਤੇ ਲੱਦ ਲੱਦ ਮਰੀਜ਼ਾਂ ਦਾ ਕੀਤਾ ਇਲਾਜ ਜੀ।
ਲੋਕਾਂ ਦੇ ਮਰਾਨੇ ਸੀ ਉਹ ਮਰਦੇ।
ਜ਼ਖਮੀਆਂ ਦੀਆਂ ਪੱਟੀਆਂ ਆਪਣੇ ਹੱਥੀਂ ਸੀ ਕਰਦੇ।
ਉਨਾਂ ਵਲੋਂ ਲਾਇਆ ਨਿੱਕਾ ਜਿਹਾ ਬੂਟਾ, ਅੱਜ ਬਣ ਗਿਆ ਵੱਡਾ ਝਾੜਾ ਏ।
ਨਾਮ ਜਿਸਦਾ ਪਿੰਗਲਵਾੜਾ ਏ।
ਭਗਤ ਪੂਰਨ ਸਿੰਘ ਤਾਂ ਆਪਣਾ ਕੰਮ ਕਰ ਗਿਆ ਪੂਰਨ ਏ।
ਇਸ ਮਿਸ਼ਨ ਨੂੰ ਅੱਗੇ ਵਧਾਉਣ ਲਈ ।
ਸਾਨੂੰ ਉਹਨਾਂ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਜ਼ਰੂਰਤ ਏ।
ਅੱਜ ਬਰਸੀ ਤੇ ਸਤਬੀਰ ਵੱਲੋਂ ਨਿੱਘੀ ਸ਼ਰਧਾਂਜਲੀ।

ਸਿਫ਼ਰ ਸਤਬੀਰ




CANADIAN TRUCK TRAINING CENTRE



ਤਸੱਲੀਬਕਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ
Approved private career college,
Training Classes for Air Brakes,
Dangerous Goods & Log Book
7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

## ਸਿਫ਼ਰ ਕਾਲ

# ਮਨਪ੍ਰੀਤ ਇਆਲੀ ਨਾਲ ਖਹਿਬੜੇ ਚੀਮਾ ਤੇ ਧਾਲੀਵਾਲ



ਚਰਨਜੀਤ ਭੁੱਲਰ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੇ ਸਿਫ਼ਰ ਕਾਲ ਦੌਰਾਨ ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਆਲ਼ੀ ਵੱਲੋਂ ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਦੇ ਦੋਸ਼ੀਆਂ ਦੇ ਮੁੱਦੇ ’ਤੇ ਜਦੋਂ ‘ਆਪ’ ਸਰਕਾਰ ਨੂੰ ਘੇਰਿਆ ਤਾਂ ਸੱਤਾਧਾਰੀ ਧਿਰ ਦੇ ਮੈਂਬਰ ਭੜਕ ਗਏ। ਇਸ ਮੌਕੇ ਮਨਪ੍ਰੀਤ ਇਆਲੀ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਖਹਿਬੜ ਪਏ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੀ ਇਆਲੀ ’ਤੇ ਤਿੱਖਾ ਵਾਰ ਕੀਤਾ। ਇਆਲ਼ੀ ਨੇ ਫ਼ਿਲਮ ‘ਸਤਲੁਜ’ ਦੇ ਹਵਾਲੇ ਨਾਲ ਗੱਲ ਸ਼ੁਰੂ ਕੀਤੀ। ਮਨਪ੍ਰੀਤ ਇਆਲ਼ੀ ਨੇ ਪੰਜਾਬ ਦੇ ਕਾਲੇ ਦੌਰ ਦਾ ਜ਼ਿਕਰ ਕਰਦਿਆਂ ਝੂਠੇ ਪੁਲੀਸ ਮੁਕਾਬਲਿਆਂ, ਲਾਪਤਾ ਨੌਜਵਾਨਾਂ ਤੇ ਲਾਵਾਰਸ ਲਾਸ਼ਾਂ ਦੇ ਮੁੱਦੇ ਨੂੰ ਛੋਹਿਆ ਅਤੇ ਮਨੁੱਖੀ ਅਧਿਕਾਰਾਂ ਦੇ ਹੋਏ ਘਾਣ ਦੀ ਗੱਲ ਕੀਤੀ।

ਉਨ੍ਹਾਂ ਬੀਬੀ ਪਰਮਜੀਤ ਕੌਰ ਖਾਲੜਾ ਦੀ ਮੰਗ ਦੇ ਹਵਾਲੇ ਨਾਲ ਕਾਂਗਰਸ ਪਾਰਟੀ, ਅਕਾਲੀ ਦਲ ਤੇ ਭਾਜਪਾ ਦੀ ਘੇਰਾਬੰਦੀ ਕਰਦਿਆਂ ਮੌਜੂਦਾ ‘ਆਪ’ ਸਰਕਾਰ ’ਤੇ ਵੀ ਉਂਗਲ ਚੁੱਕ ਦਿੱਤੀ। ਇਆਲ਼ੀ ਨੇ ਕਿਹਾ ਕਿ ਪੰਜਾਬ ਸਰਕਾਰ ਸਪਸ਼ਟ ਕਰੇ ਕਿ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਕਾਤਲ ਡੀ ਐੱਸ ਪੀ ਜਸਪਾਲ ਸਿੰਘ, ਸਬ-ਇੰਸਪੈਕਟਰ ਸਤਨਾਮ ਸਿੰਘ ਅਤੇ ਸਬ-ਇੰਸਪੈਕਟਰ ਜਸਬੀਰ ਸਿੰਘ ਹੁਣ ਕਿੱਥੇ ਹਨ। ਇਆਲ਼ੀ ਨੇ ਕਿਹਾ ਕਿ ਕੀ ਖਾਲੜਾ ਦੇ ਦੋਸ਼ੀ ਰਿਹਾਅ ਕਰ ਦਿੱਤੇ ਗਏ ਹਨ ਜਾਂ ਫਿਰ ਕੀ ਇਹ ਦੋਸ਼ੀ ਪੈਰੋਲ ’ਤੇ ਹਨ, ਇਸ ਦਾ ਜਵਾਬ ਸਰਕਾਰ ਦੇਵੇ। ਸੱਤਾਧਾਰੀ ਧਿਰ ਤਰਫ਼ੋਂ ਇਸ ਸਵਾਲ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜਵਾਬੀ ਹਮਲੇ ’ਚ ਸਦਨ ’ਚ ਕਿਹਾ ਕਿ ਪੰਜਾਬ ’ਚ ਕਾਲੇ ਦੌਰ ਦੌਰਾਨ ਕਾਂਗਰਸ ਰਾਜ ’ਚ ਸਭ ਕੁਝ ਹੋਇਆ ਅਤੇ ਉਸ ਮਗਰੋਂ ਅਕਾਲੀ ਦਲ ਨੇ ਆਪਣੇ ਚੋਣ ਮਨੋਰਥ ਪੱਤਰ ’ਚ ਜਾਂਚ ਦੀ ਗੱਲ ਕੀਤੀ। ਚੀਮਾ ਨੇ ਕਿਹਾ ਕਿ ਇਆਲ਼ੀ ਵੀ ਉਸੇ ਅਕਾਲੀ ਸਰਕਾਰ ਦਾ ਹਿੱਸਾ ਰਹੇ ਹਨ ਤਾਂ ਉਹ ਉਸ ਵਕਤ ਚੁੱਪ ਕਿਉਂ ਰਹੇ। ਇਸੇ ਦੌਰਾਨ ‘ਆਪ’ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਹੱਲਾ ਬੋਲਦਿਆਂ ਕਿਹਾ ਕਿ ਉਸ ਦੌਰ ’ਚ ਬੇਗੁਨਾਹਾਂ ਦੇ ਕਤਲ ਹੋਏ।

ਧਾਲੀਵਾਲ ਨੇ ਸੁਆਲ ਕੀਤਾ ਕਿ ਜਦੋਂ ਸੁਮੇਧ ਸੈਣੀ ਨੂੰ ਅਕਾਲੀ ਸਰਕਾਰ ਸਮੇਂ ਡੀ ਜੀ ਪੀ ਲਾਇਆ ਗਿਆ ਤਾਂ ਉਸ ਵਕਤ ਇਆਲ਼ੀ ਕਿਉਂ ਨੀ ਬੋਲੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਇਜ਼ਹਾਰ ਆਲਮ ਦੇ ਪਰਿਵਾਰ ਨੂੰ ਟਿਕਟ ਦਿੱਤੀ ਤਾਂ ਉਦੋਂ ਇਆਲ਼ੀ ਕਿਉਂ ਚੁੱਪ ਰਹੇ। ਬਸਪਾ ਵਿਧਾਇਕ ਡਾ. ਨਛੱਤਰਪਾਲ ਵੀ ਅੱਜ ਕਾਲੇ ਦੌਰ ਮੌਕੇ ਮਨੁੱਖੀ ਅਧਿਕਾਰਾਂ ਦੇ ਹੋਏ ਘਾਣ ਨੂੰ ਦਰਸਾਉਂਦਾ ਚੋਲ੍ਹਾ ਪਹਿਨ ਕੇ ਸਦਨ ’ਚ ਆਏ।



**ਸੁਖਾਨੰਦ ਨੇ ਚੁੱਕਿਆ ਚੌਲ ਸਨਅਤ ਦਾ ਮੁੱਦਾ**

ਬਾਘਾ ਪੁਰਾਣਾ ਤੋਂ ਵਿਧਾਇਕ ਅੰਮ੍ਰਿਤਪਾਲ ਸਿੰਘ ਸੁੱਖਾਨੰਦ ਨੇ ਪੰਜਾਬ ਦੇ ਗੁਦਾਮਾਂ ’ਚ ਪਏ ਅਨਾਜ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਵਿਚਲੇ ਗੁਦਾਮਾਂ ਵਿੱਚੋਂ ਅਨਾਜ ਨਹੀਂ ਚੁੱਕਿਆ ਜਾ ਰਿਹਾ ਹੈ ਜਿਸ ਕਰਕੇ ਚੌਲ ਮਿੱਲ ਮਾਲਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਚੌਲ ਸਨਅਤ ਨੂੰ ਬਚਾਉਣ ਲਈ ਸਭਨਾਂ ਹਿੱਸੇਦਾਰ ਧਿਰਾਂ ਨੂੰ ਨਾਲ ਲੈ ਕੇ ਕੇਂਦਰ ਸਰਕਾਰ ਕੋਲ ਪਹੁੰਚ ਕਰਨੀ ਚਾਹੀਦੀ ਹੈ।

**ਪੰਜਾਬ ਵਿਧਾਨ ਸਭਾ: ਝਲਕੀਆਂ**

* ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਨਰਿੰਦਰ ਮੋਦੀ ‘ਪ੍ਰੀਖਿਆ ’ਤੇ ਚਰਚਾ’ ਤਾਂ ਕਰਦੇ ਨੇ ਪਰ ਉਨ੍ਹਾਂ ਦੀ ਖ਼ੁਦ ਦੀ ਡਿਗਰੀ ਲੱਭ ਨਹੀਂ ਰਹੀ, ਨਾ ਹੀ ਉਨ੍ਹਾਂ ਨੂੰ ਪੇਪਰ ਲੀਕ ਰੋਕਣ ਦਾ ਤਰੀਕਾ ਲੱਭ ਰਿਹੈ।
* ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅਦਾਕਾਰਾ ਕੰਗਣਾ ਰਣੌਤ ਦਾ ਬਿਨਾਂ ਨਾਮ ਲਏ ਕਿਹਾ ਕਿ ਉਸ ਬੀਬੀ ਨੂੰ ਵੀ ਮੁਆਫ਼ੀ ਮੰਗਣੀ ਚਾਹੀਦੀ ਹੈ।
* ਸਪੀਕਰ ਸੰਧਵਾਂ ਅੱਜ ਨਰਿੰਦਰ ਮੋਦੀ ਦੀ ਨਕਲ ਉਤਾਰਨ ਦੇ ਲਹਿਜ਼ੇ ’ਚ ਵਾਰ-ਵਾਰ ‘ਫਰੈਂਡਜ਼’ ਲਫ਼ਜ਼ ਬੋਲਦੇ ਰਹੇ।
* ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਦਨ ’ਚ ਜਦੋਂ ਅੱਜ ਸ਼ਾਇਰੋ-ਸ਼ਾਇਰੀ ਵੀ ਕੀਤੀ ਤਾਂ ਉਸ ਮੌਕੇ ਕਈ ਮੈਂਬਰ ਮਨਪ੍ਰੀਤ ਸਿੰਘ ਬਾਦਲ ਨੂੰ ਚੇਤੇ ਕਰ ਰਹੇ ਸਨ। ਬੈਂਸ ਅੱਜ ਤਿਆਰੀ ਨਾਲ ਆਏ ਹੋਏ ਸਨ।

# ਹੁਣ ਦੀ ਗੱਲ- ਸ਼ੀਸ਼ੇ ਵਿੱਚ ਕੈਦ ਸੱਤਾ

ਸੱਤਾ ਪਹਿਲਾਂ ਸੁਣਨਾ ਛੱਡਦੀ ਹੈ।
ਫਿਰ ਦੇਖਣਾ।
ਉਦੋਂ ਉਹ ਆਪਣਾ ਸ਼ੀਸ਼ਾ ਬਣਾ ਲੈਂਦੀ ਹੈ।
ਸ਼ੀਸ਼ਾ ਕਦੇ ਝੂਠ ਨਹੀਂ ਬੋਲਦਾ।
ਉਹ ਸਿਰਫ਼ ਉਹੀ ਦਿਖਾਉਂਦਾ ਹੈ, ਜੋ ਉਸ ਦੇ ਸਾਹਮਣੇ ਖੜ੍ਹਾ ਹੋਵੇ।

ਇਸੇ ਲਈ ਹਰ ਸੱਤਾ ਆਪਣੇ ਆਲ਼ੇ-ਦੁਆਲ਼ੇ ਅਜਿਹੇ ਚਿਹਰੇ ਇਕੱਠੇ ਕਰ ਲੈਂਦੀ ਹੈ, ਜੋ ਉਸ ਨੂੰ ਉਹੀ ਦਿਖਾਉਣ, ਜੋ ਉਹ ਦੇਖਣਾ ਚਾਹੁੰਦੀ ਹੈ। ਹੌਲ਼ੀ-ਹੌਲ਼ੀ ਲੋਕ ਓਝਲ ਹੁੰਦੇ ਜਾਂਦੇ ਹਨ, ਪਰਛਾਵੇਂ ਰਹਿ ਜਾਂਦੇ ਹਨ। ਸਵਾਲ ਹਾਸ਼ੀਏ 'ਤੇ ਧੱਕੇ ਜਾਣ ਲੱਗਦੇ ਹਨ। ਆਵਾਜ਼ਾਂ ਘੱਟ ਹੋ ਜਾਂਦੀਆਂ ਹਨ, ਚਾਪਲੂਸੀਆਂ ਵੱਧ ਜਾਂਦੀਆਂ ਹਨ। ਫਿਰ ਇੱਕ ਦਿਨ ਸੱਤਾ ਨੂੰ ਇਹ ਭੁਲੇਖਾ ਹੋ ਜਾਂਦਾ ਹੈ ਕਿ ਸ਼ੀਸ਼ੇ ਵਿੱਚ ਦਿਖਾਈ ਦੇ ਰਹੀ ਤਸਵੀਰ ਹੀ ਮੁਲਕ ਦੀ ਤਸਵੀਰ ਹੈ।

ਸ਼ੀਸ਼ੇ ਦੀ ਇੱਕ ਹੱਦ ਹੁੰਦੀ ਹੈ।
ਉਹ ਚਿਹਰਾ ਦਿਖਾ ਸਕਦਾ ਹੈ।
ਚਿੰਤਾ ਨਹੀਂ।
ਉਹ ਮੁਸਕਰਾਹਟ ਦਿਖਾ ਸਕਦਾ ਹੈ।
ਬੇਚੈਨੀ ਨਹੀਂ।

ਇਹੀ ਉਹ ਪਲ ਹੁੰਦਾ ਹੈ, ਜਦੋਂ ਸੱਤਾ ਲੋਕਾਂ ਨੂੰ ਪੜ੍ਹਨਾ ਛੱਡ ਦਿੰਦੀ ਹੈ। ਉਹ ਫ਼ਾਈਲਾਂ ਪੜ੍ਹਦੀ ਹੈ। ਆਪਣੇ ਹੀ ਸਰਵੇਖਣਾਂ 'ਤੇ ਯਕੀਨ ਕਰਦੀ ਹੈ। ਇਸ਼ਤਿਹਾਰਾਂ ਨੂੰ ਹੀ ਜਨਮਤ ਸਮਝ ਬੈਠਦੀ ਹੈ। ਜਿਹੜੀਆਂ ਆਵਾਜ਼ਾਂ ਅਸਹਿਮਤੀ ਨਾਲ ਭਰੀਆਂ ਹੁੰਦੀਆਂ ਹਨ, ਉਹ ਸ਼ੋਰ ਕਹੀਆਂ ਜਾਣ ਲੱਗਦੀਆਂ ਹਨ।

ਫਿਰ ਸ਼ੀਸ਼ਾ ਸਾਫ਼ ਹੁੰਦਾ ਜਾਂਦਾ ਹੈ।
ਹਕੀਕਤ ਧੁੰਦਲੀ।
ਫਿਰ ਧੁੰਦ ਨੂੰ ਹੀ ਦ੍ਰਿਸ਼ ਸਮਝ ਲਿਆ ਜਾਂਦਾ ਹੈ।

ਸੱਚ ਦੀ ਇੱਕ ਅਜੀਬ ਆਦਤ ਹੈ।
ਉਹ ਉਡੀਕ ਕਰ ਲੈਂਦਾ ਹੈ।
ਦਰਵਾਜ਼ਾ ਨਹੀਂ ਖੜਕਾਉਂਦਾ ।

ਸੱਚ ਨੂੰ ਨਾ ਨਾਅਰਿਆਂ ਨਾਲ਼ ਹਰਾਇਆ ਜਾ ਸਕਦਾ ਹੈ, ਨਾ ਇਸ਼ਤਿਹਾਰਾਂ ਨਾਲ਼। ਜਦੋਂ ਲੋਕ ਬੋਲਣੋਂ ਹਟ ਜਾਂਦੇ ਹਨ, ਉਦੋਂ ਵੀ ਸੱਚ ਬੋਲਦਾ ਰਹਿੰਦਾ ਹੈ; ਚੋਣਾਂ ਵਿੱਚ, ਸੜਕਾਂ 'ਤੇ, ਅਦਾਲਤਾਂ ਵਿੱਚ, ਕਵਿਤਾਵਾਂ ਵਿੱਚ ਅਤੇ ਕਈ ਵਾਰ ਆਮ ਬੰਦੇ ਦੀ ਚੁੱਪ ਵਿੱਚ ਵੀ।

ਇਸੇ ਲਈ ਸੱਤਾ ਨੂੰ ਸਭ ਤੋਂ ਵੱਡਾ ਖ਼ਤਰਾ ਵਿਰੋਧੀ ਧਿਰ ਤੋਂ ਨਹੀਂ ਹੁੰਦਾ।
ਉਸ ਸਵਾਲ ਤੋਂ ਹੁੰਦਾ ਹੈ,
ਜਿਸ ਦਾ ਜਵਾਬ
ਉਸ ਦੇ ਆਪਣੇ ਸ਼ੀਸ਼ੇ ਕੋਲ਼ ਵੀ ਨਹੀਂ ਹੁੰਦਾ।

ਜਮਹੂਰੀਅਤ ਸ਼ੀਸ਼ਿਆਂ ਨਾਲ਼ ਨਹੀਂ ਚੱਲਦੀ।
ਉਹ ਖੁੱਲ੍ਹੀਆਂ ਖਿੜਕੀਆਂ ਨਾਲ਼ ਚੱਲਦੀ ਹੈ।
ਖਿੜਕੀਆਂ ਖੁੱਲ੍ਹੀਆਂ ਰਹਿਣ ਤਾਂ ਹਵਾ ਵੀ ਆਉਂਦੀ ਹੈ, ਰੌਸ਼ਨੀ ਵੀ ਅਤੇ ਲੋਕਾਂ ਦੀ ਆਵਾਜ਼ ਵੀ।
ਸ਼ੀਸ਼ੇ ਸਿਰਫ਼ ਚਿਹਰੇ ਦਿਖਾਉਂਦੇ ਹਨ।
ਖਿੜਕੀਆਂ ਦੁਨੀਆ।

ਹਰ ਸੱਤਾ ਨੂੰ ਇੱਕ ਦਿਨ ਇਹ ਚੋਣ ਕਰਨੀ ਪੈਂਦੀ ਹੈ ਕਿ ਉਸ ਨੇ ਸ਼ੀਸ਼ੇ ਵਿੱਚ ਕੈਦ ਰਹਿਣਾ ਹੈ ਜਾਂ ਖਿੜਕੀ ਖੋਲ੍ਹਣੀ ਹੈ। ਕਿਉਂਕਿ ਸ਼ੀਸ਼ੇ ਵਿੱਚ ਕੈਦ ਸੱਤਾ ਕੁਝ ਸਮੇਂ ਲਈ ਆਪਣੇ ਆਪ ਨੂੰ ਦੇਖ ਸਕਦੀ ਹੈ, ਲੋਕਾਂ ਨੂੰ ਨਹੀਂ ਅਤੇ ਜਦੋਂ ਸੱਤਾ ਲੋਕਾਂ ਨੂੰ ਦੇਖਣਾ ਛੱਡ ਦੇਵੇ, ਲੋਕ ਵੀ ਇੱਕ ਦਿਨ ਉਸ ਵੱਲ ਦੇਖਣਾ ਛੱਡ ਦਿੰਦੇ ਹਨ।
ਇਤਿਹਾਸ ਵਿੱਚ ਸ਼ੀਸ਼ੇ ਬਹੁਤ ਬਦਲੇ ਹਨ।
ਚਿਹਰੇ ਵੀ।
ਪਰ ਸੱਚ ਅੱਜ ਵੀ ਕਿਸੇ ਸ਼ੀਸ਼ੇ ਵਿੱਚ ਨਹੀਂ ਰਹਿੰਦਾ।
ਉਹ ਲੋਕਾਂ ਦੀਆਂ ਅੱਖਾਂ ਵਿੱਚ ਵੱਸਦਾ ਹੈ।

-ਸੁਸ਼ੀਲ ਦੁਸਾਂਝ

# ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਫ਼ੈਸਲਾ ਸਿੱਖ ਭਾਵਨਾਵਾਂ ਅਨੁਸਾਰ ਹੋਵੇ: ਐਡਵੋਕੇਟ ਧਾਮੀ



ਅੰਮ੍ਰਿਤਸਰ: ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਈ ਲਾਂਘਾ ਲੰਬੇ ਸਮੇਂ ਤੋਂ ਬੰਦ ਰਹਿਣ ਦੇ ਮਾਮਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੇਂਦਰ ਸਰਕਾਰ ਨੂੰ ਜਲਦ ਇਸ ਸਬੰਧੀ ਫ਼ੈਸਲਾ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਕਰੋੜਾਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ, ਇਸ ਲਈ ਸਰਕਾਰ ਨੂੰ ਸਿੱਖ ਸੰਗਤ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਲਾਂਘਾ ਮੁੜ ਖੋਲ੍ਹਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਲਾਂਘੇ ਦਾ ਲੰਬੇ ਸਮੇਂ ਤੋਂ ਬੰਦ ਰਹਿਣ ਨਾਲ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚ ਰਹੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਅਸਥਾਨ ਦਾ ਇਹ ਲਾਂਘਾਂ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਸ਼ਾਂਤੀ ਦਾ ਸੁਨੇਹਾ ਹੈ, ਜਿਸ ਤੇ ਕਿਸੇ ਨੂੰ ਇਤਰਾਜ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਸੀਂ ਮੰਨਦੇ ਹਾਂ ਕਿ ਦੇਸ਼ ਦੀ ਸੁਰੱਖਿਆ ਹਰ ਸਰਕਾਰ ਦੀ ਪ੍ਰਮੁੱਖ ਜ਼ਿੰਮੇਵਾਰੀ ਹੈ, ਪਰ ਇਸ ਦੇ ਨਾਲ-ਨਾਲ ਧਾਰਮਿਕ ਆਜ਼ਾਦੀ ਅਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਵੀ ਉਤਨਾ ਹੀ ਮਹੱਤਵਪੂਰਨ ਹੈ।

ਇਸ ਲਈ ਸਰਕਾਰ ਨੂੰ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਪ੍ਰਭਾਵਸ਼ਾਲੀ ਪ੍ਰਬੰਧ ਕਰਕੇ ਇਸ ਮਾਮਲੇ ਦੀ ਜਲਦ ਸਮੀਖਿਆ ਕਰਦੇ ਹੋਏ ਲਾਂਘਾ ਮੁੜ ਖੋਲ੍ਹਣ ਦਾ ਫ਼ੈਸਲਾ ਕਰਨਾ ਚਾਹੀਦਾ ਹੈ। ਕੇਂਦਰੀ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਵੱਲੋਂ ਸੰਸਦ 'ਚ ਕਰਤਾਰਪੁਰ ਲਾਂਘੇ ਨੂੰ ਫਿਲਹਾਲ ਮੁੜ ਨਾ ਖੋਲ੍ਹਣ ਸਬੰਧੀ ਦਿੱਤੇ ਗਏ ਜਵਾਬ ਤੋਂ ਬਾਅਦ ਐਡਵੋਕੇਟ ਧਾਮੀ ਨੇ ਆਪਣੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਾਹਿਬ ਸਿੱਖ ਧਰਮ ਦਾ ਬਹੁਤ ਹੀ ਪਵਿੱਤਰ ਅਸਥਾਨ ਹੈ, ਜਿੱਥੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ ਸਾਲ ਬਿਤਾਏ ਤੇ ਸਮੁੱਚੀ ਮਨੁੱਖਤਾ ਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਸੰਦੇਸ਼ ਦਿੱਤਾ।

# ਤਣਾਅ ਨਾ ਵਧਾਏ ਸਰਕਾਰ, ਗੱਲਬਾਤ ਦਾ ਰਾਹ ਚੁਣੇ:

## ਬੇਅਦਬੀ ਐਕਟ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਵੱਡਾ ਬਿਆਨ



'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ 2026' ਦੀਆਂ ਇਤਰਾਜ਼ਯੋਗ ਮੱਦਾਂ ਨੂੰ ਹਟਾਉਣ ਦੇ ਮਾਮਲੇ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਚਾਲੇ ਬਣੀ ਤਣਾਅ ਵਾਲੀ ਸਥਿਤੀ ਬਾਰੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਖਿਆ ਕਿ ਸਰਕਾਰ ਇਸ ਮਾਮਲੇ ਵਿੱਚ ਤਣਾਅ ਵਾਲਾ ਮਾਹੌਲ ਬਣਾਉਣ ਦੀ ਥਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਕਮੇਟੀ ਨਾਲ ਗੱਲਬਾਤ ਕਰਕੇ ਮਾਮਲੇ ਨੂੰ ਹੱਲ ਕਰਨ ਵਾਲੇ ਪਾਸੇ ਯਤਨ ਕਰੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਭੇਜੀ ਗਈ ਇੱਕ ਵੀਡੀਓ ਵਿੱਚ ਜਥੇਦਾਰ ਗੜਗੱਜ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪਹਿਲਾਂ ਵੀ ਸਰਕਾਰ ਨੂੰ ਇਸ ਮਾਮਲੇ ਵਿੱਚ ਇਤਰਾਜ਼ਯੋਗ ਮੱਦਾਂ ਹਟਾਉਣ ਵਾਸਤੇ ਦੋ ਵਾਰ ਆਖਿਆ ਜਾ ਚੁੱਕਾ ਹੈ ਅਤੇ ਦੋ ਵਾਰ ਹੀ ਸਮਾਂ ਦਿੱਤਾ ਗਿਆ ਹੈ। ਹੁਣ ਮੁੜ ਦੋ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਇਸ ਸਬੰਧ ਵਿੱਚ ਇੱਕ ਛੇ-ਮੈਂਬਰੀ ਕਮੇਟੀ ਵੀ ਬਣਾਈ ਗਈ ਹੈ, ਜਿਸ ਵਿੱਚ ਦੋ ਸੇਵਾਮੁਕਤ ਸਿੱਖ ਜੱਜ, ਇੱਕ ਸਿੱਖ ਵਕੀਲ ਅਤੇ ਦੋ ਸਿੱਖ ਵਿਦਵਾਨ ਸ਼ਾਮਲ ਹਨ। ਕੋਆਰਡੀਨੇਟਰ ਵਜੋਂ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਸ਼ਾਮਲ ਹਨ। ਇਹ ਸਾਰੇ ਹੀ ਸਿੱਖ ਵਿਦਵਾਨ ਅਤੇ ਕਾਨੂੰਨੀ ਮਾਹਰ ਵੀ ਹਨ। ਸਰਕਾਰ ਆਪਣੀ ਵੀ ਇੱਕ ਕਮੇਟੀ ਬਣਾਏ ਜੋ ਇਸ ਕਮੇਟੀ ਨਾਲ ਤਾਲਮੇਲ ਕਰੇ ਤਾਂ ਜੋ ਇਤਰਾਜ਼ਯੋਗ ਮੱਦਾਂ ਨੂੰ ਹਟਾਉਣ ਵਾਸਤੇ ਵਿਚਾਰ-ਚਰਚਾ ਕੀਤੀ ਜਾ ਸਕੇ।

ਉਨ੍ਹਾਂ ਆਖਿਆ ਕਿ 29 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਾਰੇ ਸਿੱਖ ਵਿਧਾਇਕ ਅਤੇ ਮੰਤਰੀ ਸੱਦੇ ਗਏ ਸਨ, ਜਿਨ੍ਹਾਂ ਨੇ ਇਨ੍ਹਾਂ ਇਤਰਾਜ਼ਯੋਗ ਮੱਦਾਂ ਨੂੰ ਹਟਾਉਣ ਦੀ ਸਹਿਮਤੀ ਦਿੱਤੀ ਸੀ। ਪਰ ਉਸ ਤੋਂ ਬਾਅਦ ਸਰਕਾਰ ਵੱਲੋਂ ਭੇਜੇ ਗਏ ਜਵਾਬ ਵਿੱਚ ਇਤਰਾਜ਼ਯੋਗ ਮੱਦਾਂ ਨੂੰ ਹਟਾਉਣ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਇਤਰਾਜ਼ਯੋਗ ਮੱਦਾਂ ਦੇ ਸਮੇਤ ਸਿੱਖ ਪੰਥ ਕਦੇ ਵੀ ਅਜਿਹੇ ਕਾਨੂੰਨ ਨੂੰ ਪ੍ਰਵਾਨ ਨਹੀਂ ਕਰੇਗਾ।

ਬੀਤੇ ਕੱਲ੍ਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ, ਸਾਰੇ ਸਿੱਖ ਵਿਧਾਇਕਾਂ ਅਤੇ ਸਿੱਖ ਮੰਤਰੀਆਂ ਨੂੰ ਪੱਤਰ ਭੇਜ ਕੇ ਤਾਕੀਦ ਕੀਤੀ ਗਈ ਹੈ ਕਿ 3 ਅਗਸਤ ਨੂੰ ਵਿਧਾਨ ਸਭਾ ਦੇ ਹੋਣ ਵਾਲੇ ਇਜਲਾਸ ਵਿੱਚ ਪੰਥਕ ਸਹਿਮਤੀ ਤੋਂ ਬਿਨਾਂ ਬੇਅਦਬੀ ਸੋਧ ਐਕਟ ਮਾਮਲੇ ਵਿੱਚ ਕੋਈ ਹੋਰ ਸੋਧ ਵਾਸਤੇ ਸਮਰਥਨ ਨਾ ਦਿੱਤਾ ਜਾਵੇ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵਿਧਾਨ ਸਭਾ ਦੇ ਸਿੱਖ ਵਿਧਾਇਕਾਂ ਨੂੰ ਕੀਤੀ ਗਈ ਤਾਕੀਦ ਦੇ ਮਾਮਲੇ ਵਿੱਚ ਹਾਕਮ ਧਿਰ ਨਾਲ ਸਬੰਧਤ ਸਿੱਖ ਵਿਧਾਇਕ ਫਿਲਹਾਲ ਚੁੱਪ ਹਨ। ਉਹ ਇਸ ਮਾਮਲੇ ਵਿੱਚ ਕੁਝ ਵੀ ਕਹਿਣ ਤੋਂ ਸੰਕੋਚ ਕਰ ਰਹੇ ਹਨ। ਪਤਾ ਲੱਗਾ ਹੈ ਕਿ ਹਾਕਮ ਧਿਰ ਦੇ ਸਿੱਖ ਵਿਧਾਇਕਾਂ ਨੂੰ ਫਿਲਹਾਲ ਇਸ ਸਬੰਧੀ ਹਾਈਕਮਾਂਡ ਵੱਲੋਂ ਕੋਈ ਵੀ ਸੰਕੇਤ ਨਹੀਂ ਆਇਆ ਹੈ, ਜਿਸ ਕਾਰਨ ਉਨ੍ਹਾਂ ਚੁੱਪ ਧਾਰੀ ਹੋਈ ਹੈ। ਜਦੋਂਕਿ ਵਿਰੋਧੀ ਧਿਰ ਨਾਲ ਸਬੰਧਤ ਸਿੱਖ ਵਿਧਾਇਕਾਂ ਵੱਲੋਂ ਇਸ ਮਾਮਲੇ ਵਿੱਚ ਸੋਧ ਦਾ ਪ੍ਰਸਤਾਵ ਆਉਣ 'ਤੇ ਉਸ ਦਾ ਵਿਰੋਧ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਸਾਹਿਬ 'ਚ ਅੱਗ ਲੱਗਣ ਦੀ ਘਟਨਾ ਤੋਂ ਬਾਅਦ ਬੱਬੂ ਮਾਨ ਨੇ ਐਡੀਲੇਡ ਸ਼ੋਅ ਮੁਲਤਵੀ ਕੀਤਾ




ਪੰਜਾਬੀ ਗਾਇਕ ਬੱਬੂ ਮਾਨ ਨੇ ਆਸਟਰੇਲੀਆ ਦੇ ਐਡੀਲੇਡ ਵਿੱਚ ਹੋਣ ਵਾਲੇ ਆਪਣੇ ਸੰਗੀਤਕ ਪ੍ਰੋਗਰਾਮ (ਕੰਸਰਟ) ਨੂੰ ਮੁਲਤਵੀ ਕਰ ਦਿੱਤਾ ਹੈ। ਇਹ ਫ਼ੈਸਲਾ ਐਡੀਲੇਡ ਦੇ ਵਰਜੀਨੀਆ ਵਿੱਚ ਸਥਿਤ ਗੁਰਦੁਆਰਾ ਦਸਮੇਸ਼ ਦਰਬਾਰ ਸਾਹਿਬ ਵਿੱਚ ਲੱਗੀ ਭਿਆਨਕ ਅੱਗ ਤੋਂ ਬਾਅਦ ਲਿਆ ਗਿਆ ਹੈ। ਇਸ ਘਟਨਾ ਵਿੱਚ ਗੁਰਦੁਆਰੇ ਦੀ ਇਮਾਰਤ ਸੜ ਕੇ ਸੁਆਹ ਹੋ ਗਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਅਗਨ ਭੇਟ ਹੋ ਗਏ ਸਨ। ਵਿਕਟੋਰੀਆ ਦੇ ਗੁਰਦੁਆਰਾ ਕੌਂਸਲ ਦੇ ਰਵੀ ਇੰਦਰ ਸਿੰਘ ਨੇ ਕਿਹਾ ਕਿ ਇਸ ਦੁਖਾਂਤ ਨੇ ਪੂਰੇ ਆਸਟਰੇਲੀਆ ਦੇ ਸਿੱਖ ਭਾਈਚਾਰੇ ਨੂੰ ਡੂੰਘੇ ਸਦਮੇ ਅਤੇ ਸੋਗ ਵਿੱਚ ਪਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਅਗਨ ਭੇਟ ਹੋਏ ਸਰੂਪਾਂ ਦੇ ਬਾਕੀ ਬਚੇ ਪਵਿੱਤਰ ਅੰਗਾਂ, ਜਿਲਦਾਂ ਅਤੇ ਰੁਮਾਲਿਆਂ ਦਾ ਸ਼ੁੱਕਰਵਾਰ ਨੂੰ ਪੂਰੇ ਸਤਿਕਾਰ ਨਾਲ ਸਸਕਾਰ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਅਖੰਡ ਪਾਠ ਸਾਹਿਬ ਆਰੰਭ ਕੀਤਾ ਗਿਆ। ਅਖੰਡ ਪਾਠ ਸਾਹਿਬ ਦਾ ਭੋਗ ਐਤਵਾਰ ਨੂੰ ਗੁਰਦੁਆਰਾ ਸਾਹਿਬ ਦਲ ਬਾਬਾ ਬਿਧੀ ਚੰਦ ਜੀ ਖਾਲਸਾ ਛਾਉਣੀ, ਟੂ ਵੈੱਲਜ਼, ਐਡੀਲੇਡ ਵਿਖੇ ਪਵੇਗਾ। ਉੱਥੇ ਹੀ ਸ਼ਨਿੱਚਰਵਾਰ ਨੂੰ ਜਾਰੀ ਇੱਕ ਵੀਡੀਓ ਸੰਦੇਸ਼ ਵਿੱਚ ਬੱਬੂ ਮਾਨ ਨੇ ਕਿਹਾ ਕਿ ਹਾਲੀਆ ਘਟਨਾ ਨੇ ਦੁਨੀਆ ਭਰ ਦੇ ਸਿੱਖਾਂ ਨੂੰ ਡੂੰਘਾ ਦੁੱਖ ਪਹੁੰਚਾਇਆ ਹੈ ਅਤੇ ਉਹ ਵੀ ਇਸ ਦੁੱਖ ਵਿੱਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਗੱਲਬਾਤ ਤੋਂ ਬਾਅਦ, ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਐਡੀਲੇਡ ਸ਼ੋਅ ਨੂੰ ਮੁਲਤਵੀ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

ਮਾਨ ਨੇ ਪ੍ਰਸ਼ੰਸਕਾਂ ਨੂੰ ਭਰੋਸਾ ਦਿਵਾਇਆ ਕਿ ਜਲਦੀ ਹੀ ਨਵੀਂ ਤਾਰੀਖ਼ ਦਾ ਐਲਾਨ ਕੀਤਾ ਜਾਵੇਗਾ ਅਤੇ ਪਹਿਲਾਂ ਤੋਂ ਖਰੀਦੇ ਗਏ ਸਾਰੇ ਟਿਕਟ ਵੈਧ ਰਹਿਣਗੇ, ਜਿਸ ਦੀ ਅੱਪਡੇਟ ਕੀਤੀ ਗਈ ਜਾਣਕਾਰੀ ਈਮੇਲ ਰਾਹੀਂ ਭੇਜੀ ਜਾਵੇਗੀ। ਪਿਛਲੇ ਐਤਵਾਰ ਗੁਰਦੁਆਰਾ ਦਸਮੇਸ਼ ਦਰਬਾਰ ਸਾਹਿਬ ਵਿਖੇ ਲੱਗੀ ਅੱਗ ਨੇ ਗੁਰਦੁਆਰੇ ਦੀ ਇਮਾਰਤ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ। ਅੱਗ ਲੱਗਣ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਸਰੂਪ, ਪੋਥੀਆਂ ਅਤੇ ਗੁਟਕਾ ਸਾਹਿਬ ਅਗਨ ਭੇਟ ਹੋ ਗਏ ਸਨ।

# ਸੈਨ ਡਿਏਗੋ 'ਚ F-35B ਸਟੀਲਥ ਲੜਾਕੂ ਜਹਾਜ਼ ਹਾਦਸਾਗ੍ਰਸਤ

## ਜ਼ੋਰਦਾਰ ਧਮਾਕੇ ਤੋਂ ਬਾਅਦ ਲੱਗੀ ਅੱਗ



ਸੈਨ ਡਿਏਗੋ: ਅਮਰੀਕਾ ਦੇ ਸੈਨ ਡਿਏਗੋ ਵਿੱਚ ਮੀਰਾਮਾਰ ਏਅਰ ਬੇਸ ਨੇੜੇ ਇੱਕ F-35B ਸਟੀਲਥ ਲੜਾਕੂ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਹ ਘਟਨਾ ਸ਼ੁੱਕਰਵਾਰ (ਸਥਾਨਕ ਸਮੇਂ ਅਨੁਸਾਰ) ਵਾਪਰੀ ਹੈ। ਘਟਨਾ ਬਾਰੇ ਜਾਣਕਾਰੀ ਦਿੰਦਿਆਂ, ਯੂ.ਐੱਸ. ਮਰੀਨ ਕੋਰ ਨੇ ਦੱਸਿਆ ਕਿ ਕੈਲੀਫੋਰਨੀਆ ਵਿੱਚ ਹਾਦਸੇ ਤੋਂ ਪਹਿਲਾਂ F-35B ਸਟੀਲਥ ਲੜਾਕੂ ਜਹਾਜ਼ ਵਿੱਚੋਂ ਬਾਹਰ ਨਿਕਲਣ ਵਾਲੇ ਪਾਇਲਟ ਦੇ ਬਚਣ ਦੀ ਉਮੀਦ ਹੈ। ਇੱਕ ਅੱਪਡੇਟ ਕੀਤੇ ਬਿਆਨ ਵਿੱਚ, ਮਰੀਨ ਕੋਰ ਨੇ ਕਿਹਾ, "ਪਾਇਲਟ ਨੇ ਬਾਹਰ ਨਿਕਲਣ ਦੀ ਪ੍ਰਕਿਰਿਆ (ਇਜੈਕਟ) ਰਾਹੀਂ ਜਹਾਜ਼ ਛੱਡਿਆ ਅਤੇ ਉਸ ਨੂੰ ਅਜਿਹੀਆਂ ਸੱਟਾਂ ਲੱਗੀਆਂ ਜਿਨ੍ਹਾਂ ਨਾਲ ਜਾਨ ਨੂੰ ਕੋਈ ਖਤਰਾ ਨਹੀਂ ਹੈ। ਉਸ ਨੂੰ ਜਾਂਚ ਅਤੇ ਇਲਾਜ ਲਈ ਸਥਿਰ ਹਾਲਤ ਵਿੱਚ ਸਥਾਨਕ ਮੈਡੀਕਲ ਕੇਂਦਰ ਲਿਜਾਇਆ ਗਿਆ।"

ਹਾਦਸੇ ਤੋਂ ਬਾਅਦ ਦੀ ਇੱਕ ਵੀਡੀਓ ਵੀ ਸਾਹਮਣੇ ਆਈ ਹੈ। ਹੈਲੀਕਾਪਟਰ ਤੋਂ ਲਈ ਗਈ ਹਵਾਈ ਫੁਟੇਜ ਵਿੱਚ ਇੱਕ ਕੱਚੇ ਮੈਦਾਨ ਵਿੱਚ ਪਏ ਮਲਬੇ ਵਿੱਚੋਂ ਕਾਲਾ ਧੂੰਆਂ ਉੱਠਦਾ ਦਿਖਾਈ ਦਿੱਤਾ, ਜਦੋਂਕਿ ਨੇੜੇ ਹੀ ਕਈ ਫੌਜੀ ਅਤੇ ਅੱਗ ਬੁਝਾਉਣ ਵਾਲੇ ਵਾਹਨ ਤੇ ਕਰਮਚਾਰੀ ਮੌਜੂਦ ਸਨ। ਜ਼ਮੀਨ 'ਤੇ ਅੱਗ ਰੋਕੂ ਚਿੱਟਾ ਪਦਾਰਥ ਦਿਖਾਈ ਦੇ ਰਿਹਾ ਸੀ ਅਤੇ ਘੱਟੋ-ਘੱਟ ਇੱਕ ਵਿਅਕਤੀ ਫਾਇਰ ਹੋਜ਼ ਦੀ ਮਦਦ ਨਾਲ ਮਲਬੇ 'ਤੇ ਪਾਣੀ ਪਾ ਰਿਹਾ ਸੀ। ਇਸ ਦੌਰਾਨ, ਸੈਨ ਡਿਏਗੋ ਫਾਇਰ ਵਿਭਾਗ ਦੀ ਬੁਲਾਰਣ ਕੈਂਡਿਸ ਹੈਡਲੀ ਨੇ ਦੱਸਿਆ ਕਿ ਅੱਗ ਬੁਝਾਊ ਕਰਮਚਾਰੀ ਹਾਦਸੇ ਵਾਲੀ ਥਾਂ ਦੇ ਨੇੜੇ ਲੱਗੀ ਅੱਗ ਨੂੰ ਬੁਝਾਉਣ ਲਈ ਮੌਕੇ 'ਤੇ ਮੌਜੂਦ ਸਨ। ਉਨ੍ਹਾਂ ਨੇ ਅਗਲੇਰੀ ਜਾਣਕਾਰੀ ਲਈ ਮਰੀਨ ਕੋਰਸ ਏਅਰ ਸਟੇਸ਼ਨ ਮੀਰਾਮਾਰ ਨਾਲ ਸੰਪਰਕ ਕਰਨ ਲਈ ਕਿਹਾ ਹੈ।

ਇੱਕ ਚਸ਼ਮਦੀਦ ਗਵਾਹ, ਵੇਡ ਲੌਂਟ, ਨੇ ਇਹ ਹਾਦਸਾ ਉਦੋਂ ਦੇਖਿਆ ਜਦੋਂ ਉਹ ਫਲਾਈਟ ਲਾਈਨ ਦੇ ਬਿਲਕੁਲ ਦੱਖਣ ਵੱਲ ਸਥਿਤ ਇੱਕ ਕੰਕਰੀਟ ਕੰਪਨੀ ਵਿੱਚ ਕੰਮ 'ਤੇ ਜਾ ਰਿਹਾ ਸੀ। ਆਪਣੇ ਟਰੱਕ ਵਿੱਚੋਂ, ਲੌਂਟ ਨੇ ਦੋ ਜੈੱਟਾਂ ਨੂੰ ਇਕੱਠੇ ਰਨਵੇਅ ਵੱਲ ਹੇਠਾਂ ਆਉਂਦੇ ਦੇਖਿਆ। ਉਸਨੇ ਦੱਸਿਆ ਕਿ ਪਹਿਲਾ ਜੈੱਟ ਤਾਂ ਬਿਨਾਂ ਕਿਸੇ ਘਟਨਾ ਦੇ ਉਤਰ ਗਿਆ, ਪਰ ਦੂਜਾ ਜੈੱਟ ਅਚਾਨਕ ਹੌਲੀ ਹੋਣ ਲੱਗਾ, ਜਿਵੇਂ ਕਿ ਉਹ ਹਵਾ ਵਿੱਚ ਹੀ ਇੱਕ ਥਾਂ 'ਤੇ ਟਿਕੇ ਰਹਿਣ (ਹੋਵਰ ਕਰਨ) ਦੀ ਕੋਸ਼ਿਸ਼ ਕਰ ਰਿਹਾ ਹੋਵੇ। ਜਦੋਂ ਜੈੱਟ ਜ਼ਮੀਨ ਤੋਂ ਲਗਭਗ 100 ਫੁੱਟ (30 ਮੀਟਰ) ਦੀ ਉਚਾਈ 'ਤੇ ਸੀ, ਤਾਂ ਪਾਇਲਟ ਨੇ ਬਾਹਰ ਨਿਕਲਣ ਲਈ 'ਇਜੈਕਟ' (eject) ਕੀਤਾ ਅਤੇ ਉਸਦਾ ਪੈਰਾਸ਼ੂਟ ਖੁੱਲ੍ਹ ਗਿਆ, ਜਿਸ ਨਾਲ ਉਹ ਉਸ ਨਾਜ਼ੁਕ ਪਲ 'ਤੇ ਹਵਾ ਵਿੱਚ ਲਗਭਗ 200 ਫੁੱਟ (61 ਮੀਟਰ) ਦੀ ਉਚਾਈ ਤੱਕ ਉੱਪਰ ਚਲਾ ਗਿਆ। ਲੌਂਟ ਨੇ ਕਿਹਾ, "ਜੈੱਟ ਦੂਜੇ ਜਹਾਜ਼ ਦੇ ਬਿਲਕੁਲ ਨਾਲ ਜ਼ਮੀਨ ਨਾਲ ਟਕਰਾਇਆ। ਇਹ ਰਨਵੇਅ 'ਤੇ ਡਿੱਗ ਕੇ ਤਬਾਹ ਹੋ ਗਿਆ ਅਤੇ ਧਮਾਕੇ ਨਾਲ ਫਟ ਗਿਆ।"

'ਗਵਰਨਮੈਂਟ ਅਕਾਊਂਟੇਬਿਲਟੀ ਆਫਿਸ' ਦੇ 2024 ਦੇ ਵਿਸ਼ਲੇਸ਼ਣ ਅਨੁਸਾਰ, ਅਮਰੀਕੀ ਮਰੀਨ ਕੋਰ, ਨੇਵੀ ਅਤੇ ਏਅਰ ਫੋਰਸ ਕੋਲ ਸਮੂਹਿਕ ਤੌਰ 'ਤੇ 630 ਤੋਂ ਵੱਧ F-35 ਜਹਾਜ਼ ਮੌਜੂਦ ਹਨ। F-35B ਇਸਦੇ ਕਈ ਰੂਪਾਂ ਵਿੱਚੋਂ ਇੱਕ ਹੈ ਅਤੇ ਇਹ ਅਜਿਹੇ ਇੰਜਣ ਨਾਲ ਲੈਸ ਹੈ ਜੋ ਛੋਟੀ ਦੂਰੀ ਤੋਂ ਉਡਾਣ ਭਰਨ (short-takeoff) ਅਤੇ ਲੰਬਵਤ ਉਤਰਨ (vertical-landing) ਦੀ ਸਮਰੱਥਾ ਪ੍ਰਦਾਨ ਕਰਦਾ ਹੈ। ਇੱਕ F-35B ਜਹਾਜ਼ ਦੀ ਕੀਮਤ ਲਗਭਗ 109 ਮਿਲੀਅਨ ਡਾਲਰ ਹੈ। ਰਿਪੋਰਟ ਅਨੁਸਾਰ, ਜਿਵੇਂ-ਜਿਵੇਂ ਫੌਜ 1,800 ਤੋਂ ਵੱਧ ਹੋਰ ਜਹਾਜ਼ ਹਾਸਲ ਕਰੇਗੀ ਅਤੇ ਆਉਣ ਵਾਲੇ ਦਹਾਕਿਆਂ ਤੱਕ ਉਨ੍ਹਾਂ ਦੀ ਵਰਤੋਂ ਕਰੇਗੀ, F-35 ਪ੍ਰੋਗਰਾਮ ਦੀ ਕੁੱਲ ਲਾਗਤ ਲਗਭਗ 2 ਟ੍ਰਿਲੀਅਨ ਡਾਲਰ ਤੱਕ ਪਹੁੰਚ ਜਾਵੇਗੀ।

# 'ਚੰਨੀ ਲਿਆਓ, ਪੰਜਾਬ ਬਚਾਓ..';

## ਜਦੋਂ ਰਾਜਾ ਵੜਿੰਗ ਦੇ ਭਾਸ਼ਣ ਦੌਰਾਨ 'ਚੰਨੀ' ਦੇ ਹੱਕ 'ਚ ਲੱਗੇ ਨਾਅਰੇ



ਪੰਜਾਬ ਕਾਂਗਰਸ ਅੰਦਰਲੀ ਆਪਸੀ ਧੜੇਬੰਦੀ ਅਤੇ ਖਿੱਚ-ਧੂਹ ਰੁਕਣ ਦਾ ਨਾਮ ਨਹੀਂ ਲੈ ਰਹੀ। ਅੱਜ ਪਟਿਆਲਾ ਵਿਖੇ ਕਰਵਾਏ ਪਾਰਟੀ ਦੇ ਇੱਕ ਪ੍ਰੋਗਰਾਮ ਦੌਰਾਨ ਉਸ ਵੇਲੇ ਮਾਹੌਲ ਤਣਾਅਪੂਰਨ ਹੋ ਗਿਆ, ਜਦੋਂ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਭਾਸ਼ਣ ਦੌਰਾਨ ਕਾਂਗਰਸੀ ਵਰਕਰਾਂ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹੱਕ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਵੀ ਮੰਚ 'ਤੇ ਮੌਜੂਦ ਸਨ। ਇੰਨਾ ਹੀ ਨਹੀਂ, ਪਟਿਆਲਾ ਤੋਂ ਮੌਜੂਦਾ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਸਮੇਤ ਜ਼ਿਲ੍ਹੇ ਦੇ ਚਾਰ ਸੀਨੀਅਰ ਕਾਂਗਰਸੀ ਨੇਤਾਵਾਂ ਨੇ ਇਸ ਸਰਕਾਰੀ ਪ੍ਰੋਗਰਾਮ ਤੋਂ ਦੂਰੀ ਬਣਾਈ ਰੱਖੀ।

ਪੰਜਾਬ ਕਾਂਗਰਸ ਦੇ ਬੂਥ ਪੱਧਰੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਇਹ ਜਥੇਬੰਦਕ ਮੀਟਿੰਗ ਬੁਲਾਈ ਗਈ ਸੀ। ਜਿਵੇਂ ਹੀ ਰਾਜਾ ਵੜਿੰਗ ਨੇ ਸਟੇਜ ਤੋਂ ਇਕੱਠ ਨੂੰ ਸੰਬੋਧਨ ਕਰਨਾ ਸ਼ੁਰੂ ਕੀਤਾ, ਵਰਕਰਾਂ ਦੇ ਇੱਕ ਸਮੂਹ ਨੇ "ਚੰਨੀ ਲਿਆਓ, ਪੰਜਾਬ ਬਚਾਓ" ਅਤੇ "ਚੰਨੀ ਲਿਆਓ, ਕਾਂਗਰਸ ਬਚਾਓ" ਦੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਇਸ ਹੰਗਾਮੇ ਕਾਰਨ ਪ੍ਰੋਗਰਾਮ ਵਿੱਚ ਕੁਝ ਸਮੇਂ ਲਈ ਵਿਘਨ ਪਿਆ। ਨਾਅਰੇਬਾਜ਼ੀ ਤੋਂ ਨਾਰਾਜ਼ ਹੋਏ ਰਾਜਾ ਵੜਿੰਗ ਨੇ ਆਪਣਾ ਭਾਸ਼ਣ ਵਿਚਾਲੇ ਰੋਕ ਕੇ ਨਾਅਰੇ ਲਗਾ ਰਹੇ ਵਰਕਰਾਂ 'ਤੇ ਸਵਾਲ ਚੁੱਕੇ।

ਰਾਜਾ ਵੜਿੰਗ ਨੇ ਨਾਅਰੇਬਾਜ਼ੀ ਕਰ ਰਹੇ ਵਰਕਰਾਂ ਵੱਲ ਇਸ਼ਾਰਾ ਕਰਦਿਆਂ ਚਿਤਾਵਨੀ ਦਿੱਤੀ ਕਿ ਪਾਰਟੀ ਦੇ ਅਧਿਕਾਰਤ ਪ੍ਰੋਗਰਾਮ ਵਿੱਚ ਵਿਘਨ ਪਾਉਣ ਅਤੇ ਪਾਰਟੀ ਦਾ ਅਕਸ ਖ਼ਰਾਬ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਹਾਲਾਂਕਿ, ਇਸ ਚਿਤਾਵਨੀ ਦਾ ਵਰਕਰਾਂ 'ਤੇ ਕੋਈ ਅਸਰ ਨਹੀਂ ਹੋਇਆ ਅਤੇ ਹੋਰ ਵਰਕਰ ਵੀ ਇਸ ਨਾਅਰੇਬਾਜ਼ੀ 'ਚ ਸ਼ਾਮਲ ਹੋ ਗਏ, ਜਿਸ ਨਾਲ ਪੂਰਾ ਹਾਲ 'ਚੰਨੀ' ਦੇ ਨਾਅਰਿਆਂ ਨਾਲ ਗੂੰਜ ਉੱਠਿਆ।

ਇਸ ਪ੍ਰੋਗਰਾਮ ਤੋਂ ਕਿਨਾਰਾ ਕਰਨ ਵਾਲੇ ਇੱਕ ਸਾਬਕਾ ਵਿਧਾਇਕ ਨੇ ਆਪਣੀ ਭੜਾਸ ਕੱਢਦਿਆਂ ਕਿਹਾ, "ਕਾਂਗਰਸ ਲੀਡਰਸ਼ਿਪ ਨੂੰ ਵਰਕਰਾਂ ਦੀ ਆਵਾਜ਼ ਸੁਣਨੀ ਚਾਹੀਦੀ ਹੈ। ਤੁਸੀਂ ਆਗੂਆਂ ਦੀ ਪਿੱਠ ਥਾਪੜ ਕੇ ਵਰਕਰਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਪਾਰਟੀ ਵਰਕਰਾਂ ਨਾਲ ਬਣਦੀ ਹੈ, ਆਗੂਆਂ ਨਾਲ ਨਹੀਂ।" ਦੂਜੇ ਪਾਸੇ ਮੀਟਿੰਗ 'ਚ ਸ਼ਾਮਲ ਹੋਏ ਵਰਕਰਾਂ ਦਾ ਮੰਨਣਾ ਸੀ ਕਿ ਪਾਰਟੀ ਦੀ ਇਹ ਅੰਦਰੂਨੀ ਫੁੱਟ ਸਿਰਫ਼ ਵਿਰੋਧੀ ਧਿਰਾਂ ਨੂੰ ਮਜ਼ਬੂਤ ਕਰੇਗੀ। ਇੱਕ ਸਾਬਕਾ ਮਾਰਕੀਟ ਕਮੇਟੀ ਚੇਅਰਮੈਨ ਨੇ ਕਿਹਾ ਕਿ ਕੁਝ ਮਹੀਨੇ ਪਹਿਲਾਂ ਲੋਕ ਕਾਂਗਰਸ ਦੀ ਵਾਪਸੀ ਦੀ ਗੱਲ ਕਰ ਰਹੇ ਸਨ, ਪਰ ਅੰਦਰੂਨੀ ਕਲੇਸ਼ ਕਾਰਨ ਸਿੱਧਾ ਫ਼ਾਇਦਾ ਆਮ ਆਦਮੀ ਪਾਰਟੀ (ਆਪ) ਨੂੰ ਮਿਲ ਰਿਹਾ ਹੈ। ਜ਼ਿਕਰਯੋਗ ਹੈ ਕਿ ਇਹ ਘਟਨਾਕ੍ਰਮ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਚਰਨਜੀਤ ਸਿੰਘ ਚੰਨੀ, ਪੰਜਾਬ ਇੰਚਾਰਜ ਭੂਪੇਸ਼ ਬਘੇਲ ਅਤੇ ਰਾਜਾ ਵੜਿੰਗ ਦੀ ਅਗਵਾਈ ਹੇਠ ਚੱਲ ਰਹੀ ਜਥੇਬੰਦਕ ਮੁਹਿੰਮ ਤੋਂ ਲਗਾਤਾਰ ਦੂਰੀ ਬਣਾ ਕੇ ਰੱਖ ਰਹੇ ਹਨ। ਚੰਨੀ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਇਸ ਮੁਹਿੰਮ ਨਾਲ ਜੁੜੇ ਕਈ ਪ੍ਰੋਗਰਾਮਾਂ ਵਿੱਚ ਨਹੀਂ ਪਹੁੰਚੇ। ਇੱਕ ਦਿਨ ਪਹਿਲਾਂ ਫ਼ਤਿਹਗੜ੍ਹ ਸਾਹਿਬ ਵਿਖੇ ਹੋਏ ਕਾਂਗਰਸ ਦੇ ਪ੍ਰੋਗਰਾਮ ਵਿੱਚ ਵੀ ਰਾਜਾ ਵੜਿੰਗ ਅਤੇ ਉਨ੍ਹਾਂ ਦੇ ਧੜੇ ਦੇ ਨੇਤਾ ਮੌਜੂਦ ਸਨ, ਪਰ ਚੰਨੀ ਉੱਥੋਂ ਵੀ ਗ਼ੈਰ-ਹਾਜ਼ਰ ਰਹੇ ਸਨ।

GTA
Plumbing & Electrical Supplies
GTA Plumbing & Electrical Supplies



ONE STOP SHOP
FOR ALL PLUMBING &
ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets,
ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ




ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ
ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay &
Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

# ਅਧਿਆਪਕ ਦਾ ਕਿਰਦਾਰ

ਸਿੱਖਿਆ ਦਾ ਅਸਲ ਉਦੇਸ਼ ਕੇਵਲ ਜਾਣਕਾਰੀ ਪ੍ਰਦਾਨ ਕਰਨਾ ਨਹੀਂ, ਸਗੋਂ ਮਨੁੱਖੀ ਸ਼ਖਸੀਅਤ ਦਾ ਨਿਰਮਾਣ ਕਰਨਾ, ਚੰਗੇ ਚਰਿੱਤਰ ਦੀ ਸਿਰਜਣਾ ਕਰਨਾ ਅਤੇ ਵਿਦਿਆਰਥੀਆਂ ਨੂੰ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਮਰੱਥ ਬਣਾਉਣਾ ਹੈ। ਇਤਿਹਾਸ ਗਵਾਹ ਹੈ ਕਿ ਮਹਾਨ ਅਧਿਆਪਕ ਆਪਣੇ ਲੰਬੇ ਭਾਸ਼ਣਾਂ ਕਰਕੇ ਨਹੀਂ, ਸਗੋਂ ਆਪਣੇ ਅਰਥਪੂਰਨ, ਪ੍ਰੇਰਣਾਦਾਇਕ ਅਤੇ ਜੀਵਨ-ਬਦਲਣ ਵਾਲੇ ਸ਼ਬਦਾਂ ਕਰਕੇ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਦੇ ਸ਼ਬਦਾਂ ਨੇ ਵਿਚਾਰਾਂ ਨੂੰ ਦਿਸ਼ਾ ਦਿੱਤੀ, ਕਿਰਦਾਰ ਨੂੰ ਨਿਖਾਰਿਆ ਅਤੇ ਸਮਾਜ ਨੂੰ ਨਵੀਂ ਸੋਚ ਬਖ਼ਸ਼ੀ। ਇਸ ਲਈ ਇਹ ਕਹਿਣਾ ਬਿਲਕੁਲ ਉਚਿਤ ਹੈ ਕਿ ਅਧਿਆਪਕ ਸਿਰਫ਼ ਭਾਸ਼ਣਾਂ ਦਾ ਨਹੀਂ, ਸਗੋਂ ਸਾਰਥਕ ਸ਼ਬਦਾਂ ਦਾ ਧਨੀ ਹੋਣਾ ਚਾਹੀਦਾ ਹੈ।



ਭਾਸ਼ਣ ਸਿਰਫ਼ ਸੰਚਾਰ ਦਾ ਇੱਕ ਸਾਧਨ ਹੈ, ਪਰ ਸ਼ਬਦ ਵਿਚਾਰਾਂ, ਮੁੱਲਾਂ ਅਤੇ ਭਾਵਨਾਵਾਂ ਦੇ ਨਿਰਮਾਤਾ ਹੁੰਦੇ ਹਨ। ਕੋਈ ਅਧਿਆਪਕ ਇੱਕ ਘੰਟਾ ਬੋਲ ਸਕਦਾ ਹੈ, ਪਰ ਜੇ ਉਸ ਦੇ ਸ਼ਬਦਾਂ ਵਿੱਚ ਸਪੱਸ਼ਟਤਾ, ਉਦੇਸ਼ ਅਤੇ ਪ੍ਰੇਰਣਾ ਨਹੀਂ, ਤਾਂ ਵਿਦਿਆਰਥੀ ਉਸ ਵਿੱਚੋਂ ਬਹੁਤ ਘੱਟ ਯਾਦ ਰੱਖਦੇ ਹਨ। ਇਸਦੇ ਉਲਟ, ਸਮੇਂ ਸਿਰ ਬੋਲੇ ਗਏ ਕੁਝ ਸੱਚੇ ਅਤੇ ਅਰਥਪੂਰਨ ਸ਼ਬਦ ਵਿਦਿਆਰਥੀ ਦੇ ਜੀਵਨ ਦੀ ਦਿਸ਼ਾ ਹੀ ਬਦਲ ਸਕਦੇ ਹਨ। ਇਤਿਹਾਸ ਵਿੱਚ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ ਜਿੱਥੇ ਇੱਕ ਅਧਿਆਪਕ ਦੀ ਇੱਕ ਛੋਟੀ ਜਿਹੀ ਸਲਾਹ ਜਾਂ ਹੌਸਲਾ-ਅਫ਼ਜ਼ਾਈ ਭਰੀ ਗੱਲ ਨੇ ਵਿਦਿਆਰਥੀ ਦੀ ਪੂਰੀ ਜ਼ਿੰਦਗੀ ਬਦਲ ਦਿੱਤੀ।

ਅਧਿਆਪਨ ਦੀ ਸਫ਼ਲਤਾ ਇਸ ਗੱਲ ਨਾਲ ਨਹੀਂ ਮਾਪੀ ਜਾਂਦੀ ਕਿ ਅਧਿਆਪਕ ਨੇ ਕਿੰਨਾ ਸਮਾਂ ਬੋਲਿਆ, ਸਗੋਂ ਇਸ ਨਾਲ ਕਿ ਵਿਦਿਆਰਥੀਆਂ ਨੇ ਕਿੰਨੀ ਡੂੰਘਾਈ ਨਾਲ ਸਮਝਿਆ, ਸੋਚਿਆ ਅਤੇ ਸਿੱਖੇ ਹੋਏ ਗਿਆਨ ਨੂੰ ਜੀਵਨ ਵਿੱਚ ਲਾਗੂ ਕੀਤਾ। ਆਧੁਨਿਕ ਸਿੱਖਿਆ ਮਨੋਵਿਗਿਆਨ ਸਪੱਸ਼ਟ ਕਰਦਾ ਹੈ ਕਿ ਵਿਦਿਆਰਥੀ ਉਦੋਂ ਵਧੀਆ ਸਿੱਖਦੇ ਹਨ ਜਦੋਂ ਉਹ ਸਿੱਖਣ ਦੀ ਪ੍ਰਕਿਰਿਆ ਵਿੱਚ ਸਰਗਰਮ ਭਾਗੀਦਾਰ ਬਣਦੇ ਹਨ। ਲਗਾਤਾਰ ਅਤੇ ਲੰਬੇ ਭਾਸ਼ਣ ਉਨ੍ਹਾਂ ਦੀ ਇਕਾਗਰਤਾ ਨੂੰ ਘੱਟਾਉਂਦੇ ਹਨ ਅਤੇ ਸਿੱਖਣ ਪ੍ਰਤੀ ਦਿਲਚਸਪੀ ਨੂੰ ਕਮਜ਼ੋਰ ਕਰ ਦਿੰਦੇ ਹਨ।

ਇੱਕ ਪ੍ਰਭਾਵਸ਼ਾਲੀ ਅਧਿਆਪਕ ਆਪਣੇ ਸ਼ਬਦਾਂ ਰਾਹੀਂ ਵਿਦਿਆਰਥੀਆਂ ਵਿੱਚ ਸਿੱਖਣ ਦੀ ਲਾਲਸਾ ਪੈਦਾ ਕਰਦਾ ਹੈ। ਉਹ ਹਰ ਸਵਾਲ ਦਾ ਜਵਾਬ ਖ਼ੁਦ ਨਹੀਂ ਦਿੰਦਾ, ਸਗੋਂ ਅਜਿਹੇ ਪ੍ਰਸ਼ਨ ਪੁੱਛਦਾ ਹੈ ਜੋ ਸੋਚਣ ਲਈ ਪ੍ਰੇਰਿਤ ਕਰਨ। ਉਹ ਚਰਚਾ ਦਾ ਮਾਹੌਲ ਬਣਾਉਂਦਾ ਹੈ ਅਤੇ ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਰਾਹੀਂ ਗਿਆਨ ਦੀ ਖ਼ੋਜ ਕਰਨ ਦਾ ਮੌਕਾ ਦਿੰਦਾ ਹੈ। ਅਜਿਹੇ ਸ਼ਬਦ ਦਿਮਾਗ਼ ਨੂੰ ਜਾਣਕਾਰੀ ਨਾਲ ਭਰਦੇ ਨਹੀਂ, ਸਗੋਂ ਉਸਨੂੰ ਜਗਾਉਂਦੇ ਹਨ। ਇਹ ਆਲੋਚਨਾਤਮਕ ਸੋਚ, ਵਿਸ਼ਲੇਸ਼ਣ ਕਰਨ ਦੀ ਸਮਰੱਥਾ ਅਤੇ ਆਤਮ-ਵਿਸ਼ਵਾਸ ਦਾ ਵਿਕਾਸ ਕਰਦੇ ਹਨ।

ਅਧਿਆਪਕ ਦੇ ਸ਼ਬਦ ਵਿਦਿਆਰਥੀਆਂ ਦੇ ਭਾਵਨਾਤਮਕ ਵਿਕਾਸ 'ਤੇ ਵੀ ਡੂੰਘਾ ਪ੍ਰਭਾਵ ਪਾਂਦੇ ਹਨ। ਬੱਚੇ ਅਤੇ ਨੌਜਵਾਨ ਆਪਣੇ ਆਲੇ-ਦੁਆਲੇ ਦੇ ਵੱਡਿਆਂ ਦੀ ਭਾਸ਼ਾ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ। ਹੌਸਲਾ ਦੇਣ ਵਾਲੇ ਸ਼ਬਦ ਆਤਮ-ਵਿਸ਼ਵਾਸ ਵੱਧਾਉਂਦੇ ਹਨ, ਜਦਕਿ ਤਿੱਖੀ ਆਲੋਚਨਾ ਜਾਂ ਅਪਮਾਨਜਨਕ ਭਾਸ਼ਾ ਡਰ, ਚਿੰਤਾ ਅਤੇ ਹੀਣ-ਭਾਵਨਾ ਪੈਦਾ ਕਰ ਸਕਦੀ ਹੈ। ਮੈਨੂੰ ਤੇਰੀ ਯੋਗਤਾ 'ਤੇ ਭਰੋਸਾ ਹੈ ਵਰਗਾ ਇੱਕ ਵਾਕ ਵੀ ਸੰਘਰਸ਼ ਕਰ ਰਹੇ ਵਿਦਿਆਰਥੀ ਲਈ ਨਵੀਂ ਉਮੀਦ ਬਣ ਸਕਦਾ ਹੈ। ਇਸ ਲਈ ਅਧਿਆਪਕ ਨੂੰ ਹਮੇਸ਼ਾ ਅਜਿਹੇ ਸ਼ਬਦ ਚੁਣਨੇ ਚਾਹੀਦੇ ਹਨ ਜੋ ਵਿਸ਼ਵਾਸ, ਆਸ ਅਤੇ ਹਿੰਮਤ ਨੂੰ ਮਜ਼ਬੂਤ ਕਰਨ।

ਅਧਿਆਪਕ ਦੇ ਸ਼ਬਦ ਕੇਵਲ ਗਿਆਨ ਹੀ ਨਹੀਂ, ਸਗੋਂ ਨੈਤਿਕ ਕਦਰਾਂ-ਕੀਮਤਾਂ ਦੀ ਵੀ ਸਿਰਜਣਾ ਕਰਦੇ ਹਨ। ਇਮਾਨਦਾਰੀ, ਅਨੁਸ਼ਾਸਨ, ਸਹਿਣਸ਼ੀਲਤਾ, ਸਤਿਕਾਰ ਅਤੇ ਮਨੁੱਖਤਾ ਵਰਗੇ ਗੁਣ ਸਿਰਫ਼ ਕਿਤਾਬਾਂ ਰਾਹੀਂ ਨਹੀਂ, ਸਗੋਂ ਅਧਿਆਪਕ ਦੀ ਰੋਜ਼ਾਨਾ ਬੋਲੀ ਰਾਹੀਂ ਵੀ ਵਿਦਿਆਰਥੀਆਂ ਵਿੱਚ ਵਿਕਸਿਤ ਹੁੰਦੇ ਹਨ। ਜਦੋਂ ਅਧਿਆਪਕ ਖੁਦ ਸੱਚਾਈ, ਨਿਮਰਤਾ ਅਤੇ ਆਦਰ ਨਾਲ ਗੱਲ ਕਰਦਾ ਹੈ ਤਾਂ ਵਿਦਿਆਰਥੀ ਵੀ ਉਹੀ ਆਦਤਾਂ ਅਪਣਾਉਣ ਲੱਗਦੇ ਹਨ। ਇਸ ਤਰ੍ਹਾਂ ਸ਼ਬਦ ਚਰਿੱਤਰ ਨਿਰਮਾਣ ਦਾ ਸ਼ਕਤੀਸ਼ਾਲੀ ਸਾਧਨ ਬਣ ਜਾਂਦੇ ਹਨ।

ਪਰ ਸ਼ਬਦਾਂ ਦੀ ਅਸਲ ਤਾਕਤ ਉਦੋਂ ਹੀ ਸਾਹਮਣੇ ਆਉਂਦੀ ਹੈ ਜਦੋਂ ਉਨ੍ਹਾਂ ਦਾ ਸਾਥ ਅਧਿਆਪਕ ਦੇ ਆਪਣੇ ਵਿਉਹਾਰ ਨਾਲ ਹੋਵੇ। ਜੇ ਕੋਈ ਅਧਿਆਪਕ ਸਮੇਂ ਦੀ ਪਾਬੰਦੀ ਦਾ ਉਪਦੇਸ਼ ਦੇਵੇ ਪਰ ਖੁਦ ਦੇਰ ਨਾਲ ਆਵੇ, ਜਾਂ ਇਮਾਨਦਾਰੀ ਦੀ ਗੱਲ ਕਰੇ ਪਰ ਵਿਉਹਾਰ ਵਿੱਚ ਪੱਖਪਾਤ ਕਰੇ, ਤਾਂ ਉਸਦੇ ਸ਼ਬਦਾਂ ਦੀ ਭਰੋਸੇਯੋਗਤਾ ਖ਼ਤਮ ਹੋ ਜਾਂਦੀ ਹੈ। ਇਸ ਲਈ ਸ਼ਬਦ ਅਤੇ ਕਰਮ ਦਾ ਮੇਲ ਹੀ ਇੱਕ ਅਸਲ ਅਧਿਆਪਕ ਦੀ ਪਛਾਣ ਹੈ।

ਅੱਜ ਦੇ ਡਿਜ਼ੀਟਲ ਯੁੱਗ ਵਿੱਚ ਜਾਣਕਾਰੀ ਹਰ ਕਿਸੇ ਦੀ ਪਹੁੰਚ ਵਿੱਚ ਹੈ। ਇੰਟਰਨੈੱਟ, ਔਨਲਾਈਨ ਕੋਰਸ, ਡਿਜ਼ੀਟਲ ਕਿਤਾਬਾਂ ਅਤੇ ਕ੍ਰਿਤ੍ਰਿਮ ਬੁੱਧੀ (ਅੀ) ਕੁਝ ਹੀ ਸਕਿੰਟਾਂ ਵਿੱਚ ਤੱਥ ਉਪਲੱਬਧ ਕਰਵਾ ਦਿੰਦੇ ਹਨ। ਇਸ ਬਦਲਦੇ ਸਮੇਂ ਵਿੱਚ ਅਧਿਆਪਕ ਦੀ ਭੂਮਿਕਾ ਸਿਰਫ਼ ਜਾਣਕਾਰੀ ਦੇਣ ਤੱਕ ਸੀਮਿਤ ਨਹੀਂ ਰਹਿ ਗਈ। ਉਸਦਾ ਅਸਲ ਕੰਮ ਵਿਦਿਆਰਥੀਆਂ ਨੂੰ ਗਿਆਨ ਦੀ ਸਹੀ ਵਿਆਖਿਆ ਕਰਨੀ, ਜਾਣਕਾਰੀ ਦੀ ਸੱਚਾਈ ਦੀ ਪਰਖ ਕਰਨੀ ਅਤੇ ਉਸਨੂੰ ਸਮਝਦਾਰੀ ਨਾਲ ਵਰਤਣਾ ਸਿਖਾਉਣਾ ਹੈ। ਇਹ ਜ਼ਿੰਮੇਵਾਰੀ ਲੰਬੇ ਭਾਸ਼ਣਾਂ ਨਾਲ ਨਹੀਂ, ਸਗੋਂ ਅਰਥਪੂਰਨ ਸੰਵਾਦ ਰਾਹੀਂ ਨਿਭਾਈ ਜਾ ਸਕਦੀ ਹੈ।

ਸਿੱਖਿਆ ਮਨੋਵਿਗਿਆਨ ਵੀ ਇਹੀ ਦੱਸਦਾ ਹੈ ਕਿ ਸਭ ਤੋਂ ਪ੍ਰਭਾਵਸ਼ਾਲੀ ਸਿੱਖਿਆ ਸੰਵਾਦ, ਪ੍ਰਸ਼ਨੋੱਤਰੀ, ਸਮੱਸਿਆ-ਹੱਲ ਅਤੇ ਵਿਚਾਰ-ਵਟਾਂਦਰੇ ਰਾਹੀਂ ਹੁੰਦੀ ਹੈ। ਜਿਹੜੇ ਅਧਿਆਪਕ ਪੂਰੀ ਕਲਾਸ ਵਿੱਚ ਇਕੱਲੇ ਹੀ ਬੋਲਦੇ ਰਹਿੰਦੇ ਹਨ, ਉਹ ਵਿਦਿਆਰਥੀਆਂ ਦੀ ਭਾਗੀਦਾਰੀ ਨੂੰ ਸੀਮਿਤ ਕਰ ਦਿੰਦੇ ਹਨ। ਇਸਦੇ ਉਲਟ, ਜਿਹੜੇ ਅਧਿਆਪਕ ਧਿਆਨ ਨਾਲ ਸੁਣਦੇ ਹਨ, ਸੋਚਣ ਲਈ ਪ੍ਰੇਰਿਤ ਕਰਦੇ ਹਨ ਅਤੇ ਸਾਰਥਕ ਸੰਵਾਦ ਨੂੰ ਉਤਸ਼ਾਹਿਤ ਕਰਦੇ ਹਨ, ਉਹ ਸੱਚੇ ਅਰਥਾਂ ਵਿੱਚ ਸਿੱਖਣ ਦਾ ਮਾਹੌਲ ਤਿਆਰ ਕਰਦੇ ਹਨ।

ਅਧਿਆਪਕ ਦੇ ਸ਼ਬਦਾਂ ਦਾ ਪ੍ਰਭਾਵ ਪਾਠ ਪੁਸਤਕਾਂ ਤੋਂ ਕਿਤੇ ਵੱਧ ਹੁੰਦਾ ਹੈ। ਇਮਤਿਹਾਨ ਵਿੱਚ ਇਮਾਨਦਾਰੀ, ਮਾਪਿਆਂ ਦਾ ਸਤਿਕਾਰ, ਦੂਜਿਆਂ ਨਾਲ ਦਇਆ ਅਤੇ ਅਸਫਲਤਾ ਵਿੱਚ ਹਿੰਮਤ ਨਾ ਹਾਰਨ ਵਰਗੀਆਂ ਜੀਵਨ-ਸਿੱਖਿਆਵਾਂ ਵਿਦਿਆਰਥੀ ਸਾਰੀ ਉਮਰ ਯਾਦ ਰੱਖਦੇ ਹਨ। ਇਹ ਸਿੱਖਿਆ ਲੰਬੇ ਭਾਸ਼ਣਾਂ ਨਾਲ ਨਹੀਂ, ਸਗੋਂ ਦਿਲੋਂ ਨਿਕਲੇ ਕੁਝ ਸੱਚੇ ਸ਼ਬਦਾਂ ਨਾਲ ਦਿੱਤੀ ਜਾਂਦੀ ਹੈ।

ਇੱਕ ਚੰਗਾ ਅਧਿਆਪਕ ਚੁੱਪ ਦੀ ਮਹੱਤਤਾ ਨੂੰ ਵੀ ਸਮਝਦਾ ਹੈ। ਹਰ ਸਵਾਲ ਦਾ ਤੁਰੰਤ ਜਵਾਬ ਦੇਣਾ ਜਾਂ ਹਰ ਪਲ ਬੋਲਦੇ ਰਹਿਣਾ ਜ਼ਰੂਰੀ ਨਹੀਂ। ਕਈ ਵਾਰ ਅਧਿਆਪਕ ਦਾ ਠਹਿਰਨਾ, ਸੁਣਨਾ ਅਤੇ ਵਿਦਿਆਰਥੀਆਂ ਨੂੰ ਸੋਚਣ ਦਾ ਮੌਕਾ ਦੇਣਾ ਹੀ ਸਭ ਤੋਂ ਪ੍ਰਭਾਵਸ਼ਾਲੀ ਅਧਿਆਪਨ ਹੁੰਦਾ ਹੈ। ਸਿੱਖਿਆ ਵਿੱਚ ਚੁੱਪ ਖਾਲੀਪਣ ਨਹੀਂ, ਸਗੋਂ ਵਿਚਾਰਾਂ ਦੇ ਵਿਕਾਸ ਦੀ ਉਪਜਾਊ ਧਰਤੀ ਹੈ।

ਇਸ ਲਈ ਜਮਾਤ ਵਿੱਚ ਹਰ ਸ਼ਬਦ ਉਦੇਸ਼ਪੂਰਕ ਹੋਣਾ ਚਾਹੀਦਾ ਹੈ। ਹਰ ਵਾਕ ਦਾ ਮਕਸਦ ਵਿਦਿਆਰਥੀ ਨੂੰ ਸਮਝਾਉਣਾ, ਪ੍ਰੇਰਿਤ ਕਰਨਾ, ਚੁਣੌਤੀ ਦੇਣਾ ਜਾਂ ਉਸ ਵਿੱਚ ਨਵੀਂ ਸੋਚ ਜਗਾਉਣਾ ਹੋਣਾ ਚਾਹੀਦਾ ਹੈ। ਬੇਲੋੜੀ ਦੁਹਰਾਈ ਅਤੇ ਲੰਬੇ ਭਾਸ਼ਣ ਵਿਦਿਆਰਥੀਆਂ ਦੀ ਦਿਲਚਸਪੀ ਘੱਟਾ ਦਿੰਦੇ ਹਨ, ਜਦਕਿ ਸੰਖੇਪ, ਸਪਸ਼ਟ ਅਤੇ ਪ੍ਰਭਾਵਸ਼ਾਲੀ ਸੰਚਾਰ ਸਿੱਖਣ ਨੂੰ ਅਰਥਪੂਰਨ ਬਣਾਉਂਦਾ ਹੈ।

ਅੰਤ ਵਿੱਚ ਇਹ ਕਹਿਣਾ ਉਚਿਤ ਹੋਵੇਗਾ ਕਿ ਸਭ ਤੋਂ ਯਾਦਗਾਰ ਅਧਿਆਪਕ ਉਹ ਨਹੀਂ ਹੁੰਦੇ ਜੋ ਸਭ ਤੋਂ ਵੱਧ ਬੋਲਦੇ ਹਨ, ਸਗੋਂ ਉਹ ਹੁੰਦੇ ਹਨ ਜਿਨ੍ਹਾਂ ਦੇ ਸ਼ਬਦਾਂ ਵਿੱਚ ਗਿਆਨ, ਸੱਚਾਈ, ਦਇਆ ਅਤੇ ਜੀਵਨ ਦਾ ਦਰਸ਼ਨ ਹੁੰਦਾ ਹੈ। ਉਹ ਆਪਣੇ ਵਿਉਹਾਰ ਨਾਲ ਵੀ ਆਪਣੇ ਸ਼ਬਦਾਂ ਨੂੰ ਸਾਬਤ ਕਰਦੇ ਹਨ। ਅਜਿਹੇ ਅਧਿਆਪਕ ਸਿਰਫ਼ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਨਹੀਂ, ਸਗੋਂ ਉਨ੍ਹਾਂ ਦੇ ਵਿਚਾਰ, ਚਰਿੱਤਰ ਅਤੇ ਭਵਿੱਖ ਦਾ ਨਿਰਮਾਣ ਕਰਦੇ ਹਨ।

ਅੱਜ, ਜਦੋਂ ਜਾਣਕਾਰੀ ਹਰ ਥਾਂ ਉਪਲੱਬਧ ਹੈ, ਸਮਾਜ ਨੂੰ ਅਜਿਹੇ ਅਧਿਆਪਕਾਂ ਦੀ ਲੋੜ ਹੈ ਜੋ ਸ਼ਬਦਾਂ ਨੂੰ ਸਿਰਫ਼ ਬੋਲਣ ਲਈ ਨਹੀਂ, ਸਗੋਂ ਸੋਚ ਜਗਾਉਣ, ਮਨੁੱਖਤਾ ਨੂੰ ਮਜ਼ਬੂਤ ਕਰਨ ਅਤੇ ਨਵੀਂ ਪੀੜ੍ਹੀ ਨੂੰ ਸਹੀ ਦਿਸ਼ਾ ਦੇਣ ਲਈ ਵਰਤਣ। ਅਸਲ ਅਧਿਆਪਕ ਉਹੀ ਹੈ ਜੋ ਆਪਣੇ ਸਾਰਥਕ ਸ਼ਬਦਾਂ ਰਾਹੀਂ ਵਿਦਿਆਰਥੀਆਂ ਦੇ ਮਨਾਂ ਵਿੱਚ ਗਿਆਨ ਦੀ ਜੋਤ ਅਤੇ ਦਿਲਾਂ ਵਿੱਚ ਮਨੁੱਖਤਾ ਦੀ ਰੌਸ਼ਨੀ ਪ੍ਰਜਵਲਿਤ ਕਰੇ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਗਲੇ ਦੀ ਖਰਾਸ਼ ਤੋਂ ਪ੍ਰੇਸ਼ਾਨ ਹੈ ਹਰ ਦੂਜਾ ਆਦਮੀ



"ਮੌਸਮ 'ਚ ਹੋ ਰਹੀ ਤਬਦੀਲੀ, ਅਲਰਜੀ ਕਾਰਨ ਹਰ ਉਮਰ ਦਾ ਵਿਅਕਤੀ ਗਲੇ ਅੰਦਰ ਪੀੜ ਅਤੇ ਖਰਾਸ਼ ਮਹਿਸੂਸ ਕਰ ਰਿਹਾ ਹੈ। ਲਾਪ੍ਰਵਾਹੀ ਛੱਡ ਕੇ ਬਿਨਾ ਦੇਰੀ ਇਲਾਜ਼ ਦੀ ਲੋੜ ਹੈ"-ਡਾ ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਲੇਖਕ 'ਸੇਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ'



Dr. Anil Dheer
Columnist. Alternative Therapist. Health Educator award winner. Social activist. Certified by W.H.O, UNICEF & Canadian Red Cross : PFA. Canada. Global Health Reporter. NTDP Skin Issues: Psoriasis- 2025. GNT Diseases-2023. Air Pollution n Health-2023. Writer: "Self-care Tips Encyclopedia"

ਹੈਲਥ ਮੀਡੀਆ ਕੈਨੇਡਾ: (ਡਾ ਅਨਿਲ ਧੀਰ) ਮੌਸਮ 'ਚ ਹੋ ਰਹੀ ਤਬਦੀਲੀ ਕਾਰਨ ਕਈ ਲੋਕ ਅਲਰਜੀ ਕਾਰਨ ਛਿੱਕਾਂ 'ਤੇ ਗਲੇ ਅੰਦਰ ਦਰਦ ਦੇ ਨਾਲ ਖਰਾਸ਼ ਮਹਿਸੂਸ ਕਰ ਰਹੇ ਹਨ। ਆਮਤੌਰ 'ਤੇ ਇਸ ਮੌਸਮ 'ਚ ਬੱਚੇ, ਨੌਜਵਾਨ, ਮੱਧ ਉਮਰ, ਅਤੇ ਸੀਨੀਅਰਜ਼ ਆਮ ਸਮੱਸਿਆ ਗਲੇ ਅੰਦਰ ਦਰਦ ਦੇਖੀ ਜਾ ਰਹੀ ਹੈ। ਵਾਇਰਲ-ਬੈਕਟੀਰੀਅਲ ਗਲੇ ਦੀ ਇਨਫੈਕਸ਼ਨ ਦਾ ਆਮ ਕਾਰਨ ਗਰੁੱਪ ਸਟ੍ਰੈਪਟੋਕੋਕਸ (ਜੀ. ਏ. ਬੀ. ਐਚ. ਐਚ.) ਹੈ। ਇਹ ਵਾਇਰਸ 75%, 5 ਤੋਂ 16 ਸਾਲ ਦੀ ਉਮਰ 'ਚ ਦੇਖਣ ਨੂੰ ਮਿਲ ਰਿਹਾ ਹੈ। ਕਰੀਬਨ 96% ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਵੀ ਅਟੈਕ ਕਰਦਾ ਹੈ।

ਸੋਰ-ਥਰੋਟ ਦੀ ਹਾਲਤ 'ਚ ਖਾਣ-ਪੀਣ ਦੀ ਚੀਜ਼ ਨੂੰ ਨਿਗਲਨਾ ਔਖਾ ਹੋ ਜਾਂਦਾ ਹੈ। ਦਰਦ, ਖਰਾਸ਼, ਘੱਟ ਜਾਂ ਵੱਧ ਅਤੇ ਲੰਬੇ ਸਮੇਂ ਤੱਕ ਵੀ ਇਹ ਹਾਲਤ ਬਣੀ ਰਹਿ ਸਕਦੀ ਹੈ। ਗਲੇ ਅੰਦਰ ਨਾੜੀਆਂ ਸੁੱਜ ਜਾਂਦੀਆਂ ਹਨ। ਨਾਲ ਹੀ ਸਿਰ-ਪੀੜ, ਜਿਸਮ ਦੇ ਦਰਦ ਨਾਲ ਬੁਖਾਰ ਵੀ ਹੋ ਜਾਂਦਾ ਹੈ। ਗਲੇ ਦੀ ਆਵਾਜ਼ ਭੈੜੀ, ਬੋਲਣਾ ਔਖਾ, ਅਤੇ ਟਾਨਸਿਲ ਲਾਲ ਦਿਸਦੇ ਹਨ। ਗਲੇ ਅੰਦਰ ਖਰਾਸ਼ ਵਾਇਰਲ- ਬੈਕਟੀਰੀਅਲ ਇਨਫੈਕਸ਼ਨ, ਜੁਕਾਮ, ਫਲੂ, ਖੰਘ, ਅਲਰਜੀ, ਖੁਸ਼ਕ ਹਵਾ, ਇੰਡਸਟਰੀਅਲ ਧੂੰਆ, ਮੌਸਮੀ ਪਰਦੂਸ਼ਨ, ਤੰਬਾਕੂਨੋਸ਼ੀ ਦਾ ਧੂੰਆ, ਮਸਾਲੇਦਾਰ ਭੋਜਨ, ਮਾਂਸਪੇਸ਼ੀ ਤਨਾਅ, ਜੀ. ਆਰ. ਡੀ. ਅਤੇ ਐਚ. ਆਈ. ਵੀ ਇਨਫੈਕਸ਼ਨ ਜੀਭ, 'ਤੇ ਗਲੇ ਦੇ ਕੈਂਸਰ ਦਾ ਕਾਰਨ ਵੀ ਬਣ ਸਕਦਾ ਹੈ।







ਲੋੜ ਹੈ ਖਿਆਲ ਰੱਖਣ ਦੀ:

- ਛੋਟੇ ਬੱਚੇ ਅਤੇ ਗਰਭਵਤੀ ਔਰਤਾਂ, ਗਲੇ ਅੰਦਰ ਦਰਦ ਦੀ ਸ਼ਿਕਾਇਤ ਕਰਨ ਦੀ ਹਾਲਤ 'ਚ ਬਿਨਾ ਦੇਰੀ ਜਾਂਚ 'ਤੇ ਇਲਾਜ਼ ਸ਼ੁਰੂ ਕਰੋ।
- ਆਪਣਾ ਖਾਣਾ-ਪੀਣਾ ਕਿਸੇ ਨਾਲ ਵੀ ਸਾਂਝਾ ਨਾ ਕਰੋ। ਬਰਤਨ ਅਲੱਗ ਹੀ ਰੱਖੋ। ਪਰਸਨਲ ਸਫਾਈ ਦੇ ਨਾਲ-ਨਾਲ ਘਰ ਦੇ ਅੰਦਰ 'ਤੇ ਬਾਹਰ ਆਪਣਾ ਨੱਕ-ਮੂੰਹ ਮਾਸਕ ਨਾਲ ਕਵਰ ਕਰਕੇ ਰੱਖੋ ਅਤੇ ਸੇਨੀਟਾਈਜ਼ਰ ਦਾ ਇਸਤੇਮਾਲ ਕਰੋ।
- ਘਲੇ ਅੰਦਰ ਸੋਜਿਸ਼ ਨੂੰ ਘੱਟ ਕਰਨ ਲਈ ਨਮਕ- ਪਾਣੀ ਦੇ ਗਰਾਰੇ ਅਤੇ ਕੈਮਿਸਟ ਤੋਂ ਮੇਡੀਕੇਟਿਡ ਗਾਰਗਲ ਲਈ ਲੀਕੀਉਡ ਲੈ ਸਕਦੇ ਹੋ। ਗਰਾਰੇ ਡੇਲੀ 4-5 ਬਾਰ ਵੀ ਕੀਤੇ ਜਾ ਸਕਦੇ ਹਨ।
- ਘਰ ਅੰਦਰ ਕੂਲ-ਫਾਸਟ ਵੱਪੋਰਾਈਜ਼ਰ ਜਾਂ ਹਿਮਡਿਫਾਇਰ ਬਰਤ ਸਕਦੇ ਹੋ। ਇਸ ਨਾਲ ਖੁਸ਼ਕੀ ਦੀ ਸਮੱਸਿਆ ਘੱਟ ਹੋ ਜਾਂਦੀ ਹੈ।
- ਛੋਟੇ ਬਚਿਆਂ ਨੂੰ ਸ਼ਹਿਦ ਚਟਾਓ। ਬੜੇ ਬੱਚੇ, ਵਿਅਸਕ ਅਦਰਕ ਵਾਲੇ ਪਾਣੀ 'ਚ 1 ਚਮਚ ਸ਼ਹਿਦ ਮਿਲਾ ਕੇ ਦਿਨ 'ਚ 3-4 ਬਾਰ ਸੇਵਨ ਕਰਨ ਨਾਲ ਆਰਾਮ ਮਿਲਦਾ ਹੈ।
- ਤਾਜ਼ੀ ਸਬਜ਼ੀਆਂ ਦਾ ਸੂਪ, ਗ੍ਰੀਨ ਟੀ, ਕੋਫੀ, ਅਤੇ ਚਿਕਨ-ਸੂਪ ਪੀਂਦੇ ਰਹੋ।
- ਪਿਪਰਮੈਂਟ ਵਾਲੀ ਖੰਘ-ਕੈਂਡੀ ਦੇ ਨਾਲ ਮੁਲੱਠੀ ਵੀ ਚੂਸ ਸਕਦੇ ਹੋ, ਆਰਾਮ ਮਿਲੇਗਾ। ਪਿਪਰਮੈਂਟ 'ਚ ਮੌਜੂਦ ਮੇਨਥੋਲ ਜੋ ਐਂਟੀ-ਇਨਫਲਾਮੈਂਟਰੀ ਅਤੇ ਐਂਟੀ-ਬੈਕਟੀਰੀਅਲ ਹੋਣ ਕਰਕੇ ਗਲੇ ਦੀ ਤਕਲੀਫ 'ਚ ਰਾਹਤ ਮਿਲਦੀ ਹੈ। ਚੂਸਨ ਵਾਲੀ ਵਿਟਾਮਿਨ -ਸੀ ਵੀ ਲੈ ਸਕਦੇ ਹੋ।
- ਮੁਲੱਠੀ ਦੇ ਪਾਉਡਰ 'ਚ ਸ਼ਹਿਦ ਮਿਕਸ ਕਰਕੇ ਰੋਜ਼ਾਨਾ 3-4 ਬਾਰ ਲਵੋ।
- ਡਾਕਟਰੀ ਸਲਾਹ ਨਾਲ ਕਫ-ਸਿਰਪ ਅਤੇ ਐਂਟੀਬਾਇਟਿਕ 'ਤੇ ਦਰਦ ਨਾਸ਼ਕ ਗੋਲੀ ਵੀ ਲੈ ਸਕਦੇ ਹੋ।
- ਸਿਗਰੇਟ-ਬੀੜੀ ਤੋਂ ਰਹੋ ਦੂਰ। ਇਨਾਂ ਦਾ ਧੂੰਆ ਗਲੇ ਅੰਦਰ ਇਰੀਟੇਸ਼ਨ ਵਧਾ ਦਿੰਦਾ ਹੈ। ਬਿਮਾਰੀ ਤੋਂ ਛੁਟਕਾਰਾ ਵੀ ਦੇਰ ਨਾਲ ਮਿਲਦਾ ਹੈ।
- ਸਰੀਰ ਦੀ ਇਮਊਨਿਟੀ ਵਧਾਉਣ ਅਤੇ ਬਰਕਰਾਰ ਰੱਖਣ ਲਈ ਸਬਜ਼ੀਆਂ 'ਚ ਅਦਰਕ, ਲਸਣ, ਪਿਆਜ਼, ਸਲਾਦ 'ਚ ਕੱਚਾ ਆਂਵਲਾ, ਅਤੇ ਵਿਟਾਮਿਨ-ਸੀ, ਜ਼ਿੰਕ, ਮੈਗਨੀਸ਼ੀਅਮ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ।
- ਮਸਾਲੇਦਾਰ, ਜੰਕ-ਫੂਡ ਤਕਲੀਫ ਵਧਾ ਸਕਦੀ ਹੈ।
- ਬਿਮਾਰੀ ਦੌਰਾਨ ਅਲਕੋਹਲ ਤੋਂ ਦੂਰ ਰਹੋ।

ਨੋਟ: ਕੁੱਝ ਦਿਨ ਲਗਾਤਾਰ ਗਲੇ ਦੀ ਸ਼ਿਕਾਇਤ ਰਹਿਣ ਦੀ ਹਾਲਤ 'ਚ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲਵੋ।












# ਰਾਸ਼ੀਫਲ



**ਮੇਸ਼ ਰਾਸ਼ੀ:** ਅੱਜ ਬਹਾਅ ਵਿੱਚ ਵਹਿ ਜਾਓ। ਇਹ ਤੁਹਾਡੇ ਰਿਸ਼ਤਿਆਂ ਨਾਲ ਸੰਬੰਧਿਤ ਸੁਝਾਅ ਹੈ। ਇੱਕ ਆਮ ਨਿਯਮ ਦੇ ਤੌਰ ਤੇ ਤੁਸੀਂ ਕੱਟੜ ਹੋ ਪਰ ਤੁਸੀਂ ਇਸ ਨੂੰ ਬਾਅਦ ਲਈ ਬਚਾ ਸਕਦੇ ਹੋ। ਅੱਜ ਦਾ ਦਿਨ ਦਿਆਲੂ ਹੋਣ ਅਤੇ ਆਪਣੇ ਪਿਆਰੇ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਦਾ ਦਿਨ ਹੈ। ਤੁਸੀਂ ਉਸ ਨੂੰ ਪ੍ਰੋਤਸ਼ ਵੀ ਕਰ ਸਕਦੇ ਹੋ।

**ਵ੍ਰਿਸ਼ਭ ਰਾਸ਼ੀ:** ਇਹ ਲੰਬੀ ਖਰੀਦਦਾਰੀ ਲਈ ਤੈਅ ਕੀਤਾ ਦਿਨ ਲੱਗ ਰਿਹਾ ਹੈ। ਤੁਸੀਂ ਮਾਲਾਂ, ਬਾਜ਼ਾਰਾਂ, ਡਾਲਰ ਸਟੋਰਾਂ ਅਤੇ ਮੋਲ-ਤੋਲ ਕਾਊਂਟਰਾਂ ਦਾ ਗੇੜਾ ਲਗਾ ਸਕਦੇ ਹੋ। ਤੁਸੀਂ ਮੁੱਲਾਂ 'ਤੇ ਮੋਲ-ਤੋਲ ਕਰਨ, ਆਪਣੀਆਂ ਖਰੀਦਦਾਰੀਆਂ ਲਈ ਉੱਤਮ ਸੌਦੇ ਕਰਨ ਦੀ ਕੋਸ਼ਿਸ਼ ਕਰਨ ਵਿੱਚ ਸੰਭਾਵਿਤ ਤੌਰ ਤੇ ਆਪਣੇ ਆਪ ਨੂੰ ਖੁਸ਼ੀ-ਖੁਸ਼ੀ ਵਿਅਸਤ ਪਾਓਗੇ। ਇਸ ਦੀ ਸਮਾਪਤੀ ਕਰਨ ਤੋਂ ਪਹਿਲਾਂ, ਤੁਸੀਂ ਬਹੁਤ ਸਾਰਾ ਸਮਾਨ ਖਰੀਦ ਚੁੱਕੇ ਹੋਵੋਗੇ।

**ਮਿਥੁਨ ਰਾਸ਼ੀ:** ਤੁਸੀਂ ਤੁਹਾਡੇ ਵੱਲੋਂ ਕੀਤੇ ਗਏ ਹਰ ਕੰਮ ਵਿੱਚ ਉੱਤਮਤਾ ਚਾਹੁੰਦੇ ਹੋ ਅਤੇ ਇਹ ਫਲਸਫਾ ਕੁਝ ਅਜਿਹਾ ਵੀ ਹੈ ਜੋ ਤੁਸੀਂ ਆਪਣੇ ਆਪ ਵਿੱਚ ਅਪਣਾ ਲਿਆ ਹੈ। ਤੁਹਾਨੂੰ ਕੇਵਲ ਸਕਾਰਾਤਮਕ ਹੋਣ ਦੀ ਲੋੜ ਹੈ ਤਾਂਕਿ ਤੁਹਾਡੇ ਵੱਲੋਂ ਲਗਾਈ ਗਈ ਊਰਜਾ ਜ਼ਿੰਦਗੀ ਵਿੱਚ ਠੀਕ ਫੈਸਲੇ ਲੈਣ ਵਿੱਚ ਸਹੀ ਤਰ੍ਹਾਂ ਕੇਂਦਰਿਤ ਹੋਵੇ।

**ਕਰਕ ਰਾਸ਼ੀ:** ਅੱਜ ਤੁਹਾਡੇ 'ਤੇ ਕਿਸਮਤ ਮਿਹਰਬਾਨ ਨਜ਼ਰ ਆ ਰਹੀ ਹੈ। ਤੁਸੀਂ ਸੰਭਾਵਿਤ ਤੌਰ ਤੇ ਅਚੱਲ ਸੰਪਤੀ ਵਿੱਚ ਆਪਣੇ ਨਿਵੇਸ਼ਾਂ ਤੋਂ ਵੱਡੇ ਲਾਭ ਪਾ ਸਕਦੇ ਹੋ। ਕੰਮ ਦੇ ਪੱਖੋਂ, ਤੁਸੀਂ ਆਪਣੇ ਤੋਂ ਉੱਚੇ ਅਹੁਦੇ ਵਾਲਿਆਂ ਅਤੇ ਸਹਿਕਰਮੀਆਂ ਤੋਂ ਪੂਰਨ ਸਮਰਥਨ ਦੀ ਉਮੀਦ ਕਰ ਸਕਦੇ ਹੋ। ਅੱਜ ਅਜਿਹਾ ਦਿਨ ਨਜ਼ਰ ਆ ਰਿਹਾ ਹੈ ਜਦੋਂ ਤੁਸੀਂ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਲਈ ਲਾਭ ਪਾਓਗੇ।

**ਸਿੰਘ ਰਾਸ਼ੀ:** ਅੱਜ, ਇਹ ਸੰਭਾਵਨਾ ਹੈ ਕਿ ਤੁਸੀਂ ਉਸ ਖਾਸ ਵਿਅਕਤੀ ਨੂੰ ਮਿਲੋਗੇ ਜਿਸ ਦਾ ਤੁਸੀਂ ਆਪਣੀ ਸਾਰੀ ਜ਼ਿੰਦਗੀ ਇੰਤਜ਼ਾਰ ਕੀਤਾ ਹੈ। ਤੁਸੀਂ ਸੰਭਾਵਿਤ ਤੌਰ ਤੇ ਆਪਣੇ ਸਾਥੀ ਨੂੰ ਇੱਕ ਸੁੰਦਰ ਤੋਹਫ਼ਾ ਦੇ ਸਕਦੇ ਹੋ। ਤੁਹਾਡਾ ਝੁਕਾਅ ਕਲਾ ਵੱਲ ਜ਼ਿਆਦਾ ਹੋਵੇਗਾ ਅਤੇ ਤੁਸੀਂ ਤੁਹਾਨੂੰ ਮਿਲੀ ਇਸ ਨਵੀਂ ਪ੍ਰਸ਼ੰਸਾ ਨੂੰ ਵੱਧ ਤੋਂ ਵੱਧ ਪ੍ਰਕਟ ਕਰ ਪਾਓਗੇ।

**ਕੰਨਿਆ ਰਾਸ਼ੀ:** ਵਿੱਤੀ ਪੱਖੋਂ, ਤੁਸੀਂ ਕੁਝ ਮੁਸ਼ਕਿਲਾਂ ਦਾ ਸਾਹਮਣਾ ਕਰ ਸਕਦੇ ਹੋ। ਤੁਹਾਡੇ ਮਨ ਨੂੰ ਨਹੀਂ, ਬਲਕਿ ਦਿਲ ਨੂੰ ਵੱਡੇ ਫੈਸਲੇ ਲੈਣ ਦਿਓ। ਤੁਹਾਡੀਆਂ ਕੀਮਤੀ ਚੀਜ਼ਾਂ ਪ੍ਰਤੀ ਸੁਚੇਤ ਰਹੋ। ਨਵੇਂ ਪ੍ਰੋਜੈਕਟਾਂ ਅਤੇ ਕਾਨੂੰਨੀ ਜ਼ੁੰਮੇਵਾਰੀਆਂ ਬਾਰੇ ਗੱਲ ਕਰਦਿਆਂ, ਜੋ ਤੁਸੀਂ ਕਰਨ ਦਾ ਫੈਸਲਾ ਕਰਦੇ ਹੋ ਉਸ ਬਾਰੇ ਸੁਚੇਤ ਰਹੋ ਕਿਉਂਕਿ ਇਸ ਦਾ ਤੁਹਾਡੇ 'ਤੇ ਗਹਿਰਾ ਪ੍ਰਭਾਵ ਹੋ ਸਕਦਾ ਹੈ।

**ਤੁਲਾ ਰਾਸ਼ੀ:** ਅੱਜ ਦਾ ਦਿਨ ਤੁਹਾਡੇ ਪਿਆਰੇ ਦੇ ਨਜ਼ਦੀਕ ਜਾਣ ਲਈ ਸਹੀ ਦਿਨ ਹੈ। ਤੁਹਾਡੇ ਵਿਅਸਤ ਜੀਵਨ ਦੇ ਚਲਦਿਆਂ ਤੁਸੀਂ ਦੋਨੋਂ ਇਕੱਠੇ ਸਮਾਂ ਨਹੀਂ ਬਿਤਾ ਪਾਏ। ਤੁਸੀਂ ਸ਼ਾਮ ਆਪਣੇ ਪਿਆਰੇ ਨਾਲ ਬਿਤਾਓਗੇ। ਅੱਜ ਤੁਸੀਂ ਮਾਨਸਿਕ ਤੌਰ ਤੇ ਵੀ ਬਹੁਤ ਜੋਸ਼ੀਲੇ ਰਹੋਗੇ। ਦਿਨ ਦਾ ਪੂਰਾ ਆਨੰਦ ਲਓ।

**ਵ੍ਰਿਸ਼ਚਿਕ ਰਾਸ਼ੀ:** ਅੱਜ ਸੁਚੇਤ ਅਤੇ ਸਾਵਧਾਨ ਰਹੋ। ਕਿਸੇ ਹੋਰ ਲਈ ਬਣਿਆ ਹੀਟ ਸੀਕਰ ਉਡਾਣ ਦੇ ਦੌਰਾਨ ਤੁਹਾਨੂੰ ਨਿਸ਼ਾਨੇਬੱਧ ਕਰ ਸਕਦਾ ਹੈ। ਹਾਲਾਂਕਿ, ਇਹ ਸਾਰੀ ਸਤਰਕਤਾ ਤੁਹਾਨੂੰ ਸ਼ਰਮਸਾਰ ਹੋਣ ਤੋਂ ਬਚਾਵੇਗੀ। ਉਹਨਾਂ ਪੁਰਾਣੇ ਕਿੱਸਿਆਂ ਦੀ ਤਰ੍ਹਾਂ, ਇਹਨਾਂ ਅਨੁਭਵਾਂ ਵਿੱਚ ਇੱਕ ਸਬਕ ਮੌਜੂਦ ਹੈ।

**ਧਨੂ ਰਾਸ਼ੀ:** ਤੁਹਾਡਾ ਦਿਨ ਉਮੀਦ ਅਤੇ ਖੁਸ਼ੀ ਭਰਿਆ ਲੱਗ ਰਿਹਾ ਹੈ। ਛਾਣਬੀਣ ਦੀ ਮੰਗ ਕਰ ਰਹੇ ਕੰਮ ਜਲਦੀ ਹੀ ਸਫਲਤਾਪੂਰਵਕ ਪੂਰੇ ਹੋ ਜਾਣਗੇ। ਤੁਸੀਂ ਤਰਕਸ਼ੀਲ ਵਿਚਾਰ ਨਾਲ ਲੰਬੇ ਸਮੇਂ ਤੋਂ ਚੱਲ ਰਹੇ ਵਿਵਾਦਾਂ ਨੂੰ ਖਤਮ ਕਰਨ ਵਿੱਚ ਵੀ ਮਦਦ ਕਰ ਸਕਦੇ ਹੋ।

**ਮਕਰ ਰਾਸ਼ੀ:** ਹੋ ਸਕਦਾ ਹੈ ਕਿ ਪਿਛਲੇ ਕੁਝ ਮਹੀਨੇ ਮੁਸ਼ਕਿਲ ਭਰੇ ਰਹੇ ਹੋਣ ਜਿੱਥੇ ਤੁਸੀਂ ਪਰਿਵਾਰ ਅਤੇ ਦੋਸਤਾਂ ਨਾਲ ਮਜ਼ਾ ਕਰਨ ਤੋਂ ਖੁੰਝ ਗਏ ਹੋਵੋ। ਤੁਹਾਡਾ ਸਮਰਪਣ ਅਤੇ ਮਿਹਨਤ ਤੁਹਾਨੂੰ ਅਜਿਹੇ ਮੁਕਾਮ 'ਤੇ ਲੈ ਆਏ ਹਨ ਜਿਸ 'ਤੇ ਪਹੁੰਚਣ ਦਾ ਤੁਸੀਂ ਸੁਪਨਾ ਦੇਖ ਰਹੇ ਸੀ। ਇਹ ਤੁਹਾਡੇ ਦੁਆਰਾ ਆਰਾਮ ਨਾਲ ਬੈਠਣ, ਲਾਭ ਚੁੱਕਣ ਅਤੇ ਤੁਹਾਨੂੰ ਮਿਲ ਰਹੀ ਤਵੱਜੋ ਦਾ ਆਨੰਦ ਲੈਣ ਦਾ ਸਮਾਂ ਹੈ।

**ਕੁੰਭ ਰਾਸ਼ੀ:** ਅੱਜ ਅਜਿਹਾ ਦਿਨ ਪ੍ਰਤੀਤ ਹੋ ਰਹੀਆਂ ਹੈ ਜਿਸ ਵਿੱਚ ਤੁਹਾਨੂੰ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰਨਾ ਆਸਾਨ ਲੱਗੇਗਾ। ਤੁਹਾਨੂੰ ਅਜਿਹੇ ਲੋਕ ਵੀ ਮਿਲ ਸਕਦੇ ਹਨ ਜੋ ਆਪਣੀਆਂ ਜ਼ੁੰਮੇਵਾਰੀਆਂ ਆਸਾਨੀ ਨਾਲ ਤੁਹਾਡੇ ਮੋਢਿਆਂ 'ਤੇ ਪਾਉਣਗੇ। ਸੁਚੇਤ ਰਹੋ ਕਿ ਤੁਸੀਂ ਚਿੜੋ ਨਾ, ਕਿਉਂਕਿ ਇਹ ਤੁਹਾਡੇ ਲਈ ਤੁਹਾਡੀ ਕਮਜ਼ੋਰੀ ਨੂੰ ਤਾਕਤ ਵਿੱਚ ਬਦਲਣ ਦਾ ਸੁਨਹਿਰਾ ਮੌਕਾ ਹੈ।

**ਮੀਨ ਰਾਸ਼ੀ:** ਆਪਣੇ ਵਿੱਤੀ ਸੌਦਿਆਂ 'ਤੇ ਨਜ਼ਰ ਰੱਖੋ ਕਿਉਂਕਿ ਤੁਹਾਡੇ ਸਿਤਾਰੇ ਅੱਜ ਤੁਹਾਡੇ ਹੱਕ ਵਿੱਚ ਨਹੀਂ ਹਨ। ਪੈਸੇ ਨਾਲ ਸੰਬੰਧਿਤ ਮਾਮਲਿਆਂ ਵਿੱਚ ਤੁਹਾਨੂੰ ਸੁਚੇਤ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।

# ਭਗਤ ਨਾਮਦੇਵ ਜੀ ਤੇ ਦਰਜੀ ਸਿੱਖਾਂ ਦਾ ਇਤਿਹਾਸ ਤੇ ਗੋਤ

ਸਿੱਖ ਧਰਮ ਵਿੱਚ ਖਾਲਸਾ ਪੰਥ ਦੀ ਸ਼ਾਜਨਾ ਤੋ ਬਾਅਦ ਸਭਨਾਂ ਨੂੰ ਬਰਾਬਰ ਦਾ ਹੱਕ ਮਿਲ ਗਿਆ। ਪਰ ਹੋਰਨਾਂ ਦੇ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਭਗਤਾਂ ਦੀ ਬਾਣੀ ਬਾਬਾ ਨਾਮਦੇਵ ਜੀ ਬਾਣੀ ਦਰਜ ਹੈ। ਹੱਥਲੇ ਲੇਖ ਵਿੱਚ ਉਹਨਾਂ ਦੇ ਜੀਵਨ ਤੇ ਮੰਨਣ ਵਾਲਿਆਂ ਦੀ ਅਹਿਮ ਤੇ ਸੰਖੇਪ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਆਉ ਇਸ ਦੇ ਉੱਪਰ ਪੰਛੀ ਝਾਤ ਪਾਈਏ।

Chhimba Caste History | ਛੀਂਬਾ, ਟਾਂਕ ਕਸ਼ੱਤਰੀ, ਜਾਤ ਇਤਿਹਾਸ ਛੀਂਬਾ ਸ਼ਬਦ ਸੰਸਕ੍ਰਿਤ ਦੇ ਸ਼ਬਦ 'ਸ਼ਿਲਿਪਨ' ਤੋਂ ਚੱਲਿਆ ਹੈ। ਪਹਿਲਾਂ ਪ੍ਰਾਕ੍ਰਿਤ ਵਿਚ ਛੀਪਾ ਤੇ ਫਿਰ ਪੰਜਾਬੀ ਵਿਚ ਛੀਂਬਾ। ਛੀਂਬੇ ਦਾ ਅਰਥ ਹੈ, 'ਕਪੜੇ ਉੱਪਰ ਵੇਲ ਬੂਟੇ ਛਾਪਣ ਵਾਲਾ ਕਾਰੀਗਰ'। ਟਾਂਕ ਕਸ਼ੱਤਰੀ ਜਾਂ ਛੀਂਬਾ ਜਾਤ ਪੰਜਾਬ ਵਿਚ ਵੱਡੀ ਗਿਣਤੀ ਵਿਚ ਮਿਲਦੀ ਹੈ। ਇਨ੍ਹਾਂ ਨੂੰ ਦਰਜ਼ੀ ਵੀ ਕਹਿੰਦੇ ਹਨ ਕਿਉਂਕਿ ਇਹ ਕਪੜੇ ਸੀਉਣ ਦਾ ਕੰਮ ਵੀ ਕਰਦੇ ਹਨ ਅਤੇ ਪੰਜਾਬ ਵਿਚ ਜਿੰਨੇ ਵੀ ਪ੍ਰਸਿੱਧ ਦਰਜ਼ੀ ਹਨ, ਇਨ੍ਹਾਂ ਵਿਚੋਂ ਬਹੁਤੇ ਇਸ ਜਾਤ ਨਾਲ ਸੰਬੰਧਤ ਹਨ। ਇਨ੍ਹਾਂ ਵਿਚ ਮੁਸਲਮਾਨ ਹਿੰਦੂ ਤੇ ਸਿੱਖ ਵੀ ਹਨ। ਭਾਰਤ ਦੇ ਉੱਤਰ ਪ੍ਰਦੇਸ਼, ਹਰਿਆਣਾ, ਮਹਾਂਰਾਸਟਰ ਪਾਕਿਸਤਾਨ ਵਿਚ ਲਾਹੌਰ ਅਤੇ ਇਸਦੇ ਪੱਛਮ ਵਿਚ ਪੈਂਦੇ ਜ਼ਿਲ੍ਹਿਆਂ ਵਿਚ ਇਨ੍ਹਾਂ ਨੂੰ ਧੋਬੀ ਵੀ ਕਹਿੰਦੇ ਹਨ। ਧੋਬੀ ਨੂੰ ਸੰਸਕ੍ਰਿਤ ਵਿਚ ਧਾਵਕ ਅਰਥਾਤ ਕਪੜੇ ਧੋਣ ਵਾਲਾ ਕਿਹਾ ਗਿਆ ਹੈ। ਪਾਕਿਸਤਾਨ ਦੇ ਡੇਰਾ ਜਾਤ ਖੇਤਰ (ਡੇਰਾ ਗ਼ਾਜ਼ੀ ਖਾਂ ਅਤੇ ਡੇਰਾ ਇਸਮਾਈਲ ਖਾਂ ਆਦਿ) ਅਤੇ ਮੁਲਤਾਨ ਵਿਚ ਇਨ੍ਹਾਂ ਨੂੰ ਚਰਹੋਆ ਕਿਹਾ ਜਾਂਦਾ ਹੈ। ਚਰਹੋਆ ਵਿਚੋਂ ਕਈ ਜੱਟ ਹਨ। ਇਨ੍ਹਾਂ ਨੂੰ ਕਈ ਥਾਈਂ ਰੰਗਰੇਜ਼ ਜਾਂ ਲਲਾਰੀ ਵੀ ਕਹਿੰਦੇ ਹਨ। ਰੰਗਰੇਜ਼ ਫ਼ਾਰਸੀ ਦਾ ਸ਼ਬਦ ਹੈ, ਜਿਸਦਾ ਅਰਥ ਕਪੜੇ 'ਰੰਗਣ ਵਾਲਾ' ਹੈ। ਧੋਬੀਆਂ ਦੀ ਥਾਂ ਡਰਾਈਕਲੀਨਰਜ਼ ਨੇ ਲੈ ਲਈ ਹੈ ਤੇ ਇਹ ਧੰਦਾ ਬਹੁਤ ਲਾਹੇਵੰਦ ਸਾਬਤ ਹੋਇਆ ਹੈ। ਪੰਜਾਬ ਦੇ ਮਸ਼ਹੂਰ ਡਰਾਈਕਲੀਨਰਜ਼ ਲਗਭਗ 80% ਇਸੇ ਜਾਤ ਦੇ ਹਨ ਅਤੇ ਕਿਤੇ-ਕਿਤੇ ਇਹ ਧੰਦਾ ਹੋਰ ਜਾਤਾਂ ਨੇ ਵੀ ਅਪਣਾ ਲਿਆ ਹੈ। ਕਪੂਰਥਲੇ ਦੇ ਹਿੰਦੂ ਧੋਬੀ ਕਹਿੰਦੇ ਹਨ ਕਿ ਉਹ ਉੱਤਰ ਪ੍ਰਦੇਸ਼ ਤੋਂ ਆਏ ਹਨ । ਛੀਂਬੇ, ਚਿੱਟੀਆਂ ਸੂਤੀ ਚਾਦਰਾਂ ਉਪਰ ਛਪਾਈ (ਠੇਕਣ) ਦਾ ਕੰਮ ਬਹੁਤ ਵਧੀਆ ਕਰਦੇ ਹਨ। ਸੁਲਤਾਨਪੁਰ ਲੋਧੀ ਦੇ ਛੀਂਬੇ ਇਸ ਕੰਮ ਵਿਚ ਬੜੇ ਮਾਹਿਰ ਸਨ ਅਤੇ ਦੇਸ਼ ਦੀ ਵੰਡ ਤੋਂ ਪਹਿਲਾਂ ਇਹ ਠੇਕੀਆਂ ਚਾਦਰਾਂ ਅਤੇ ਗਲੀਚੇ ਬਾਹਰਲੇ ਦੇਸ਼ਾਂ ਨੂੰ ਨਿਰਯਾਤ ਕੀਤੇ ਸਨ। ਇਸ ਜਾਤ ਦੇ ਲੋਕ ਟਾਂਕ ਕਸ਼ੱਤਰੀ ਕਹਾਉਣਾ ਪਸੰਦ ਕਰਦੇ ਹਨ, ਕਿਉਂਕਿ ਇਹ ਪ੍ਰਾਚੀਨ ਸਮੇਂ ਦੇ ਕਸ਼ੱਤਰੀ ਹਨ। ਦਰਅਸਲ ਇਹ ਜਾਤ ਕਿੱਤਾ-ਮੁਖੀ ਹੈ ਅਤੇ ਇਸਨੂੰ ਹੋਰ ਕਿੱਤਾ-ਮੁਖੀ ਜਾਤਾਂ ਨਾਲੋਂ ਅੱਡ ਕਰਕੇ ਨਹੀਂ ਵੇਖਿਆ ਜਾ ਸਕਦਾ। ਇਨ੍ਹਾਂ ਦੇ ਗੋਤ ਬ੍ਰਾਹਮਣਾਂ, ਕਸ਼ੱਤਰੀਆਂ (ਖੱਤਰੀਆਂ), ਜੱਟਾਂ, ਕੰਬੋਜਾਂ ਆਦਿ ਹੋਰ ਜਾਤਾਂ ਨਾਲ ਮਿਲਦੇ ਹਨ, ਜਿਸ ਕਰਕੇ ਇਨ੍ਹਾਂ ਦਾ ਮੂਲ ਇਨ੍ਹਾਂ ਜਾਤਾਂ ਦੇ ਲੋਕਾਂ ਵਿਚੋਂ ਹੀ ਹੈ। ਅੱਜ ਤੋਂ ਚਾਲੀ ਪੰਜਾਹ ਸਾਲ ਪਹਿਲਾਂ ਪਿੰਡਾਂ ਵਿਚ ਇਹ ਆਪਣੇ ਕੀਤੇ ਕੰਮ ਬਦਲੇ ਹਰ ਫਸਲ 'ਤੇ ਨੀਯਤ ਕੀਤਾ ਹੋਇਆ ਹਿੱਸਾ ਲੈਂਦੇ ਸਨ ਜਿਸਨੂੰ 'ਸੇਪ' ਕਿਹਾ ਜਾਂਦਾ ਸੀ। ਸ਼ਹਿਰਾਂ ਵਿਚ ਪੈਸੇ ਲੈ ਕੇ ਕੰਮ ਕੀਤਾ ਜਾਂਦਾ ਸੀ। ਇਸ ਜਾਤ ਦੇ ਲੋਕ ਖੇਤੀ ਕਰਦੇ ਵੀ ਵੇਖੇ ਜਾਂਦੇ ਹਨ, ਖਾਸ ਕਰਕੇ ਪੰਜਾਬ ਅਤੇ ਹਰਿਆਣੇ ਵਿਚ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਾਜੇ ਹੋਏ ਪੰਜ ਪਿਆਰਿਆਂ ਵਿਚੋਂ ਮਹਾਨ ਸਿੱਖ ਭਾਈ ਮੁਹਕਮ ਸਿੰਘ ਜੀ (ਭਾਈ ਠਾਕਰ ਸਿੰਘ, 'ਗੁਰਦੁਆਰੇ ਦਰਸ਼ਨ' ਅਨੁਸਾਰ ਬੂੜੀਏ ਪਿੰਡ ਦੇ ਰਹਿਣ ਵਾਲੇ, ਜਨਮ 22 ਜੇਠ ਸੰਮਤ 1733 ਬਿ:, ਭਾਈ ਮੰਗਲ ਸਿੰਘ ਅਨੁਸਾਰ, ਦਵਾਰਕਾ ਦੇ ਰਹਿਣ ਵਾਲੇ ਜਨਮ 1720 ਬਿ:)—(ਮਹਾਨਕੋਸ਼ ਪੰ. 792) ਗੁਰੂ ਕੇ ਬਾਗ਼ ਦੇ ਅਕਾਲੀ ਮੋਰਚੇ ਸਮੇਂ ਅੰਮ੍ਰਿਤਸਰ ਤੋਂ ਜ਼ਖਮੀਆਂ ਦੀ ਭਰੀ ਗੱਡੀ ਨੂੰ ਅਟਕ ਜੇਲ੍ਹ ਵਿਚ ਲਿਜਾਂਦੇ ਹੋਏ ਪੰਜਾ ਸਾਹਿਬ ਗੱਡੀ ਰੋਕਣ ਵਾਲੇ ਸ਼ਹੀਦ ਭਾਈ ਕਰਮ ਸਿੰਘ ਜੀ ਇਸੇ ਭਾਈਚਾਰੇ ਨਾਲ ਸੰਬੰਧਤ ਸਨ। ਇਸ ਭਾਈਚਾਰੇ ਵਿਚ ਭਗਤ ਨਾਮਦੇਵ ਜੀ (1272–1356 ਈ.) ਹੋਏ ਹਨ ਜੋ ਪੂਰਨ ਬ੍ਰਹਮਗਿਆਨੀ ਸਨ। ਉਨ੍ਹਾਂ ਦਾ ਜਨਮ ਮਹਾਰਾਸ਼ਟਰ ਵਿਚ ਸਤਾਰਾ ਜ਼ਿਲ੍ਹੇ ਦੇ ਪਿੰਡ ਨਰਸੀਬਾਮਨੀ ਵਿਚ ਹੋਇਆ। ਆਪ ਪੰਜਾਬ ਵਿਚ ਵੀ ਆਏ ਅਤੇ ਇਨ੍ਹਾਂ ਦੀ ਆਮਦ ਦੀ ਯਾਦ ਵਿਚ ਪਿੰਡ ਘੁੰਮਾਣ ਜ਼ਿਲ੍ਹਾ ਗੁਰਦਾਸਪੁਰ ਵਿਚ, ਇਕ ਗੁਰਦੁਆਰਾ ਹੈ ਜਿਸਨੂੰ ਸਭ ਤੋਂ ਪਹਿਲਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਬਣਾਇਆ ਸੀ। ਇਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਭਾਈਚਾਰੇ ਦੇ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਰਧਾ ਰੱਖਦੇ ਹਨ । ਇਹ ਨਾਂ ਦੇ ਬਹੁਤੇ ਜੱਟ ਸਿੱਖ ਭਾਈਚਾਰੇ ਵਾਲੇ ਹੀ ਹਨ । ਇਸ ਭਾਈਚਾਰੇ ਵਿਚ, ਭਾਈ ਸੰਤੋਖ ਸਿੰਘ (1789–1844 ਈ.) ਜਿਨ੍ਹਾਂ 'ਗੁਰੂ ਨਾਨਕ ਪ੍ਰਕਾਸ਼' ਜਪੁਜੀ ਦਾ ਟੀਕਾ 'ਗਰਬ ਗੰਜਨੀ' ਅਤੇ 'ਗੁਰਪ੍ਰਤਾਪ ਸੂਰਜ' ਆਦਿ ਨਾਂ ਦੇ ਗ੍ਰੰਥ ਲਿਖੇ, ਇਕ ਮਹਾਨ ਕਵੀ ਹੋਏ ਹਨ। ਪ੍ਰਸਿੱਧ ਲੇਖਕ ਡਾਕਟਰ ਸਤਿੰਦਰ ਸਿੰਘ ਨੂਰ ਦਿੱਲੀ, ਕਵੀ ਸਵਰਗੀ ਐਸ.ਐਸ. ਮੀਸ਼ਾ, ਸ. ਪਿਆਰਾ ਸਿੰਘ ਪਦਮ, ਪ੍ਰਸਿੱਧ ਲੇਖਕ ਸੰਤੋਖ ਸਿੰਘ ਧੀਰ, ਨਿਰੰਜਣ ਸਿੰਘ ਤਸਨੀਮ, ਕਰਮਜੀਤ ਸਿੰਘ, ਪਿਆਰਾ ਸਿੰਘ ਦਿੱਲੀ, ਪੰਜਾਬੀ ਟ੍ਰਿਬਊਨ ਦੇ ਸਾਬਕਾ ਐਡੀਟਰ ਅਤੇ ਲੇਖਕ ਸਵ. ਹਰਭਜਨ ਸਿੰਘ ਹਲਵਾਰਵੀ,ਸਵ.



ਡਾ. ਪਿਆਰ ਸਿੰਘ, ਡਾ. ਠਾਕਰ ਭਾਰਤੀ, ਡਾ. ਮੋਹਨਜੀਤ, ਡਾ. ਹਰਨੇਕ ਸਿੰਘ ਕੋਮਲ, ਉਰਦੂ ਦੇ ਨਾਮਵਰ ਕਵੀ ਪੂਰਨ ਸਿੰਘ ਹੁਨਰ, ਚਰਚਿਤ ਕਹਾਣੀ ਲੇਖਕਾ ਬਚਿੰਤ ਕੌਰ, ਲੇਖਕ ਗੁਰਮੀਤ ਪਲਾਹੀ, ਪ੍ਰਸਿੱਧ ਢਾਡੀ ਦਯਾ ਸਿੰਘ ਦਿਲਬਰ, ਡਾਕਟਰ ਮਾਨ ਸਿੰਘ ਅੰਮ੍ਰਿਤਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰ. ਕਵੀ ਹਰਭਜਨ ਸਿੰਘ ਹਾਮੀ, ਕੁਲਦੀਪ ਸਿੰਘ ਬੇਦੀ, ਸੁਖਵੰਤ ਪੱਟੀ ਗ਼ਜ਼ਲਗੋ ਆਦਿ ਦੇ ਨਾਂ ਵਰਣਨਯੋਗ ਹਨ।

ਜੱਥੇਦਾਰ ਸੰਤੋਖ ਸਿੰਘ ਦਿੱਲੀ, ਮਨਜੀਤ ਸਿੰਘ ਜੀ.ਕੇ . ਦਿੱਲੀ ਫਰੀਦਕੋਟ ਤੋਂ ਸ੍ਰਦਾਰ ਮਿਹਰ ਸਿੰਘ ਅਤੇ ਹਰਦੇਵ ਸਿੰਘ ਅਰਸ਼ੀ (ਬੁੱਢਲਾਡਾ) ਐੱਮ.ਐੱਲ.ਏ. ਰਹਿ ਚੁੱਕੇ ਹਨ। ਨੈਸ਼ਨਲ ਕ੍ਰਿਕਟਰ ਸ: ਰਾਜਿੰਦਰ ਸਿੰਘ ਘਈ (ਬਲਿਊ ਸਟਾਰ ਟੇਲਰਜ਼, ਜਲੰਧਰ), ਸ:ਹਰਜੀਤ ਸਿੰਘ ਜੋਤੀ ਇੰਟਰਨੈਸ਼ਨਲ ਹਾਕੀ ਖਿਡਾਰੀ, ਪ੍ਰਸਿੱਧ ਕਾਨੂੰਨਦਾਨ ਸ:ਹਰਬੰਸ ਸਿੰਘ ਦੁਆਬੀਆ ਸਾਬਕਾ ਐਡਵੋਕੇਟ ਜਨਰਲ ਪੰਜਾਬ, ਟਾਂਕ ਕਸ਼ਤਰੀ ਹਨ। ਜਲੰਧਰ ਦੇ ਸ: ਹਰਦਿਆਲ ਸਿੰਘ ਬੋਕੀ, ਜੱਸਲ ਇੰਜੀਨੀਅਰਜ਼ ਲੁਧਿਆਣਾ, ਨੈਸ਼ਨਲ ਕੈਮੀਕਲਜ਼ ਦਿੱਲੀ ਆਦਿ ਸਨਅਤਕਾਰ ਹਨ। ਦੇਵ ਚਿੱਤਰਕਾਰ ਤੇ ਹੋਰ ਵੀ ਅਨੇਕ ਲੋਕ ਹਨ। ਟਾਂਕ ਕਸ਼ੱਤਰੀ ਭਾਈਚਾਰੇ ਵਿਚ ਬੜੇ ਪੜ੍ਹੇ-ਲਿਖੇ ਲੋਕ ਹਨ। ਵੱਡੇ-ਵੱਡੇ ਅਫ਼ਸਰ ਹਨ। ਹਿੰਦੂ ਟਾਂਕ-ਕਸ਼ੱਤਰੀ ਲੋਕ, ਹਿੰਦੂ ਧਰਮ ਦੀਆਂ ਰਹੁ-ਰੀਤਾਂ ਦੇ ਧਾਰਨੀ ਹਨ ਜਦਕਿ ਦਰਜੀ ਸਿੱਖ ਛੀਂਬੇ ਸਿੱਖ ਧਰਮ ਦੀਆਂ ਰਹੁ-ਰੀਤਾਂ ਦੇ। 1881 ਈ. ਦੀ ਮਰਦਮਸ਼ੁਮਾਰੀ ਵਿਚ ਕਈਆਂ ਨੇ ਧੋਬੀ, ਛੀਂਬੇ, ਰੰਗਰੇਜ਼, ਲਲਾਰੀ, ਚਰੋਆ ਅਤੇ ਦਰਜ਼ੀ ਲਿਖਵਾਇਆ ਸੀ ਅਤੇ ਇਹਨਾਂ ਦੀ ਕ੍ਰਮਵਾਰ ਸੰਖਿਆ 133215, 103491, 5060, 27699, 34591 ਅਤੇ 32463 ਸੀ।

ਟਾਂਕ ਕਸ਼ੱਤਰੀ / ਦਰਜੀ ਸਿੱਖ /ਛੀਬਾਂ ਭਾਈਚਾਰੇ ਦੇ ਗੋਤ ਉਨ ਅਸਪਾਲ ਅਤਰੀ : ਇਹ ਗੋਤ ਬ੍ਰਾਹਮਣਾਂ ਦਾ ਵੀ ਹੈ। ਅਚਿੰਤ /ਅਖਤਰ ਅਜੀਮਲ ਅਰਸ਼ੀ ਅਗੋਰੋਇਆ ਔਲਖ : ਇਹ ਗੋਤ ਜੱਟਾਂ ਵਿਚ ਵੀ ਮਿਲਦਾ ਹੈ। ਅਗਰੈ ,ਅਕਥਰਾ , ਆਨੰਦ : ਇਹ ਇਕ ਖੱਤਰੀ ਜਾਤ ਵੀ ਹੈ। ਸਾਰਾ ,ਸਰਾਂ ,ਸਰਾ : ਇਹ ਗੋਤ ਜੱਟਾਂ ਦਾ ਵੀ ਹੈ। ਸੇਠੀ : ਇਹ ਗੋਤ ਅਰੋੜਿਆਂ ਅਤੇ ਖੱਤਰੀਆਂ ਵਿਚ ਵੀ ਮਿਲਦਾ ਹੈ। ਸੰਦਲ : ਇਹ ਗੋਤ ਜੱਟਾਂ ਅਤੇ ਬ੍ਰਾਹਮਣਾਂ ਵਿਚ ਵੀ ਮਿਲਦਾ ਹੈ। ਸਰਨ /ਸਰਪਾਲ ਸਰਾਓ : ਇਹ ਗੋਤ ਜੱਟਾਂ ਵਿਚ ਵੀ ਮਿਲਦਾ ਹੈ। ਸੈਹਸੀ ਸਹਿਗਲ : ਇਹ ਖੱਤਰੀਆਂ ਦਾ ਗੋਤ ਵੀ ਹੈ। ਸੱਪਲ ਜਾਂ ਸਿੱਪਲ ਸਾਰਲੀ /ਸ਼ਰਨ ਸੂਰੀ : ਇਹ ਖੱਤਰੀ ਭਾਈਚਾਰੇ ਵੀ ਗੋਤ ਮਿਲਦਾ ਹੈ। ਸੰਧੂ : ਇਹ ਗੋਤ ਜੱਟਾਂ, ਮਜ਼੍ਹਬੀਆਂ, ਰਵਿਦਾਸੀਆਂ, ਮੋਚੀਆਂ ਅਤੇ ਕਈ ਹੋਰ ਜਾਤਾਂ ਵਿਚ ਵੀ ਮਿਲਦਾ ਹੈ। ਸੰਖਰ, ਧਤਲ, ਸੰਗਾਰੀ ਸੱਗੂ : ਇਹ ਗੋਤ ਜੱਟਾਂ ਅਤੇ ਰਾਮਗੜ੍ਹੀਆਂ ਵਿਚ ਵੀ ਮਿਲਦਾ ਹੈ। ਸਰਮਾਲ, ਸੰਗਾ ਸੰਸਰਾ ਸਾਰਲੀ ਸੋਲੰਕੀ : ਇਹ ਗੁਜਰਾਤ ਦੇ ਰਾਜਪੂਤਾਂ ਦਾ ਗੋਤ ਹੈ। ਹਰੜ ,ਹਲਣ, ਹਰਸ : ਇਹ ਗੋਤ ਬ੍ਰਾਹਮਣਾਂ ਤੇ ਕੰਬੋਜਾਂ ਵਿਚ ਮਿਲਦਾ ਹੈ। ਕਰੀਰ ਕੈਂਥ : ਇਹ ਗੋਤ ਜੱਟਾਂ ਅਤੇ ਰਵਿਦਾਸੀਆਂ ਵਿਚ ਮਿਲਦਾ ਹੈ। ਕੈਂਬੇ ਜਾਂ ਕੰਬੋ : ਕੰਬੋਜ ਭਾਈਚਾਰੇ ਦੇ ਲੋਕਾਂ ਨੂੰ ਵੀ ਆਮ ਭਾਸ਼ਾ ਵਿਚ ਕੰਬੋਅ ਕਿਹਾ ਜਾਂਦਾ ਹੈ, ਸ਼ਾਇਦ ਇਸ ਗੋਤ ਦੇ ਲੋਕ ਕੰਬੋਜ ਮੂਲ ਦੇ ਹੋਣ। ਕਨੌਜੀਆ : ਇਨ੍ਹਾਂ ਦਾ ਸੰਬੰਧ ਕਨੌਜ ਨਾਲ ਹੈ ਅਤੇ ਇਹ ਸਥਾਨ ਵਾਚਕ ਗੋਤ ਹੈ। ਕੋਹਾਂਸ ,ਕੇਰ ,ਕੈਸ਼ਪ : ਇਹ ਗੋਤ ਝੀਉਰਾਂ, ਬ੍ਰਾਹਮਣਾਂ ਅਤੇ ਦਲਿਤਾਂ ਵਿਚ ਵੀ ਮਿਲਦਾ ਹੈ। ਕੋਹਾਨਾ, ਕੁਰੀ ਕਰਮਾ ਕਤਾਲ ਕੌਸ਼ਲ : ਇਹ ਬ੍ਰਾਹਮਣਾਂ, ਖੱਤਰੀਆਂ ਦਾ ਵੀ ਗੋਤ ਹੈ। ਕੰਬੋਜਾਂ ਦਾ ਇਕ ਗੋਤ ਕੋਂਸਲੇ ਵੀ ਹੈ। ਕੁਆਸੀਏ, ਕੋਕਚਾ, ਖੁਰਮੇ, ਖੜਪਾਲ ਖੋਖਰ : ਇਹ ਇਕ ਵੱਖਰੀ ਜਾਤ ਵੀ ਹੈ। ਇਹ ਗੋਤ ਜੱਟਾਂ, ਕੰਬੋਜਾਂ, ਰਾਜਪੂਤਾਂ, ਨਾਈਆਂ, ਰਾਮਗੜ੍ਹੀਆਂ ਤੇ ਹੋਰ ਜਾਤਾਂ ਵਿਚ ਮਿਲਦਾ ਹੈ। ਖਰਪਾਲ ਗਾਂਧੀ : ਇਹ ਗੋਤ ਜੱਟਾਂ, ਕੰਬੋਜਾਂ, ਰਾਮਗੜ੍ਹੀਆਂ, ਰਾਜਪੂਤਾਂ, ਅਰੋੜਿਆਂ ਤੇ ਪਾਰਸੀਆਂ ਦਾ ਵੀ ਹੈ। ਗਾਂਜੇ,ਗੋਸਵਾਮੀ : ਇਹ ਬ੍ਰਾਹਮਣਾਂ ਦਾ ਗੋਤ ਵੀ ਹੈ। ਗੁਰੂ : ਇਹ ਰਵਿਦਾਸੀਆਂ ਦਾ ਗੋਤ ਵੀ ਹੈ। ਗਲਰੀ,ਗਲੰਜਰ ਘੁੰਗਰੂ ਗਰਚਾ : ਇਹ ਗੋਤ ਜੱਟਾਂ ਦਾ ਵੀ ਹੈ। ਘਈ : ਇਹ ਗੋਤ ਅਰੋੜਿਆਂ ਦਾ ਵੀ ਹੈ। ਚਾਹਲ : ਇਹ ਗੋਤ ਜੱਟਾਂ ਅਤੇ ਰਾਮਗੜੀਆਂ ਦਾ ਵੀ ਹੈ। ਚਾਵਲਾ : ਇਹ ਗੋਤ ਅਰੋੜਿਆਂ ਦਾ ਹੈ। ਚੋਹਾਨ : ਇਹ ਗੋਤ ਰਾਜਪੂਤਾਂ, ਜੱਟਾਂ ਆਦਿ ਕਈ ਜਾਤਾਂ ਵਿਚ ਮਿਲਦਾ ਹੈ। ਜੰਝੂਆ : ਇਹ ਗੋਤ ਜੱਟਾਂ ਅਤੇ ਰਾਜਪੂਤਾਂ ਆਦਿ ਕਈ ਜਾਤਾਂ ਵਿਚ ਮਿਲਦਾ ਹੈ। ਜੱਸਲ ਜਸਵਾਲ : ਇਹ ਗੋਤ ਰਾਜਪੂਤਾਂ ਵਿਚ ਮਿਲਦਾ ਹੈ। ਜਸਪਾਲ – ਟੈਗੋਰ ਟੋਹਾਨੀ ਡੈਡ ਢੋਕਲ ਢੁਏ ਤੁਹਾਨੀ ਤਗੜ ਤਾਹਿਮ : ਇਹ ਰਾਜਪੂਤ ਗੋਤ ਵੀ ਹੈ। ਤੇਹਨ : ਇਹ ਖੱਤਰੀਆਂ ਦਾ ਗੋਤ ਵੀ ਹੈ। ਤੇਜੀ ,ਤੁੰਗੜ ,ਤੋਖੀ , ਤਿਹਾਰੀਆ ਥੰਡੇ ਥਰੀਆ ਥੁਏ ਦੱਗਾ ਦੇਗਲ ਦੇਸਲੀ : ਇਹ ਗੋਤ ਗੁਰਦਾਸਪੁਰ ਵਿਚ ਮਿਲਦਾ ਹੈ। ਧਾਮੀ : ਇਹ ਜੱਟਾਂ ਦਾ ਵੀ ਗੋਤ ਹੈ। ਧੀਰ : ਇਹ ਖੱਤਰੀਆਂ ਦਾ ਵੀ ਗੋਤ ਹੈ। ਧਵਨ : ਇਹ ਖੱਤਰੀਆਂ, ਰਾਮਗੜ੍ਹੀਆਂ ਦਾ ਵੀ ਗੋਤ ਹੈ। ਧੰਦਲ ਨਿੱਝਰ : ਇਹ ਗੋਤ, ਜੱਟਾਂ ਅਤੇ ਸੁਨਿਆਰਿਆਂ ਦਾ ਵੀ ਹੈ। ਨਾਗੀ : ਇਹ ਰਾਮਗੜ੍ਹੀਆਂ ਦਾ ਵੀ ਗੋਤ ਹੈ। ਨਾਗਪਾਲ : ਇਹ ਕੰਬੋਜਾਂ ਅਤੇ ਅਰੋੜਿਆਂ ਦਾ ਵੀ ਗੋਤ ਹੈ। ਪੁਰਬਾ, ਪੂਰੀ : ਇਹ ਖੱਤਰੀਆਂ ਦਾ ਵੀ ਗੋਤ ਹੈ। ਪਤਰਾਏ ਪੂਰੇਵਾਲ : ਇਹ ਜੱਟਾਂ ਦਾ ਵੀ ਗੋਤ ਹੈ। ਪਤਿਆਲ : ਇਹ ਰਾਜਪੂਤਾਂ ਦਾ ਵੀ ਗੋਤ ਹੈ। ਪੱਤੀ ਪੰਵਾਰ : ਇਹ ਜੱਟਾਂ ਤੇ ਰਾਜਪੂਤਾਂ ਦਾ ਵੀ ਗੋਤ ਹੈ। ਪਰਮਾਹਾ, ਫਰਮਾਹੇ,ਫਰਵਾਹੇ ਬੇਦੀ : ਇਹ ਖੱਤਰੀਆਂ ਦਾ ਵੀ ਗੋਤ ਹੈ। ਵੱਟੂ ਜੈਦ ਬਬਰਾ ਬਸਰਾ : ਇਹ ਜੱਟ ਗੋਤ ਵਿੱਚ ਵੀ ਹੈ। ਬਾਗੜੀਆ : ਬਾਗੜ ਖੇਤਰ ਵਿਚ ਰਹਿਣ ਵਾਲੇ ਨੂੰ ਕਹਿੰਦੇ ਹਨ। ਭੱਲਾ ਬਹਿਲ : ਇਹ ਖੱਤਰੀਆਂ ਦਾ ਗੋਤ ਵੀ ਹੈ ਬਜਰੀਆ ਬਾਵਾ : ਇਹ ਭੱਲੇ ਖੱਤਰੀਆਂ ਦੀ ਅੱਲ ਹੈ। ਬੈਂਸ : ਇਹ ਜੱਟਾਂ ਦਾ ਵੀ ਗੋਤ ਹੈ। ਭਾਰਦਵਾਜ : ਇਕ ਬ੍ਰਾਹਮਣ ਵੰਸ਼ ਵੀ ਹੈ। ਭਾਰਦਵਾਜ ਟਾਂਕ ਕਸ਼ੱਤਰੀ ਗੁਰਦਾਸਪੁਰ ਵਿਚ ਮਿਲਦੇ ਹਨ। ਭੋਲਾ, ਭਲਮ ਭੱਟ : ਸੰਭਵ ਹੈ ਕਿ ਇਹ ਬ੍ਰਾਹਮਣ ਮੂਲ ਦਾ ਗੋਤ ਹੋਵੇ। ਟਿਵਾਣਾ –ਇਹ ਗੋਤ ਵੀ ਜੱਟ ਸਿੱਖਾਂ ਵਿੱਚ। ਮਿਲਦਾ ਹੈ। ਪੁਰਬਾ,ਦੇਦ ਢੇਲਡੀ ਢਿੱਲੋਂ ਭੱਟੀ : ਇਹ ਰਾਜਪੂਤਾਂ, ਜੱਟਾਂ, ਰਾਮਗੜੀਆਂ, ਦਲਿਤਾਂ ਵਿਚ ਵੀ ਗੋਤ ਮਿਲਦਾ ਹੈ। ਮਿਨਹਾਸ : ਇਹ ਰਾਜਪੂਤ, ਜੱਟਾਂ ਅਤੇ ਮਹਿਤੋਆਂ ਦਾ ਗੋਤ ਹੈ। ਮੋਛੀ/ਮੋਚੀ : ਇਹ ਗੰਗਾਨਗਰ ਦੇ ਜ਼ਿਲ੍ਹੇ ਵਿਚ ਮਿਲਦੇ ਹਨ। ਮਲਹਾਰੀ ,ਮੋਹਲ , ਮੰਗੇਰ ਮਹਿਮਲ ਮਲਹਾਰ ਮੌਖੜ ਮੋਹਰ ਮੁਕਰ ਮਾਨ : ਇਹ ਜੱਟਾਂ ਤੇ ਰਾਮਗੜੀਆਂ ਦਾ ਗੋਤ ਵੀ ਹੈ। ਮਗੀਆ ,ਮਾਰਵਾਇਰ ਮਲਨਹੰਸ : ਇਹ ਗੋਤ ਰਾਜਪੂਤਾਂ ਦਾ ਵੀ ਹੈ। ਰਾਏ : ਇਹ ਜੱਟਾਂ ਦਾ ਗੋਤ ਹੈ ਅਤੇ ਇਕ ਵੱਖਰੀ ਜਾਤ ਵੀ ਹੈ। ਰੁਹੀਲਾ ਰਪਰਾ ਰਿਸ਼ੀਰਾਜ ਰਿਖਰਾਏ ਰਾਨੋ ਰਾਣੇ ਰਿਸ਼ੀ ਰਹਿਲੇ ਰੋਲੇ ਰਾਜਪਾਲ : ਇਹ ਅਰੋੜਿਆਂ ਦਾ ਵੀ ਗੋਤ ਹੈ। ਰੂਪਾ ਰਿਥਰੀ ਰਥਰਾ ਰਖਰਾ ਰਤਨ ਲਕਮਰਾ ਲਾਰਲੀ ਲਿਪਲ ਵੀਰਮਾਲ ਵਸੀਰ : ਇਹ ਗੋਤ ਰਾਮਗੜ੍ਹੀਆਂ ਵਿਚ ਵੀ ਮਿਲਦਾ ਹੈ। ਵਾਸੀ ਵਿਠਲ : ਮਹਾਰਾਸ਼ਟਰ ਵਿਚ ਪਟੇਲਾਂ ਨੂੰ ਕਹਿੰਦੇ ਹਨ। ਇਸਤੋਂ ਇਲਾਵਾ ਇਹਨਾਂ ਵਿੱਚ ਚੌਧਰੀ ਰਿਖੀ ਰਖਰਾ ਸਿੱਧੂ ਮੰਘੇੜਾ ਵਰਿਆਹ ਘਈ, ਮੂਕਰ ਆਦਿ ਵੀ ਇਸ ਭਾਈਚਾਰੇ ਵਿੱਚ ਪਾਏ ਜਾਂਦੇ ਹਨ । ਵਰਮਾ : ਹਰਿਆਣੇ ਵਿਚ ਜਾਟ, ਹਿੰਦੂ ਕੰਬੋਜ, ਪੰਜਾਬ ਦੇ ਸੁਨਿਆਰੇ ਵੀ ਆਪਣੇ ਨਾਲ ਕਸ਼ੱਤਰੀ ਪਦ ਵਰਮਾ ਲਿਖਦੇ ਹਨ।



ਲੇਖਕ –ਬਲਜਿੰਦਰ ਸਿੰਘ ਸੇਖਾ

# ਹੌਲ਼ੀ- ਹੌਲ਼ੀ ਅੰਦਰ ਬਦਲ ਰਹੀਆਂ ਹਵਾਵਾਂ

ਕੱਲ੍ਹ ਬੈਠੀ ਸੋਚ ਰਹੀ ਸੀ ਕਿ ਵਕ਼ਤ ਦੇ ਨਾਲ ਹਰ ਕਿਸੇ 'ਚ ਬਦਲਾਅ ਆਉਂਦੇ ਹਨ। ਮੇਰੇ 'ਚ ਵੀ ਇਹ ਬਦਲਾਅ ਆਇਆ ਕਿ ਮੈਂ ਅੰਦਰਲੀਆਂ ਹਵਾਵਾਂ ਨੂੰ ਸਹਿਣਾ ਸਿੱਖ ਲਿਆ। ਜ਼ਿੰਦਗੀ ਇੱਕ ਅਜਿਹਾ ਦਰਿਆ ਹੈ ਜਿਸ ਵਿੱਚ ਪਾਣੀ ਵੀ ਬਦਲਦਾ ਰਹਿੰਦਾ ਹੈ,ਪਰ ਕਿਨਾਰੇ ਦੀ ਪਛਾਣ ਨਹੀਂ ਜਾਂਦੀ। ਅੰਦਰ ਦੀ ਚੁੱਪ, ਠੰਢਕ, ਸੰਤੁਲਨ ਇਹੀ ਅਸਲ ਰੌਸ਼ਨੀ ਹੈ, ਜੋ ਦੂਜੇ ਨੂੰ ਨਹੀਂ, ਸਿਰਫ਼ ਖ਼ੁਦ ਨੂੰ ਰਾਹ ਦਿਖਾਉਂਦੀ ਹੈ। ਇਹ ਚੁੱਪ ਵੀ ਅਕਸਰ ਬਹੁਤ ਕੁਝ ਕਹਿ ਜਾਂਦੀ ਹੈ।

ਸ਼ਬਦੋਂ ਦੀ ਤਰ੍ਹਾਂ ਹਮ ਵੀ ਕਭੀ-ਕਭੀ ਖਾਮੋਸ਼ ਹੋ ਜਾਤੇ ਹੈਂ,

ਪਰ ਅਰਥ ਫਿਰ ਵੀ ਨਿਕਲ ਆਤੇ ਹੈਂ।

ਇੱਕ ਸਮਾਂ ਸੀ, ਜਦ ਦੋਸਤੀਆਂ ਦੀ ਤਲਾਸ਼ 'ਚ ਰਹਿੰਦੀ ਸੀ। ਲੋਕਾਂ ਨੂੰ ਆਪਣੇ ਘਰ ਚਾਹ 'ਤੇ ਬੁਲਾਉਣਾ, ਆਪਣੀ ਉਮੀਦਾਂ 'ਤੇ ਪਿਆਰ ਨੂੰ ਰਿਸ਼ਤਿਆਂ ਰਾਹੀਂ ਵੰਡਣਾ, ਇਹੋ ਮੇਰੀ ਖੁਸ਼ੀ ਸੀ।

ਪਰ ਹੁਣ...?

ਹੁਣ ਜ਼ਿੰਦਗੀ ਨੇ ਹੌਲੀ-ਹੌਲੀ ਸਿਖਾ ਦਿੱਤਾ ਕਿ ਨਿਰੀ ਦੋਸਤੀ ਤੇ ਮਿਠੜੇ ਬੋਲ ਹੀ ਸੱਚ ਨਹੀਂ ਹੁੰਦੇ। ਫੇਸਬੁੱਕ ਦੀਆਂ ਯਾਰੀਆਂ ਕਈ ਵਾਰੀ ਸਿਰਫ਼ ਅੱਖ਼ਾਂ ਦੇ ਚਮਕਣ ਤੱਕ ਹੀ ਸੀਮਿਤ ਰਹਿ ਜਾਂਦੀਆਂ ਹਨ। ਅਸਲ ਸੱਚ ਤਾਂ ਆਪਣੀ ਔਲ਼ਾਦ ਤੇ ਜੀਵਨ ਸਾਥੀ ਹੈ। ਬਾਕੀ ਸਾਰੇ ਰਿਸ਼ਤੇ, ਸਮੇਂ, 'ਤੇ ਸਥਿਤੀ ਦੇ ਹਵਾਲੇ ਹਨ।

ਇਸ ਬਦਲਾਅ ਨੇ ਮੇਰੇ ਅੰਦਰ ਇਕ ਨਵਾਂ ਸੰਤੁਲਨ ਪੈਦਾ ਕੀਤਾ। ਅਜ਼ੀਬ ਆਦਤ ਹੈ ਮੇਰੀ, ਦਰਦ ਹੋਵੇ ਤਾਂ ਬਰਦਾਸ਼ਤ ਕਰ ਲੈਂਦੀ ਹਾਂ ਤੇ ਖ਼ੁਸ਼ੀ ਹੋਵੇ ਤਾਂ ਵੰਡ ਦਿੰਦੀ ਹਾਂ। ਹੁਣ ਮੇਰੇ ਲਈ ਆਪਣੇ ਆਪ ਨੂੰ ਸਾਬਿਤ ਕਰਨ ਦੀ ਲੋੜ੍ਹ ਨਹੀਂ ਰਹੀ। ਜੋ ਮੈਨੂੰ ਜਾਣਦੇ ਹਨ, ਉਹ ਬਿਨਾਂ ਕਿਸੇ ਸ਼ੋਰ ਦੇ ਮੈਨੂੰ ਸਮਝ ਲੈਂਦੇ ਹਨ। ਪਹਿਲਾਂ ਹਰ ਰਿਸ਼ਤੇ ਵਿੱਚ ਉਮੀਦ ਰੱਖਦੀ ਸੀ, ਹੁਣ ਛੱਡ ਦਿੱਤੀ। ਸਬਕ ਆ ਗਿਆ ਹੈ, ਦਿਲ ਦੇ ਨਾਲ ਰਹਿਣਾ ਤੇ ਬਿਨਾਂ ਸ਼ਿਕਵੇ ਦੇ ਨਿਭਾਉਣਾ।

ਕਈ ਲੋਕ ਕਹਿੰਦੇ ਨੇ ਉਮਰ ਦੇ ਨਾਲ-ਨਾਲ ਰੱਬ ਨਾਲ ਨੇੜਤਾ ਆ ਜਾਂਦੀ ਹੈ। ਪਰ ਮੇਰੇ ਨਾਲ ਇਹ ਨਹੀਂ ਹੋਇਆ। ਮੈਂ ਕਦੇ ਕਿਸੇ ਦੇ ਲਿਬਾਸ ਜਾਂ ਰੂਪ ਨੂੰ ਰੱਬ ਨਹੀਂ ਮੰਨਿਆ। ਰੱਬ ਨਾਲ ਮੇਰਾ ਰਿਸ਼ਤਾ ਵੀ ਬਿਨਾਂ ਬੋਲਿਆਂ ਬਣ ਗਿਆ ਹੈ। ਮੰਗਣ ਤੋਂ ਵੱਧ, ਮੰਨਣ 'ਤੇ ਵਿਸ਼ਵਾਸ ਹੋ ਗਿਆ ਹੈ। ਮੈਂ ਕਦੇ ਉਸ ਕੋਲੋਂ ਆਪਣੇ ਲਈ ਨਹੀਂ ਮੰਗਿਆ। ਪਰ ਦੂਜਿਆਂ ਦੀਆਂ ਨਿੱਕੀਆਂ ਮੰਗਾਂ ਲਈ ਹਮੇਸ਼ਾ ਅਰਦਾਸ ਕੀਤੀ ਹੈ।

ਜਿਵੇਂ ਮੇਰੇ ਘਰ ਦਾ ਕੰਮ ਕਾਜ ਸਾਂਭਣ ਵਾਲੀ ਹੈਲਪਰ ਦੀ ਧੀ ਦੇ ਵਿਆਹ ਵਾਲੇ ਦਿਨ ਰੱਬ ਨੂੰ ਕਿਹਾ,"ਰੱਬਾ ਮੀਂਹ ਨਾ ਪਾਵੀਂ, ਉਸਨੇ ਪੰਡਾਲ ਖੁੱਲ੍ਹੇ ਅਕਾਸ਼ ਹੇਠਾਂ ਲਾਇਆ ਹੈ।" ਰੱਬ ਜੀ ਮੇਰੀਆਂ ਅਜਿਹੀਆਂ ਨਿੱਕੀਆਂ ਨਿੱਕੀਆਂ ਮੰਗਾਂ ਨੂੰ ਹਮੇਸ਼ਾ ਪੂਰਾ ਕਰ ਦਿੰਦੇ ਨੇ।

ਕਈ ਵਾਰ ਜ਼ਿੰਦਗੀ ਦੀਆਂ ਸਿਖਾਈਆਂ ਗੱਲ਼ਾਂ, ਸਾਡੀਆਂ ਆਪਣੀਆਂ ਲਿਖਤਾਂ ਤੋਂ ਵੀ ਵੱਧ ਕੇ, ਕਿਸੇ ਸ਼ਾਇਰ ਦੀ ਚੁੱਪ ਵਿੱਚ ਲੁਕੀਆਂ ਹੁੰਦੀਆਂ ਨੇ।

ਏਕ ਸਾਂਸ ਸਭ ਕੇ ਹਿੱਸੇ ਸੇ, ਹਰ ਪਲ਼ ਘਟ ਜਾਤੀ ਹੈ।

ਕੋਈ ਜੀ ਲੇਤਾ ਹੈ, ਕੋਈ ਜੀਤਾ ਹੀ ਰਹਿ ਜਾਤਾ ਹੈ।



ਲਿਖਤ– ਨਿਸ਼ਾ ਮਣੀ

# ਇੱਛਾ

ਅੱਜ ਆਪਣੇ ਮਨ ਦੀ ਇੱਛਾ ਰੱਬ ਨੂੰ ਕਹਿ ਸੁਣਾਵਾਂ ਮੈਂ
ਪੰਜ ਵਿਕਾਰਾਂ ਵਿਚ ਮਨੁੱਖੀ ਜਨਮ ਕਿਉਂ ਅਜਾਈਂ ਗਵਾਵਾਂ ਮੈਂ
ਮੈਨੂੰ ਡਰ ਨਹੀਂ ਲਗਦਾ 84 ਲੱਖ ਜੂਨਾਂ ਤੋਂ ਕਿਸੇ ਵੀ ਜੂਨੀ ਆਵਾਂ ਮੈਂ
ਆਵਾਗਵਨ ਵਿਚ ਭਟਕਣ ਤੋਂ ਕਿਉਂ ਕਰ ਮੁਕਤੀ ਚ੍ਹਾਵਾਂ ਮੈਂ।

ਅਗਲੇ ਜਨਮ ਦੇਦੇ ਹਵਾ ਦਾ ਜੀਵਨ ਹੱਦਾਂ ਬੰਨੇ ਟੱਪ ਜਾਵਾਂ ਮੈਂ
ਭਾਵੇਂ ਦੇਦੇ ਰੁੱਖਾਂ ਦਾ ਜੀਵਨ ਮੁਫ਼ਤ ਵਿਚ ਦੇਵਾਂ ਫੱਲ ਤੇ ਛਾਵਾਂ ਮੈਂ
ਭਾਵੇਂ ਨਿਰਮਲ ਜਲ ਦਾ ਝਰਨਾਂ ਬਣਾਦੇ ਤਨ ਮਨ ਦੀ ਮੈਲ ਧੋ ਜਾਵਾਂ ਮੈਂ
ਬੇਸ਼ੱਕ ਫੁੱਲਾਂ ਦਾ ਜੀਵਨ ਦੇਦੇ ਆਲਾ-ਦੁਆਲਾ ਮਹਿਕਾਵਾਂ ਮੈਂ।

ਭਾਵੇਂ ਬਣਾ ਦੇ ਬੁਲਬੁਲ ਮੈਨੂੰ ਕੋਈ ਰਾਗ ਇਲਾਹੀ ਗਾਵਾਂ ਮੈਂ
ਭਾਵੇਂ ਬਣਾਦੇ ਮਘਦਾ ਸੂਰਜ ਹਨੇਰਾ ਦੂਰ ਭਜਾਵਾਂ ਮੈਂ
ਸੁਭਾ ਸਵੇਰੇ ਕਿਰਨਾਂ ਵੰਡਕੇ ਕੋਈ ਨਵੀਂ ਉਮੀਦ ਜਗਾਵਾਂ ਮੈਂ
ਭਾਵੇਂ ਬਣਾਦੇ ਤਿਤਲੀ ਜੁਗਨੂੰ ਟਿਮ ਟਿਮ ਉਡਦਾ ਜਾਵਾਂ ਮੈਂ।

ਭਾਵੇਂ ਬਣਾਦੇ ਪਸ਼ੂ ਲਵੇਰਾ ਦੇਵਾਂ ਦੁੱਧ ਦੀਆਂ ਧਾਰਾਂ ਮੈਂ
ਦੇਦੇ ਮੈਨੂੰ ਕੋਈ ਵੀ ਜੀਵਨ ਤੇਰੀ ਪ੍ਰਕਿਰਤੀ ਦੇ ਕੰਮ ਆਵਾਂ ਮੈਂ
ਆਦਮੀ ਨੇ ਆਦਮੀ ਨੂੰ ਕੀ ਦਿਤਾ ਕੀ ਕੀ ਖੋਲ ਸੁਣਾਵਾਂ ਮੈਂ
ਤੇਰੇ ਬੰਦੇ ਘੁੰਮਦੇ ਬੰਦੂਕਾਂ ਚੁਕੀਂ ਕਿਉਂ ਸੀਨਾ ਛਲਨੀ ਕਰਵਾਵਾਂ ਮੈਂ।

ਤੇਰੇ ਬੰਦਿਆਂ ਧਰਤੀ ਤੇ ਲਕੀਰਾਂ ਖਿਚੀਆਂ ਉਹ ਲਕੀਰਾਂ ਕਿਵੇਂ ਮਿਟਾਵਾਂ ਮੈਂ
ਇਥੇ ਕੂੜ ਪਸਾਰਾ ਪਸਰਿਆ ਸੱਚ ਕਿਥੋਂ ਢੂੰਡ ਲਿਆਵਾਂ ਮੈਂ
ਨਾ ਦੇਈਂ ਮੈਨੂੰ ਮਨੁੱਖੀ ਜੀਵਨ ਸਾਰੀ ਉਮਰ ਪਛਤਾਵਾਂ ਮੈਂ
ਆਪ ਸਹੇੜੇ ਦੁੱਖਾਂ ਤੋਂ ਕਿਵੇਂ ਛੁਟਕਾਰਾਂ ਪਾਵਾਂ ਮੈਂ।

ਹੁਣ ਇਕੋ ਗੱਲ ਹੈ ਸੁਝਦੀ ਮੈਨੂੰ ਬਹੁੜ ਜਨਮ ਨਾ ਆਵਾਂ ਮੈਂ
ਜੇ ਦਿਤਾ ਮਨੁੱਖੀ ਜੀਵਨ ਦੜਕਦੀਆਂ ਚੱਟਾਨਾ ਥੱਲੇ ਦੱਬ ਕੇ ਮਰ ਜਾਵਾਂ ਮੈਂ।

–ਗੁਰਮੀਤ ਸਿੰਘ

# ਸੱਧਰਾਂ ਦਾ ਘਾਣ

ਇੱਕ ਪਿੰਡ ਵਿੱਚੋਂ ਇੱਕ ਔਰਤ ਨੂੰ ਲੈ ਕੇ ਉਸ ਦਾ ਘਰਵਾਲਾ ਮੇਰੇ ਕੋਲ ਆਇਆ। ਉਹ ਕਹਿੰਦਾ, "ਜਦੋਂ ਤੋਂ ਅਸੀਂ ਆਪਣੇ ਇੱਕੋ-ਇੱਕ ਮੁੰਡੇ ਦਾ ਰਿਸ਼ਤਾ ਕੀਤਾ ਹੈ, ਉਦੋਂ ਤੋਂ ਇਹ ਕਹਿੰਦੀ ਰਹਿੰਦੀ ਹੈ ਕਿ ਇਸਨੂੰ ਹੋਣ ਵਾਲੀ ਨੂੰਹ ਬਿਲਕੁਲ ਪਸੰਦ ਨਹੀਂ ਅਤੇ ਸਾਡੇ ਮੁੰਡੇ ਨੂੰ ਕਿਸੇ ਨੇ ਕੁਝ ਕਰ ਦਿੱਤਾ ਹੈ। ਨਾ ਇਸਨੂੰ ਨੀਂਦ ਆਉਂਦੀ ਹੈ, ਨਾ ਭੁੱਖ-ਪਿਆਸ ਲੱਗਦੀ ਹੈ। ਬਾਰ-ਬਾਰ ਘਬਰਾਹਟ ਹੁੰਦੀ ਹੈ। ਮਾਂ ਦੀ ਇਸ ਹਾਲਤ ਦੀ ਚਿੰਤਾ ਕਰਕੇ ਸਾਡਾ ਮੁੰਡਾ ਵੀ ਇੱਕ ਚੰਗੀ ਕੰਪਨੀ ਦੀ ਨੌਕਰੀ ਛੱਡ ਕੇ ਘਰ ਆ ਗਿਆ।"

ਕਈ ਡਾਕਟਰਾਂ ਨੂੰ ਵਿਖਾਇਆ, ਤਰ੍ਹਾਂ-ਤਰ੍ਹਾਂ ਦੇ ਟੈਸਟ ਕਰਵਾਏ, ਪਰ ਆਖ਼ਰ ਹਰ ਡਾਕਟਰ ਨੇ ਇਹੀ ਕਿਹਾ, "ਕੋਈ ਸਰੀਰਕ ਰੋਗ ਨਹੀਂ, ਬੱਸ ਟੈਨਸ਼ਨ ਹੈ," ਅਤੇ ਨੀਂਦ ਦੀਆਂ ਗੋਲੀਆਂ ਦੇ ਦਿੱਤੀਆਂ। ਬਾਕੀ ਕਸਰ ਪੰਡਤਾਂ ਅਤੇ ਜੋਤਸ਼ੀਆਂ ਨੇ ਇਹ ਕਹਿ ਕੇ ਪੂਰੀ ਕਰ ਦਿੱਤੀ ਕਿ ਹੋਣ ਵਾਲੀ ਨੂੰਹ ਦਾ ਮੰਗਲ ਭਾਰੀ ਹੈ, ਜਿਸ ਕਾਰਨ ਘਰ ਵਿੱਚ ਹਮੇਸ਼ਾ ਕਲੇਸ਼ ਰਹੇਗਾ।

ਔਰਤ ਬਹੁਤ ਸਲੀਕੇ ਨਾਲ ਗੱਲਾਂ ਕਰਦੀ ਸੀ, ਪਰ ਇੱਕੋ ਗੱਲ ਵਾਰ-ਵਾਰ ਦੁਹਰਾਉਂਦੀ ਸੀ ਕਿ ਉਸਦਾ ਮਨ ਕਰਦਾ ਹੈ ਘਰ ਛੱਡ ਕੇ ਕਿਤੇ ਚਲੀ ਜਾਵੇ। ਉਸਨੇ ਇਹ ਵੀ ਦੱਸਿਆ ਕਿ ਜਦੋਂ ਉਹ ਘਰ ਤੋਂ ਬਾਹਰ ਰਹਿੰਦੀ ਹੈ ਤਾਂ ਆਪਣੇ ਆਪ ਨੂੰ ਠੀਕ ਮਹਿਸੂਸ ਕਰਦੀ ਹੈ।

ਕਾਫ਼ੀ ਦੇਰ ਗੱਲਬਾਤ ਕਰਨ ਤੋਂ ਬਾਅਦ ਮੈਂ ਪੁੱਛਿਆ, "ਤੁਸੀਂ ਆਪਣੀ ਹੋਣ ਵਾਲੀ ਨੂੰਹ ਨੂੰ ਕਿੰਨੀ ਵਾਰ ਮਿਲੇ ਹੋ?"




ਉਸਦਾ ਜਵਾਬ ਸੀ, "ਕਦੇ ਵੀ ਨਹੀਂ। ਬੱਸ ਉਹ ਕਦੇ-ਕਦੇ ਫ਼ੋਨ 'ਤੇ ਗੱਲਾਂ ਕਰਕੇ ਮੈਨੂੰ ਹਸਾਉਣ ਦੀ ਕੋਸ਼ਿਸ਼ ਕਰਦੀ ਹੈ, ਪਰ ਮੇਰੇ ਅੰਦਰ ਖੁਸ਼ੀ ਹੋਵੇ ਤਾਂ ਹੀ ਹਾਸਾ ਆਵੇ!"

ਮੈਂ ਪੁੱਛਿਆ, "ਰਿਸ਼ਤਾ ਕਿਵੇਂ ਹੋਇਆ ਸੀ?"

ਉਹ ਝੱਟ ਕਹਿੰਦੀ, "ਬੱਸ ਚਾਰ ਮਰਦ ਗਏ ਤੇ ਜਾ ਕੇ ਉਹਨੂੰ ਆਪਣੀ ਬਣਾ ਆਏ। ਵਿਆਹ ਵੀ ਪੱਕਾ ਕਰ ਆਏ।"

ਮੈਂ ਮੁੰਡੇ ਦੇ ਪਿਤਾ ਨੂੰ ਪੁੱਛਿਆ, "ਕੁੜੀ ਵੇਖਣ ਲਈ ਕਿਸੇ ਔਰਤ ਨੂੰ ਨਾਲ ਕਿਉਂ ਨਹੀਂ ਲੈ ਕੇ ਗਏ?"

ਇਹ ਸੁਣਦੇ ਹੀ ਔਰਤ ਭੜਕ ਪਈ। ਕਹਿੰਦੀ, "ਇਹੋ ਤਾਂ ਮੈਂ ਕਹਿੰਦੀ ਸੀ ਕਿ ਮੈਨੂੰ ਨਹੀਂ ਲੈ ਕੇ ਜਾਣਾ ਤਾਂ ਮੇਰੀ ਧੀ ਨੂੰ ਹੀ ਲੈ ਜਾਓ, ਪਰ ਕਿਸੇ ਨੇ ਮੇਰੀ ਇੱਕ ਨਾ ਸੁਣੀ।"

ਉਸ ਬੰਦੇ ਨੇ ਕਿਹਾ, "ਸਾਡੇ ਇੱਥੇ ਇਹੀ ਰਿਵਾਜ ਹੈ ਕਿ ਰਿਸ਼ਤਾ ਮਰਦ ਹੀ ਪੱਕਾ ਕਰਦੇ ਹਨ।"

ਹੁਣ ਸਾਰੀ ਕਹਾਣੀ ਮੇਰੀ ਸਮਝ ਵਿੱਚ ਆ ਚੁੱਕੀ ਸੀ।

ਮੈਂ ਉਸ ਔਰਤ ਨੂੰ ਪੂਰੇ ਵਿਸ਼ਵਾਸ ਨਾਲ ਕਿਹਾ, "ਭੈਣ ਜੀ, ਮੈਂ ਪੂਰੀ ਤਰ੍ਹਾਂ ਤੁਹਾਡੇ ਨਾਲ ਹਾਂ। ਤੁਹਾਡੇ ਮਨ ਵਿੱਚ ਆਪਣੇ ਪੁੱਤਰ ਦੇ ਰਿਸ਼ਤੇ ਨਾਲ ਜੁੜੀਆਂ ਬਹੁਤ ਸੱਧਰਾਂ ਅਤੇ ਅਰਮਾਨ ਸਨ, ਪਰ ਇਹਨਾਂ ਨੂੰ ਉਹ ਪੂਰਾ ਕਰਨ ਦਾ ਮੌਕਾ ਹੀ ਨਹੀਂ ਦਿੱਤਾ।"

ਫਿਰ ਮੈਂ ਉਸਦੇ ਘਰਵਾਲੇ ਨੂੰ ਕਿਹਾ, "ਜੇ ਆਪਣੇ ਘਰ ਦਾ ਮਾਹੌਲ ਠੀਕ ਰੱਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਮੇਰੇ ਕੁਝ ਸੁਝਾਅ ਮੰਨਣੇ ਪੈਣਗੇ। ਨਹੀਂ ਤਾਂ ਘਰ ਵਿੱਚ ਕਦੇ ਸ਼ਾਂਤੀ ਨਹੀਂ ਰਹੇਗੀ।"

ਉਹ ਤੁਰੰਤ ਸਹਿਮਤ ਹੋ ਗਿਆ।

ਮੈਂ ਸਲਾਹ ਦਿੱਤੀ ਕਿ ਮੁੰਡੇ ਦੀ ਮਾਂ, ਭੈਣ ਅਤੇ ਉਨ੍ਹਾਂ ਵੱਲੋਂ ਚੁਣੀਆਂ ਹੋਈਆਂ ਦੋ ਹੋਰ ਰਿਸ਼ਤੇਦਾਰ ਔਰਤਾਂ ਕੁੜੀ ਵਾਲਿਆਂ ਦੇ ਘਰ ਜਾਣ। ਮੁੰਡੇ ਦੀ ਮਾਂ ਆਪਣੀ ਮਰਜ਼ੀ ਅਨੁਸਾਰ ਸਾਰੇ ਸ਼ਗਨ-ਸਾਰਥ ਕਰੇ ਅਤੇ ਦਿਲ ਦੀਆਂ ਸਾਰੀਆਂ ਸੱਧਰਾਂ ਪੂਰੀਆਂ ਕਰੇ।

ਜਿਵੇਂ ਹੀ ਉਸਦੇ ਘਰਵਾਲੇ ਨੇ ਹਾਂ ਕੀਤੀ, ਔਰਤ ਦੇ ਚਿਹਰੇ 'ਤੇ ਇੱਕ ਅਨੋਖਾ ਖੇੜਾ ਆ ਗਿਆ।

ਇਸ ਤੋਂ ਬਾਅਦ ਮੈਂ ਉਸ ਔਰਤ ਨੂੰ ਸੰਮੋਹਿਤ ਕਰਕੇ ਕੁਝ ਜ਼ਰੂਰੀ ਸੁਝਾਅ ਦਿੱਤੇ, ਤਾਂ ਜੋ ਉਹ ਆਪਣੀ ਮਾਨਸਿਕਤਾ ਨੂੰ ਆਉਣ ਵਾਲੇ ਹਾਲਾਤਾਂ ਨਾਲ ਸਮਝੌਤਾ ਕਰਨ ਲਈ ਤਿਆਰ ਕਰ ਸਕੇ। ਸੈਸ਼ਨ ਤੋਂ ਬਾਅਦ ਉਹ ਆਪਣੇ ਆਪ ਨੂੰ ਕਾਫ਼ੀ ਹਲਕਾ ਅਤੇ ਠੀਕ ਮਹਿਸੂਸ ਕਰ ਰਹੀ ਸੀ।

ਮੈਂ ਜ਼ੋਰ ਦੇ ਕੇ ਕਿਹਾ ਕਿ ਇਹ ਸਾਰੀ ਕਾਰਵਾਈ ਇੱਕ ਹਫ਼ਤੇ ਦੇ ਅੰਦਰ-ਅੰਦਰ ਕਰ ਲਈ ਜਾਵੇ, ਤਾਂ ਜੋ ਕੋਈ ਰਿਸ਼ਤੇਦਾਰ ਜਾਂ ਬਰਾਦਰੀ ਦਾ ਵਿਅਕਤੀ ਰਿਵਾਜਾਂ ਦੀ ਦੁਹਾਈ ਦੇ ਕੇ ਰੁਕਾਵਟ ਨਾ ਪਾ ਸਕੇ।

ਹਫਤੇ ਬਾਅਦ ਮਿਠਾਈ ਦਾ ਡੱਬਾ ਅਤੇ ਸੁਨੇਹਾ ਆਇਆ—"ਸਭ ਕੁਝ ਠੀਕ ਹੋ ਗਿਆ ਹੈ।"

ਡਾ.ਇੰਦਰਜੀਤ ਕਮਲ






# ਕਰਨ ਔਜਲਾ ਨੇ 'ਇੰਡੀਆਜ਼ ਗੌਟ ਲੇਟੈਂਟ' ਦੇ ਪ੍ਰਤੀਯੋਗੀ ਦਾ ਮਾਲਦੀਵ ਜਾਣ ਦਾ ਸੁਪਨਾ ਪੂਰਾ ਕੀਤਾ

ਪੰਜਾਬੀ ਗਾਇਕ ਕਰਨ ਔਜਲਾ ਦੀ ਸਮਯ ਰੈਨਾ ਦੇ ਸ਼ੋਅ 'ਇੰਡੀਆਜ਼ ਗੌਟ ਲੇਟੈਂਟ' ਸੀਜ਼ਨ 2 ਵਿੱਚ ਮੌਜੂਦਗੀ ਨੇ ਪ੍ਰਸ਼ੰਸਕਾਂ ਦਾ ਖਾਸਾ ਮਨੋਰੰਜਨ ਕੀਤਾ। ਕਰਨ ਨੇ ਇਸ ਦੌਰਾਨ ਸਾਰਿਆਂ ਨੂੰ ਹਸਾਇਆ ਤੇ ਸ਼ੋਅ ਵਿੱਚ ਇੱਕ ਪ੍ਰਤੀਯੋਗੀ ਨੂੰ ਮਾਲਦੀਵ ਦੀ ਯਾਤਰਾ ਸਪਾਂਸਰ ਕਰ ਕੇ ਸਾਰਿਆਂ ਦਾ ਦਿਲ ਵੀ ਜਿੱਤ ਲਿਆ।



ਇਸ ਮੌਕੇ ਵਿਜੇਂਦਰ ਨੇ ਸ਼ਾਨਦਾਰ ਸਟੰਟ ਕਰ ਕੇ ਜੱਜਾਂ ਨੂੰ ਪ੍ਰਭਾਵਿਤ ਕੀਤਾ। ਪ੍ਰਦਰਸ਼ਨ ਤੋਂ ਬਾਅਦ ਪ੍ਰਤੀਯੋਗੀ ਨੇ ਆਪਣੀ ਨਿੱਜੀ ਜ਼ਿੰਦਗੀ ਬਾਰੇ ਗੱਲ ਕੀਤੀ। ਸਮਯ ਰੈਨਾ ਨੇ ਵਿਜੇਂਦਰ ਦੀ ਪਤਨੀ ਨੂੰ ਸਟੇਜ ਉੱਤੇ ਸੱਦਿਆ, ਜਿਸ ਨਾਲ ਬਹੁਤ ਹੀ ਭਾਵੁਕ ਮਾਹੌਲ ਬਣ ਗਿਆ। ਇਸ ਦੌਰਾਨ ਜਦੋਂ ਸਮੇਂ ਨੇ ਵਿਜੇਂਦਰ ਨੂੰ ਉਸ ਦੇ ਸਭ ਤੋਂ ਵੱਡੇ ਸੁਪਨੇ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਆਪਣੀ ਪਤਨੀ ਨਾਲ ਮਾਲਦੀਵ ਜਾਣ ਦਾ ਇੱਛੁਕ ਰਿਹਾ ਹੈ।

ਵਿਜੇਂਦਰ ਦੀ ਇਸ ਦਿਲੋਂ ਨਿਕਲੀ ਗੱਲ ਤੋਂ ਪ੍ਰਭਾਵਿਤ ਹੋ ਕੇ ਕਰਨ ਔਜਲਾ ਨੇ ਅੱਗੇ ਵਧ ਕੇ ਇੱਕ ਵੱਡਾ ਸਰਪ੍ਰਾਈਜ਼ ਦਿੱਤਾ। ਕਰਨ ਨੇ ਐਲਾਨ ਕੀਤਾ, "ਤੁਸੀਂ ਮਾਲਦੀਵ ਜਾ ਕੇ ਖੁਸ਼ ਹੋਵੋਗੇ ਨਾ? ਮੈਂ ਤੁਹਾਡੀਆਂ ਟਿਕਟਾਂ ਸਪਾਂਸਰ ਕਰਾਂਗਾ।" ਇਸ ਤਰ੍ਹਾਂ ਕਰਨ ਔਜਲਾ ਨੇ ਵਿਜੇਂਦਰ ਦੇ ਲੰਬੇ ਸਮੇਂ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲ ਦਿੱਤਾ।

ਇਸ ਤੋਂ ਬਾਅਦ ਵਿਜੇਂਦਰ ਨੇ ਸੋਸ਼ਲ ਮੀਡੀਆ ਉੱਤੇ ਆਪਣੀ ਮਾਲਦੀਵ ਛੁੱਟੀਆਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸਾਂਝੀਆਂ ਕੀਤੀਆਂ ਅਤੇ ਕਰਨ ਔਜਲਾ ਦੇ ਨਾਲ-ਨਾਲ ਸਮਯ ਰੈਨਾ ਦਾ ਵੀ ਧੰਨਵਾਦ ਕੀਤਾ। ਪ੍ਰਤੀਯੋਗੀ ਨੇ ਇੰਸਟਾਗ੍ਰਾਮ 'ਤੇ ਲਿਖਿਆ ਕਿ ਇਸ ਸ਼ਾਨਦਾਰ ਪਲੇਟਫਾਰਮ ਅਤੇ ਮਾਲਦੀਵ ਯਾਤਰਾ ਲਈ ਕਰਨ ਔਜਲਾ ਅਤੇ ਸਮਯ ਰੈਨਾ ਦਾ ਬਹੁਤ-ਬਹੁਤ ਧੰਨਵਾਦ।

**'ਇੰਡੀਆਜ਼ ਗੌਟ ਲੇਟੈਂਟ' ਸੀਜ਼ਨ 2 ਅਤੇ ਪਿਛਲਾ ਵਿਵਾਦ**

'ਇੰਡੀਆਜ਼ ਗੌਟ ਲੇਟੈਂਟ' ਦਾ ਦੂਜਾ ਸੀਜ਼ਨ ਨੈੱਟਫਲਿਕਸ (Netflix) ਅਤੇ ਯੂਟਿਊਬ ਉੱਤੇ ਸਟਰੀਮ ਹੋ ਰਿਹਾ ਹੈ। ਸਮਯ ਰੈਨਾ ਨੇ ਪਿਛਲੇ ਵਿਵਾਦ ਤੋਂ ਬਾਅਦ ਇੱਕ ਸਾਲ ਤੋਂ ਵੱਧ ਸਮੇਂ ਦੇ ਵਕਫ਼ੇ ਬਾਅਦ ਇਸ ਸ਼ੋਅ ਨਾਲ ਵਾਪਸੀ ਕੀਤੀ ਹੈ। ਜਾਣਕਾਰੀ ਲਈ ਦੱਸ ਦਈਏ ਕਿ 'ਇੰਡੀਆਜ਼ ਗੌਟ ਲੇਟੈਂਟ' ਵਿਵਾਦ ਪਿਛਲੇ ਸਾਲ ਫਰਵਰੀ ਵਿੱਚ ਸ਼ੁਰੂ ਹੋਇਆ ਸੀ ਜਦੋਂ ਰਣਵੀਰ ਇਲਾਹਾਬਾਦੀਆ, ਆਸ਼ੀਸ਼ ਚੰਚਲਾਨੀ ਅਤੇ ਅਪੂਰਵ ਮੁਖੀਜਾ ਸ਼ੋਅ ਵਿੱਚ ਪੈਨਲਿਸਟ ਵਜੋਂ ਆਏ ਸਨ। ਇਲਾਹਾਬਾਦੀਆ ਵੱਲੋਂ ਕੀਤੀ ਗਈ ਇੱਕ ਟਿੱਪਣੀ ਕਾਰਨ ਵਿਰੋਧ ਹੋਇਆ ਸੀ, ਜਿਸ ਤੋਂ ਬਾਅਦ ਸਮਯ ਰੈਨਾ ਅਤੇ ਹੋਰਨਾਂ ਖ਼ਿਲਾਫ਼ ਐੱਫ.ਆਈ.ਆਰ. (FIRs) ਦਰਜ ਕੀਤੀਆਂ ਗਈਆਂ ਸਨ। ਇਸ ਵਿਵਾਦ ਤੋਂ ਬਾਅਦ ਰੈਨਾ ਨੇ ਸ਼ੋਅ ਨੂੰ ਯੂਟਿਊਬ ਤੋਂ ਹਟਾ ਦਿੱਤਾ ਸੀ, ਜਦਕਿ ਬਾਅਦ ਵਿੱਚ ਇਲਾਹਾਬਾਦੀਆ ਨੇ ਜਨਤਕ ਤੌਰ 'ਤੇ ਮੁਆਫੀ ਵੀ ਮੰਗੀ ਸੀ।

# 'ਦਿਲਜੀਤ ਦੋਸਾਂਝ ਨੂੰ ਫ਼ਿਲਮ 'ਪੰਜਾਬ 1984' ਨਾਲ ਹਿੰਦੀ ਸਿਨੇਮਾ ਵਿਚ ਪਛਾਣ ਮਿਲੀ'

ਕੌਮੀ ਪੁਰਸਕਾਰ ਜੇਤੂ ਅਦਾਕਾਰ ਪਵਨ ਮਲਹੋਤਰਾ ਦਾ ਮੰਨਣਾ ਹੈ ਕਿ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਨੂੰ ਸਭ ਤੋਂ ਪਹਿਲਾਂ ਸਾਲ 2014 ਵਿੱਚ ਆਈ ਪੰਜਾਬੀ ਫ਼ਿਲਮ 'ਪੰਜਾਬ 1984' ਰਾਹੀਂ ਹੀ ਹਿੰਦੀ ਫ਼ਿਲਮ ਇੰਡਸਟਰੀ ਵਿੱਚ ਪਛਾਣ ਮਿਲੀ ਸੀ ਜਿਸ ਵਿੱਚ ਉਨ੍ਹਾਂ ਦੋਵਾਂ ਨੇ ਇਕੱਠੇ ਕੰਮ ਕੀਤਾ ਸੀ। ਪਵਨ ਮਲਹੋਤਰਾ ਨੇ ਪਹਿਲਾਂ 'ਪੰਜਾਬ 1984' ਅਤੇ ਬਾਅਦ ਵਿੱਚ 'ਸੁਪਰ ਸਿੰਘ' ਫ਼ਿਲਮ ਵਿੱਚ ਦਿਲਜੀਤ ਨਾਲ ਸਕ੍ਰੀਨ ਸਾਂਝੀ ਕੀਤੀ ਸੀ, ਉਨ੍ਹਾਂ ਨੇ ਇਸ ਪੰਜਾਬੀ ਫ਼ਿਲਮ ਦੇ ਪ੍ਰਭਾਵ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਅਨੁਰਾਗ ਸਿੰਘ ਵੱਲੋਂ ਨਿਰਦੇਸ਼ਿਤ ਇਹ ਇਤਿਹਾਸਕ ਡਰਾਮਾ ਫ਼ਿਲਮ 1984 ਦੀ ਪੰਜਾਬ ਤਰਾਸਦੀ 'ਤੇ ਆਧਾਰਿਤ ਸੀ, ਜਿਸ ਵਿੱਚ ਕਿਰਨ ਖੇਰ ਨੇ ਵੀ ਮੁੱਖ ਭੂਮਿਕਾ ਨਿਭਾਈ ਸੀ।



ਦਿਲਜੀਤ ਦੇ ਸਫ਼ਰ ਬਾਰੇ ਗੱਲ ਕਰਦਿਆਂ ਪਵਨ ਮਲਹੋਤਰਾ ਨੇ ਦੱਸਿਆ ਕਿ 'ਪੰਜਾਬ 1984' ਨੇ ਦਿਲਜੀਤ ਨੂੰ ਬੌਲੀਵੁੱਡ ਇੰਡਸਟਰੀ ਤੱਕ ਪਹੁੰਚਾਉਣ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹਾਂ ਯਾਦ ਕਰਦਿਆਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਪੰਜਾਬੀ ਫ਼ਿਲਮ ਕਰਨ ਬਾਰੇ ਸੋਚਿਆ ਸੀ ਤਾਂ ਕਈ ਲੋਕਾਂ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ ਸੀ ਕਿਉਂਕਿ ਉਸ ਸਮੇਂ ਲੋਕ ਸੋਚਦੇ ਸਨ ਕਿ ਪੰਜਾਬੀ ਸਿਨੇਮਾ ਸਿਰਫ਼ ਹਲਕੀਆਂ-ਫੁਲਕੀਆਂ ਫ਼ਿਲਮਾਂ ਤੱਕ ਹੀ ਸੀਮਤ ਹੈ ਪਰ ਇਸ ਫ਼ਿਲਮ ਨੇ ਪੰਜਾਬੀ ਸਿਨੇਮਾ ਦਾ ਪੱਧਰ ਬਹੁਤ ਉੱਚਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਡਾਇਰੈਕਟਰ ਅਨੁਰਾਗ ਸਿੰਘ ਨੇ ਇਸ ਫ਼ਿਲਮ ਵਿੱਚ ਬਹੁਤ ਹੀ ਵਧੀਆ ਕੰਮ ਕੀਤਾ। ਉਨ੍ਹਾਂ ਨੇ ਬਾਅਦ ਵਿਚ ਫ਼ਿਲਮ 'ਬਾਰਡਰ 2' ਵੀ ਬਣਾਈ। ਪਵਨ ਮਲਹੋਤਰਾ ਨੇ ਦੱਸਿਆ ਕਿ ਇਸ ਫ਼ਿਲਮ ਦੀ ਕਹਾਣੀ ਨੂੰ ਬਹੁਤ ਹੀ ਸੂਝ-ਬੂਝ ਨਾਲ ਪੇਸ਼ ਕੀਤਾ ਗਿਆ ਸੀ ਜਿਸ ਕਰਕੇ ਉਹ ਇਸ ਦਾ ਹਿੱਸਾ ਬਣ ਕੇ ਬਹੁਤ ਖੁਸ਼ ਸਨ।

**ਦਿਲਜੀਤ ਦੀ ਅਦਾਕਾਰੀ ਦੀ ਸ਼ਲਾਘਾ**

ਪਵਨ ਮਲਹੋਤਰਾ ਨੇ ਦਿਲਜੀਤ ਦੋਸਾਂਝ ਦੀ ਤਾਰੀਫ਼ ਕਰਦਿਆਂ ਉਨ੍ਹਾਂ ਨੂੰ ਇੰਡਸਟਰੀ ਦੇ ਸਭ ਤੋਂ "ਸ਼ਾਨਦਾਰ ਅਦਾਕਾਰਾਂ" ਵਿੱਚੋਂ ਇੱਕ ਦੱਸਿਆ। ਉਨ੍ਹਾਂ ਕਿਹਾ ਕਿ ਫ਼ਿਲਮ ਵਿੱਚ ਦਿਲਜੀਤ ਦੀ ਬੋਲਣ ਦੀ ਸ਼ੈਲੀ, ਉਨ੍ਹਾਂ ਦੇ ਹਾਵ-ਭਾਵ ਅਤੇ ਹਰ ਇੱਕ ਅਦਾ ਬਹੁਤ ਕਮਾਲ ਦੀ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਕਿਰਨ ਖੇਰ ਦੀ ਅਦਾਕਾਰੀ ਦੀ ਵੀ ਖ਼ੂਬ ਸ਼ਲਾਘਾ ਕੀਤੀ। ਸਾਲ 2014 ਵਿੱਚ ਰਿਲੀਜ਼ ਹੋਈ 'ਪੰਜਾਬ 1984' ਨੇ ਪੰਜਾਬੀ ਦੌਰ ਦੇ ਦਰਦ ਅਤੇ ਮਨੁੱਖੀ ਪੱਖ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪਰਦੇ 'ਤੇ ਪੇਸ਼ ਕੀਤਾ ਸੀ, ਜਿਸ ਨੂੰ ਆਲੋਚਕਾਂ ਵੱਲੋਂ ਵੀ ਭਰਪੂਰ ਹੁੰਗਾਰਾ ਮਿਲਿਆ ਸੀ।

ਇਸ ਤੋਂ ਬਾਅਦ ਦਿਲਜੀਤ ਦੋਸਾਂਝ ਦੀ ਸਾਲ 2016 ਵਿੱਚ ਫ਼ਿਲਮ 'ਉੜਤਾ ਪੰਜਾਬ' ਆਈ ਸੀ। ਇਸ ਕ੍ਰਾਈਮ ਡਰਾਮਾ ਫ਼ਿਲਮ ਵਿੱਚ ਉਨ੍ਹਾਂ ਦੀ ਸ਼ਾਨਦਾਰ ਅਦਾਕਾਰੀ ਨੂੰ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ ਸੀ, ਜਿਸ ਲਈ ਉਨ੍ਹਾਂ ਨੂੰ ਸਰਵੋਤਮ ਮੇਲ ਡੈਬਿਊ ਦਾ ਫਿਲਮਫੇਅਰ ਐਵਾਰਡ ਵੀ ਮਿਲਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਦਿਲਜੀਤ ਨੇ ਪੰਜਾਬੀ ਸਿਨੇਮਾ, ਹਿੰਦੀ ਫ਼ਿਲਮਾਂ, ਸੰਗੀਤ ਦੀ ਦੁਨੀਆ ਅਤੇ ਅੰਤਰਰਾਸ਼ਟਰੀ ਸਟੇਜਾਂ 'ਤੇ ਆਪਣੀ ਸਫ਼ਲਤਾ ਦਾ ਪਰਚਮ ਲਹਿਰਾਇਆ ਹੈ ਅਤੇ ਇੱਕ ਵੱਡਾ ਮੁਕਾਮ ਹਾਸਿਲ ਕੀਤਾ ਹੈ।

# 'ਬਿੱਗ ਬੌਸ' ਦੇ 20ਵੇਂ ਸੀਜ਼ਨ ਦਾ ਟੀਜ਼ਰ ਜਾਰੀ; ਛੇ ਸਤੰਬਰ ਤੋਂ ਹੋਵੇਗਾ ਪ੍ਰਸਾਰਨ




ਰਿਐਲਿਟੀ ਸ਼ੋਅ 'ਬਿੱਗ ਬੌਸ' ਦੇ 20ਵੇਂ ਸੀਜ਼ਨ ਦਾ ਪਹਿਲਾ 'ਟੀਜ਼ਰ' ਮੰਗਲਵਾਰ ਨੂੰ ਜਾਰੀ ਕਰ ਦਿੱਤਾ ਗਿਆ ਹੈ। ਜਿਓ ਹੌਟਸਟਾਰ ਅਤੇ ਕਲਰਜ਼ ਚੈਨਲ ਨੇ ਮੰਗਲਵਾਰ ਨੂੰ ਇਹ ਟੀਜ਼ਰ ਜਾਰੀ ਕੀਤਾ ਜਿਸ ਵਿੱਚ ਸ਼ੋਅ ਦੀ ਮੇਜ਼ਬਾਨੀ ਇੱਕ ਵਾਰ ਫਿਰ ਉੱਘੇ ਅਦਾਕਾਰ ਸਲਮਾਨ ਖ਼ਾਨ ਕਰਨਗੇ ਅਤੇ ਇਸ ਦਾ ਪ੍ਰਸਾਰਨ ਛੇ ਸਤੰਬਰ ਤੋਂ ਸ਼ੁਰੂ ਹੋਵੇਗਾ।

ਇਸ ਟੀਜ਼ਰ ਵਿੱਚ ਸਲਮਾਨ ਖ਼ਾਨ ਘੋੜੇ 'ਤੇ ਸਵਾਰ ਹੋ ਕੇ ਐਂਟਰੀ ਕਰਦੇ ਨਜ਼ਰ ਆਉਂਦੇ ਹਨ ਅਤੇ ਕਹਿੰਦੇ ਹਨ, "ਜੋ ਕਰਨ ਅਰਜੁਨ ਵਿੱਚ ਹੋਇਆ ਸੀ, ਉਹ ਹੋਵੇਗਾ ਹੁਣ ਬਿੱਗ ਬੌਸ ਵਿੱਚ... ਤਥਾਸਤੂ !"।

ਨਿਰਮਾਤਾਵਾਂ ਮੁਤਾਬਕ ਇਹ ਸੰਵਾਦ ਨਵੇਂ ਸੀਜ਼ਨ ਦੇ ਕਿਸੇ ਵੱਡੇ ਰਹੱਸ ਵੱਲ ਇਸ਼ਾਰਾ ਕਰਦਾ ਹੈ। ਸਲਮਾਨ ਖ਼ਾਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਹਰ ਸੀਜ਼ਨ ਵਿੱਚ ਨਵਾਂ ਖੇਡ, ਨਵੇਂ ਸਮੀਕਰਨ ਅਤੇ ਅਣਕਿਆਸੇ ਮੋੜ ਦੇਖਣ ਨੂੰ ਮਿਲਦੇ ਹਨ ਪਰ ਇਸ ਵਾਰ ਸ਼ੋਅ ਦੇ ਕੇਂਦਰ ਵਿੱਚ ਇੱਕ ਅਜਿਹਾ ਰਹੱਸ ਹੈ ਜੋ ਇਸ ਨੂੰ ਹੁਣ ਤੱਕ ਦੇ ਸਾਰੇ ਸੀਜ਼ਨਾਂ ਨਾਲੋਂ ਵੱਖਰਾ ਬਣਾਉਂਦਾ ਹੈ। ਅਦਾਕਾਰ ਨੇ ਕਿਹਾ, "ਟੀਜ਼ਰ ਤਾਂ ਬੱਸ ਇੱਕ ਸ਼ੁਰੂਆਤ ਹੈ ਅਤੇ ਮੈਂ ਇਹ ਦੇਖਣ ਲਈ ਬੇਤਾਬ ਹਾਂ ਕਿ ਜਦੋਂ 'ਬਿੱਗ ਬੌਸ' ਦਾ 20ਵਾਂ ਸੀਜ਼ਨ ਸ਼ੁਰੂ ਹੋਵੇਗਾ ਤਾਂ ਦਰਸ਼ਕ ਕਿਵੇਂ ਸੁਰਾਗਾਂ ਨੂੰ ਜੋੜ ਕੇ ਇਨ੍ਹਾਂ ਚੀਜ਼ਾਂ ਨੂੰ ਸਮਝਣਗੇ।"

pchs Waterloo
Serving Diverse Communities
CAMBRIDGE CANADA
PEOPLE • PLACE • PROSPERITY
This event is funded by City of Cambridge

ਬਜ਼ੁਰਗਾਂ ਅਤੇ ਨੌਜਵਾਨਾਂ ਲਈ
ਮੁਫ਼ਤ ਸੈਮੀਨਾਰ
ਤੰਦਰੁਸਤੀ ਅਤੇ ਮਾਨਸਿਕ ਸਿਹਤ

ਬਜ਼ੁਰਗ ਆਪਣੇ ਆਪ ਨੂੰ ਤੰਦਰੁਸਤ ਕਿਵੇਂ ਰੱਖ ਸਕਦੇ ਹਨ,
ਨੌਜਵਾਨਾਂ ਦੀ ਮਾਨਸਿਕ ਸਿਹਤ ਅਤੇ ਤੰਦਰੁਸਤੀ

ਮਾਨਸਿਕ ਸਿਹਤ, ਤੰਦਰੁਸਤੀ ਅਤੇ ਇੱਕ ਮਜ਼ਬੂਤ ਤੇ ਸਿਹਤਮੰਦ ਭਾਈਚਾਰੇ ਦੀ ਸਿਰਜਣਾ ਬਾਰੇ ਜਾਣਕਾਰੀ ਭਰਪੂਰ ਅਤੇ ਪ੍ਰੇਰਣਾਦਾਇਕ ਸੈਮੀਨਾਰ ਵਿੱਚ ਸ਼ਾਮਲ ਹੋਵੋ।



DATE: 09 August, 2026 SUNDAY
TIME: 1:30 PM - 4:00 PM
LOCATION: ਪੋਰਚੁਗੀਜ਼ ਕਲੱਬ, ਕੈਮਬ੍ਰਿਜ
PORTUGUESE CLUB OF CAMBRIDGE
870 Townline Rd., Cambridge, ON N1T 2G3

SPEAKER
BALDEV MUTTA
Founder & Former CEO of PCHS

SPEAKER
GURSHRAN KAHLON
MSW

GUEST
CONNIE CODY MP CAMBRIDGE
Member of Parliament

ਆਓ ਮਿਲ ਕੇ ਇੱਕ ਸਿਹਤਮੰਦ ਅਤੇ ਸਮਾਵੇਸ਼ੀ ਭਾਈਚਾਰਾ ਬਣਾਈਏ।
ਮਾਨਸਿਕ ਸਿਹਤ ਮਹੱਤਵਪੂਰਨ ਹੈ। ਆਓ ਮਿਲ ਕੇ ਸਕਾਰਾਤਮਕ ਬਦਲਾਅ ਲਿਆਈਏ।
ਚਾਹ/ਪਾਣੀ ਅਤੇ ਖਾਣ/ਪੀਣ ਦਾ ਵਧੀਆ ਇੰਤਜ਼ਾਮ

All are welcome!
info@pchswaterloo.com | Ph 226-743-4580

LEGAL & BUSINESS SOLUTIONS FOR NRI'S
Property • Family • Business • Taxation Matters

ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ
- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ
- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ
- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY

WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# "ਚੱਲ ਸ਼ੇਰਾ...!



"ਚੱਲ ਸ਼ੇਰਾ! ਖੇਤ ਈ ਗੇੜਾ ਮਾਰ ਆਈਏ, ਅੱਜ ਤਾਂ ਤੈਨੂੰ ਵੀ ਛੁੱਟੀ ਆ ਸਕੂਲੋਂ ਕਿ ਨਹੀਂ? " ਬਾਬੇ ਨੇ ਆੜੀਆਂ ਵਾਂਗੂੰ ਪੋਤੇ ਦਾ ਹੱਥ ਫੜ੍ਹਿਆ, ਫੜ੍ਹਦਾ ਵੀ ਕਿਉਂ ਨਾਂ ਕੁੱਲ ਆਲਮ 'ਚ ਦਾਦੇ 'ਤੇ ਪੋਤੇ ਵਰਗੀ ਯਾਰੀ ਨੀਂ ਹੁੰਦੀਂ ਕਿਤੇ। ਦਾਦਾ ਪੋਤੇ ਦਾ ਪਹਿਲਾ ਮਿੱਤਰ ਹੁੰਦੈ, 'ਤੇ ਪੋਤਾ ਦਾਦੇ ਦਾ ਆਖ਼ਰੀ ਮਿੱਤਰ।

"ਚੱਲ ਬਾਬਾ! ਚੱਲੀਏ ਫੇਰ, ਸਕੂਲ ਦਾ ਕੰਮ ਵੀ ਮੈਂ ਆ ਕੇ ਈ ਕਰੂੰ," ਪੋਤੇ ਨੇ ਦਾਦੇ ਦੀ ਗੱਲ ਭੁੰਜੇ ਨਾ ਪੈਣ ਦਿੱਤੀ।

"ਬਾਬਾ! ਬਾਹਲਾ ਕੰਮ ਦਿੰਦੇ ਨੇ ਸਕੂਲ ਦਾ ਸਾਨੂੰ ਤਾਂ, ਤੁਹਾਡੇ ਵੇਲੇ ਕਿਵੇਂ ਸੀ ਸਕੂਲ ਦਾ ਕੰਮ ਬਾਬਾ?"

"ਸਾਡੇ ਵੇਲੇ ਤਾਂ ਸ਼ੇਰਾ! ਕੀ ਕਹਿਣੇ ਸੀ, "ਡੇਰੇ 'ਚ ਗੁਰਮੁਖੀ ਪੜ੍ਹਿਆਂ ਮੈਂ ਤਾਂ, ਉਦੋਂ ਧਰਤੀ ਹਿੱਕ 'ਤੇ ਵਾਹਿਆ ਊੜਾ, ਸਿੱਧਾ 1 ਓਅੰਕਾਰ ਨਾਲ ਜੋੜਦਾ ਸੀ।" ਉਦੋਂ ਤਾਂ ਪੜ੍ਹਦੇ 'ਤੇ ਗੁਣਦੇ ਸੀ ਸ਼ੇਰਾ। ਗੁਣਾਂ ਦਾ ਵਾਸਲਾ ਹੁੰਦਾ ਸੀ, ਪੜ੍ਹਾਈਆਂ ਨਾਲ। ਐਵੇਂ ਤਾਂ ਨਹੀਂ ਕਹਿੰਦੇ," ਵਿੱਦਿਆ ਵਿਚਾਰੀ ਤਾਂ ਪਰਉਪਕਾਰੀ।" ਬੰਦੇ ਬਣਾਉਂਦੀ ਸੀ ਵਿੱਦਿਆ, ਇਨਸਾਨੀਅਤ ਪੈਦਾ ਕਰਦੀ ਸੀ, ਗੁਣ ਪੈਦਾ ਕਰਦੀ ਸੀ। ਹੁਣ ਵਾਂਗੂੰ ਮਸ਼ੀਨਾਂ ਥੌੜਾ ਪੈਦਾ ਕਰਦੀ ਸੀ ਸ਼ੇਰਾਂ।"

ਅੱਛਾ ਬਾਬਾ! ਹੋਰ ਕੀ ਸ਼ੇਰਾ। ਤੂੰ ਦੱਸ ਤੂੰ ਕੀ ਬਣੇਗਾ ਪੜ੍ਹ ਕੇ? ਮੈਂ ਤਾਂ ਬਾਬਾ ਇੰਜਨੀਅਰ ਬਣੂੰਗਾ। ਬਾਬਾ ਕਹਿੰਦਾ, ਹਲਾ ਇਹ ਕੀ ਸ਼ੈਅ ਆ ਸ਼ੇਰਾ? ਪੋਤਾ ਬੋਲਿਆ, ਓ ਹੋ! ਬਾਬਾ, ਇੰਜਨੀਅਰ ਉਹ ਹੁੰਦੇ ਆ ਜਿਹੜੇ ਡੈਮ ਬਣਾ ਕੇ ਪਾਣੀ ਬੰਨ੍ਹ ਦਿੰਦੇ ਆ, ਪੁਲ ਬਣਾਕੇ ਰਾਹਵਾਂ ਨੂੰ ਜੋੜ ਦਿੰਦੇ ਆ, ਵੱਡੇ-ਵੱਡੇ ਪਹਾੜ ਤੋੜ ਦਿੰਦੇ ਆ।"

ਬਾਬਾ ਬੋਲਦਾ, "ਅੱਛਾ ਸ਼ੇਰਾ! ਆਹ ਗੱਲ ਆ।" ਪੋਤਾ ਕਹਿੰਦਾ, ਹੂੰਅਅਅਅ ਬਾਬਾ। ਫੇਰ ਤਾਂ ਤੂੰ ਇੰਜਨੀਅਰ ਜ਼ਰੂਰ ਬਣੀ ਸ਼ੇਰਾ, ਪਰ ਬਣੀ ਮੇਰੇ ਹਿਸਾਬ ਦਾ। ਪੋਤਾ ਕਹਿੰਦਾ, "ਕਿਵੇਂ ਬਾਬਾ?" ਤੇਰਾ ਹਿਸਾਬ ਦਾ ਕਿਵੇਂ? ਬਾਪੂ ਕਹਿੰਦਾ, ਐਸਾ ਬੰਨ੍ਹ ਬਣਾਈ ਬੀ ਅੱਖਾਂ 'ਚੋਂ ਵਹਿੰਦਾ ਖਾਰਾ ਪਾਣੀ ਰੁਕਜੇ, ਨਫ਼ਰਤ ਵਾਲੇ ਪਹਾੜ ਤੋੜ ਦੇਈਂ, ਕੋਈ ਐਸਾ ਪੁੱਲ ਬਣਾਈ ਸ਼ੇਰਾ ਜਿਹੜਾ ਇਨਸਾਨ ਨੂੰ ਇਨਸਾਨ ਨਾਲ ਜੋੜ ਦੇਵੇ। ਫੋਕੀ ਬੱਲੇ-ਬੱਲੇ ਦੀ ਗੱਲ ਨਾਂ ਕਰੀਂ, ਸਰਬੱਤ ਦੇ ਭਲੇ ਦੀ ਗੱਲ ਕਰੀਂ। ਮੰਨਿਆ ਬੀ ਇੰਜਨੀਅਰ ਦਿਮਾਗ ਵਰਤਦੇ ਨੇ, ਪਰ ਦਿਮਾਗ ਦਾ ਵੀ ਇੱਕ ਦਿਲ ਰੱਖੀਂ ਸ਼ੇਰਾ।

"ਬਾਬਾ ਇਹੋ ਜੇ ਇੰਜਨੀਅਰ ਨੂੰ ਤਨਖਾਹ ਕਿੱਥੋਂ ਮਿਲੂ?" ਪੋਤਾ ਜ਼ੋਰ ਦੀ ਹੱਸਿਆ। ਬਾਬਾ ਕਹਿੰਦਾ, "ਤਨਖਾਹ ਸ਼ੇਰਾ ਅਕਾਲ ਪੁਰਖ ਦੇ ਖਾਤੇ 'ਚੋਂ," ਬਾਬੇ ਦੇ ਮੂੰਹੋਂ ਆਪ ਮੁਹਾਰੇ ਨਿਕਲਿਆ। ਤੂੰ ਉਹਦਾ ਹੱਥ ਫ਼ੜ ਤਾਂ ਸਹੀ, ਜੇ ਤੇਰੀ ਬਾਂਹ ਛੱਡਤੀ ਤਾਂ ਆਖੀਂ, ਤੂੰ ਉਹਦੇ ਦਰ 'ਤੇ ਝੁੱਕ, ਜੇ ਕਿਤੇ ਹੋਰ ਝੁੱਕਣਾ ਪੈ ਗਿਆ ਤਾਂ ਆਖੀਂ, ਤੂੰ ਉਹਦਾ ਬਣਕੇ ਤਾਂ ਵੇਖ। ਜੇ ਉਹ ਤੇਰਾ ਨਾ ਬਣਿਆ ਤਾਂ ਆਖੀਂ, ਤੂੰ ਉਹਦਾ ਨਾਮ ਲੈ ਕੇ ਤਾਂ ਵੇਖ, ਜੇ ਤੇਰਾ ਨਾਮ ਗੂੰਜਣ ਨਾਂ ਲਾਇਆ ਤਾਂ ਆਖੀਂ, ਤੂੰ ਉਹਦੇ ਨਾਮ ਦਾ ਦਸਵੰਧ ਕੱਢਕੇ ਤਾਂ ਵੇਖ, ਜੇ ਤੇਰੇ ਖਜ਼ਾਨੇ ਨਾਂ ਭਰੇ ਤਾਂ ਆਖੀਂ।

"ਬਾਬਾ ਹੁਣ ਦੁਨੀਆਂ ਬਦਲਗੀ ਪਹਿਲਾਂ ਵਾਲੀਆਂ ਗੱਲਾਂ ਨੀ ਹੁਣ," ਪੋਤੇ ਨੇ ਆਪਣੀ ਸ਼ੰਕਾ ਜ਼ਾਹਰ ਕੀਤੀ। ਬਾਪੂ ਕਹਿੰਦਾ, ਇੱਕ ਵਾਰੀ ਸ਼ੇਰਾ ਕੋਈ ਮਹਾਂਪੁਰਸ਼ 'ਤੇ ਉਹਨਾਂ ਦਾ ਚੇਲਾ ਕਿਤੇ ਜਾ ਰਹੇ ਸੀ, ਇੱਕ ਬਿੱਛੂ ਪਾਣੀ ਵਿੱਚ ਡੁੱਬ ਰਿਹਾ ਸੀ। ਮਹਾਂਪੁਰਸ਼ ਨੇ ਪਾਣੀ ਵਿੱਚ ਹੱਥ ਪਾ ਕੇ ਬਾਹਰ ਕੱਢਿਆ, ਬਿੱਛੂ ਨੇ ਹੱਥ 'ਤੇ ਡੰਗ ਮਾਰਿਆ। ਹੱਥ ਕੰਬ ਗਿਆ, ਬਿੱਛੂ ਫਿਰ ਪਾਣੀ ਵਿੱਚ ਡਿੱਗ ਪਿਆ। ਫਿਰ ਕੱਢਿਆ, ਫਿਰ ਹੱਥ 'ਤੇ ਡੰਗ ਮਾਰਿਆ ਫਿਰ ਪਾਣੀ 'ਚ ਡਿੱਗ ਪਿਆ।

ਜਦੋਂ ਮਹਾਂਪੁਰਸ਼ ਤੀਜੀ ਵਾਰ ਕੱਢਣ ਲੱਗੇ ਤਾਂ ਚੇਲਾ ਕਹਿੰਦਾ, ਗੁਰੂ ਜੀ ਇਹਨੂੰ ਡੁੱਬਣ ਦਿਓ, ਤੁਸੀਂ ਇਹਦਾ ਭਲਾ ਸੋਚਦੇ ਓ, ਇਹ ਤੁਹਾਡਾ ਬੁਰਾ ਸੋਚਦੈ। ਮਹਾਂਪੁਰਸ਼ ਮੁਸਕਰਾਏ 'ਤੇ ਕਹਿਣ ਲੱਗੇ, "ਭਾਈ ਇਹ ਡੰਗ ਕਿਉਂ ਮਾਰਦੈ? ਕਿਉਂਕਿ ਇਸਦਾ ਸੁਭਾਅ ਡੰਗ ਮਾਰਨਾਂ, ਜਦੋਂ ਇੱਕ ਕੀੜਾ ਆਪਣਾ ਸੁਭਾਅ ਨਹੀਂ ਬਦਲਦਾ ਤਾਂ ਮੈਂ ਇਨਸਾਨ ਹੋ ਕੇ ਆਪਣਾ ਸੁਭਾਅ ਕਿਵੇਂ ਬਦਲ ਦਿਆ?"

ਪਹਿਲੂ ਇੱਕ ਹੀ ਮਿਲੂਗਾ ਜੀ, ਮਿਹਨਤੀ ਬੰਦੇ 'ਚੋਂ!
ਰੂਹ ਦਾ ਸਕੂਨ ਲੱਭਦੈ ਉਹ, ਆਪਣੇ ਧੰਦੇ 'ਚੋਂ!
ਰੂਹਾਂ ਦੀਆਂ ਇਹ ਗੱਲਾਂ, ਰੂਹਾਂ ਨਾਲ ਈ ਸਮਝਾਂ ਨੇ!
ਹਰ ਕਿਸੇ ਦੇ ਸਮਝ ਨੀ ਪੈਂਦੀਆਂ, ਇਹ ਡੂੰਘੀਆਂ ਰਮਜ਼ਾਂ ਨੇ!
ਫੁੱਲਹਾਰੇ ਬੂਟੇ ਕਦੇ ਨੀ, ਜੜ੍ਹ ਤੋਂ ਵੱਢੀਦੇ!
ਕਿਸੇ ਦੇ ਔਗੁਣ ਦੇਖ ਕੇ 'ਚਹਿਲਾ' ਆਪਣੇ ਗੁਣ ਨੀ ਛੱਡੀਦੇ!

ਵਾਹ! ਬਾਬਾ ਤੁਸੀਂ ਤਾਂ ਗੱਲ ਸਿਰੇ ਲਾਤੀ। ਪਤਾ ਈ ਨੀ ਲੱਗਿਆ ਵਾਟ ਕਦੋਂ ਨਿੱਬੜ ਗਈ, ਔਹ ਆ ਗਿਆ ਖੇਤ। ਉਏ ਮੰਜ਼ਿਲ ਸੋਹਣੀ ਸੀ ਸ਼ੇਰਾ ਆਪਣੀ। ਬੱਸ ਇੱਕ ਗੱਲ ਚੇਤਾ ਰੱਖੀਂ ਸ਼ੇਰਾ! ਜੇ ਰਾਹ ਸੋਹਣੇ ਹੋਣ ਤਾਂ ਜ਼ਰੂਰ ਪਤਾ ਕਰੀਂ ਕਿ ਕਿਹੜੀ ਮੰਜ਼ਿਲ ਵੱਲ ਜਾਂਦੇ ਆ 'ਤੇ ਜੇ ਮੰਜ਼ਿਲ ਸੋਹਣੀ ਹੋਵੇ, ਫਿਰ ਰਾਹ ਜਿਹੋ ਜੇ ਮਰਜ਼ੀ ਹੋਣ ਪਰਵਾਹ ਨਹੀਂ ਕਰੀਦੀ ਸ਼ੇਰਾ।

ਜਸਵਿੰਦਰ ਸਿੰਘ ਚਾਹਲ

# ਕੀਮਤੀ ਸਰਮਾਇਆ...




ਸਾਡੇ ਮਾਲਕ, ਸਰਦਾਰ ਜੀ ਦੀ ਇੱਕ ਆਦਤ ਹੁੰਦੀ ਸੀ, ਕਦੀ-ਕਦਾਈਂ ਦਿੱਲੀਓਂ ਆਉਂਦੇ ਤਾਂ ਦੱਬੇ ਪੈਰੀ ਬਿਨਾਂ ਦੱਸਿਆ ਹੀ ਗੇੜਾ ਮਾਰ ਜਾਇਆ ਕਰਦੇ। ਫੇਰ ਅਗਲੇ ਦਿਨ ਦੱਸ ਦੇ ਕਿ ਮੈਂ ਰਾਤੀ ਆਇਆ ਸਾਂ। ਇੱਕ ਵਾਰ ਰਾਤ ਕੰਮ 'ਤੇ ਲੱਗਣ ਤੋਂ ਪਹਿਲਾਂ ਮੈਂ ਭੁੰਜੇ ਚਾਦਰ ਵਿਛਾਅ ਲਈ 'ਤੇ ਰਹਿਰਾਸ ਸਾਹਬ ਦਾ ਪਾਠ ਆਰੰਭ ਕਰ ਦਿੱਤਾ। ਪਾਠ ਮੁਕਾਇਆ ਹੀ ਸੀ ਕਿ ਬਾਹਰ ਬਿੜਕ ਜਿਹੀ ਹੋਈ, ਦੇਖਿਆ ਤਾਂ ਸਰਦਾਰ ਜੀ ਖਲੋਤਾ ਸੀ।

ਕੋਲ ਗਿਆ ਤਾਂ ਆਖਣ ਲੱਗੇ, ਮਾਨ ਸਿਆਂ ਗੱਲ ਕਰਨੀ ਏ ਇੱਕ। ਗਹੁ ਨਾਲ ਵਾਚਿਆ, ਬੱਲਬ ਦੇ ਚਾਨਣ ਵਿੱਚ ਸਰਦਾਰ ਹੁਰਾਂ ਦੀਆਂ ਅੱਖਾਂ ਵਿੱਚ ਤੈਰਦਾ ਹੋਇਆ ਸਿੱਲ੍ਹ ਦਾ ਸਮੁੰਦਰ ਸਾਫ ਦਿੱਸ ਰਿਹਾ ਸੀ। ਮੈਂ ਪੁੱਛਿਆ ਸਾਹਬ ਜੀ ਕੀ ਗੱਲ ਏ, ਸਭ ਸੁੱਖ-ਸਾਂਦ 'ਤੇ ਹੈ?

ਅੱਖਾਂ ਸਾਫ ਕੀਤੀਆਂ 'ਤੇ ਆਖਣ ਲੱਗੇ ਕਿ ਜਦੋਂ ਤੇਰੇ ਕਮਰੇ ਵਿੱਚ ਆਇਆ ਸਾਂ 'ਤੇ ਦੇਖਿਆ ਤੂੰ ਬਾਣੀ ਪੜਨ ਵਿੱਚ ਮਗਨ ਸੀ। ਫੇਰ ਬਾਹਰ ਨੂੰ ਗਿਆ ਤਾਂ ਦੇਖਿਆ ਭੱਠੀ 'ਤੇ ਕੰਮ ਕਰਦੇ ਉਹ ਦੋਵੇਂ ਪਿਓ-ਪੁੱਤ ਥੱਲੇ ਭੋਏਂ 'ਤੇ ਪਰਨਾ ਵਿਛਾਅ ਕੇ ਆਰਾਮ ਨਾਲ ਰਾਤ ਦਾ ਰੋਟੀ-ਟੁੱਕ ਖਾ ਰਹੇ ਸਨ। ਉਹਨਾਂ ਅੱਗੇ ਪਈਆਂ ਰੋਟੀਆਂ, ਕੁੱਟੀ ਹੋਈ ਚੱਟਣੀ ਅਤੇ ਕਿੰਨੇ ਸਾਰੇ ਗੰਢੇ 'ਤੇ ਹੋਰ ਨਿੱਕ-ਸੁੱਕ ਦੇਖ ਉਹ ਸਾਰੇ ਪਕਵਾਨ ਚੇਤੇ ਆ ਗਏ, ਜਿਹੜੇ ਡਾਕਟਰਾਂ ਨੇ ਖਰਾਬ ਸਿਹਤ ਦੇ ਚੱਲਦਿਆਂ ਸਦਾ ਲਈ ਖਾਣ ਤੋਂ ਮਨਾਂ ਕੀਤੇ ਹੋਏ ਨੇ।

ਨਾਲ ਹੀ ਹਮੇਸ਼ਾਂ ਹੀ ਟੂਰਾਂ 'ਤੇ ਨਿੱਕਲਿਆ ਰਹਿੰਦਾ 'ਕੱਲਾ-'ਕੱਲਾ ਪੁੱਤ ਚੇਤੇ ਆ ਗਿਆ। ਪਤਾ ਨਹੀਂ ਕਿੰਨਾਂ ਚਿਰ ਹੋ ਗਿਆ, ਸਾਨੂੰ ਦੋਹਾਂ ਨੂੰ ਇਕੱਠਿਆਂ ਕੋਲ-ਕੋਲ ਬੈਠ ਰੋਟੀ ਖਾਧਿਆਂ। ਤੈਨੂੰ ਦੇਖ ਮਨ ਨੇ ਫਿੱਟਕਾਰ ਜਿਹੀ ਪਾਈ ਕਿ ਯਾਦ ਕਰ ਸਰਦਾਰਾ, ਆਖਰੀ ਵਾਰ ਤੂੰ ਖੁਦ ਆਪ ਪਾਠ ਕਦੋਂ ਕੀਤਾ ਸੀ?

ਕਹਿੰਦਾ ਯਾਰ ਸੱਚ ਪੁੱਛੇਂ ਤਾਂ ਸਾਡੇ ਪੱਲੇ ਤਾਂ ਬੱਸ "ਭਟਕਣ" ਹੀ ਰਹਿ ਗਈ ਏ। ਓਹੀ ਭਟਕਣ ਜਿਸਨੂੰ ਬਾਹਰੀ ਦੁਨੀਆਂ ਅਮੀਰੀ ਅਤੇ ਵੱਡੇਪਣ ਦਾ ਨਾਮ ਦਿੰਦੀ ਏ। ਜਿਸਨੂੰ ਸਿਜਦੇ ਸਲਾਮਾਂ ਹੁੰਦੀਆਂ ਨੇ, ਜਿਸਦਾ ਸਾਰੀ ਲੋਕਾਈ ਰੋਹਬ ਮੰਨਦੀ ਏ। ਅਤੇ ਜਿਹੜੀ ਹਮੇਸ਼ਾਂ ਮੇਰੇ ਵਰਗਿਆਂ ਨੂੰ ਇਸ ਭਰਮ-ਭੁਲੇਖੇ ਵਿੱਚ ਪਾਈ ਰੱਖਦੀ ਏ ਕਿ ਜਿੰਨੀ ਜਿਆਦਾ ਮਾਇਆ ਆਵੇਗੀ ਓਨੇ ਹੀ ਵੱਧ ਸੁਖੀ ਅਤੇ ਖੁਸ਼ ਹੋਵਾਂਗੇ। ਇਹ ਭੁਲੇਖਾ ਹੀ ਦਿਨੋਂ-ਦਿਨ ਵਧੀ ਹੀ ਜਾਂਦਾ ਏ।

ਅਸਲੀਅਤ ਇਹ ਹੈ ਕਿ ਰਾਤੀ ਸੁੱਤੇ ਪਿਆਂ ਵੀ ਬੱਸ ਇਹੋ ਫਿਕਰ ਖਾਈ ਜਾਂਦਾ ਏ ਕਿ ਪਤਾ ਨਹੀਂ ਫਰੀਦਾਬਾਦ ਫੈਕਟਰੀ ਵਿੱਚ ਮਾਲ ਪੁੱਜਾ ਏ ਕਿ ਨਹੀਂ? ਨੋਇਡਾ ਵਾਲੀ ਵਿੱਚ ਲੇਬਰ ਆਈ ਕਿ ਨਹੀਂ? ਦਿੱਲੀ ਵਾਲੀ ਫੈਕਟਰੀ ਵਿੱਚ ਕੰਮ ਸ਼ੁਰੂ ਹੋਇਆ ਹਊਗਾ ਕਿ ਨਹੀਂ? ਸ਼ੇਅਰ ਮਾਰਕੀਟ 'ਤੇ ਨਹੀਂ ਡਿੱਗ ਪਈ ਰਾਤੋ-ਰਾਤ?

ਡਾਕਟਰ ਜਦੋਂ ਕਦੀ ਕਾਲ ਕਰ ਲਵੇਂ ਤਾਂ ਫੋਨ ਹੱਥੋਂ ਛੁੱਟਣ ਨੂੰ ਪੈਂਦਾ ਏ, ਧੜਕਣ ਤੇਜ ਹੋ ਜਾਂਦੀ ਏ, ਕਿ ਕਿਤੇ ਟੈਸਟਾਂ ਦੀ ਰਿਪੋਰਟ ਠੀਕ ਆਈ ਹੋਵੇ? ਦੋਹਾਂ ਭਰਾਵਾਂ ਨਾਲ ਵੰਡ-ਵੰਡਾਈ ਨੂੰ ਲੈ ਕੇ ਕਿੰਨੀ ਦੇਰ ਤੋਂ ਅਦਾਲਤ ਵਿੱਚ ਚੱਲਦੇ ਮੁੱਕਦਮੇ 'ਤੇ ਹੋਰ ਵੀ ਬੜਾ ਕੁੱਝ।" ਅਖੀਰ ਵਾਹਵਾ ਚਿਰ ਕੋਲ ਬੈਠ ਮਨ ਦਾ ਗੁਬਾਰ ਕੱਢ, ਦੂਰ ਖਲੋਤੇ ਡਰਾਈਵਰ ਨੂੰ 'ਵਾਜ ਮਾਰ ਲਈ। 'ਤੇ ਜਾਂਦੇ-ਜਾਂਦੇ ਇੱਕ ਹੋਰ ਗੱਲ ਆਖ ਹੀ ਗਏ, ਕਿ "ਯਾਰ ਈਰਖਾ ਜਿਹੀ ਹੋਈ ਜਾਂਦੀ ਏ ਤੁਹਾਨੂੰ ਲੋਕਾਂ ਨੂੰ ਦੇਖ, ਬੱਸ ਇਹੀ ਸੋਚੀਂ ਜਾਂਦਾ ਹਾਂ ਕਿ ਕੋਲ ਬਹੁਤਾ ਕੁੱਝ ਨਾਂ ਹੁੰਦੇ ਹੋਏ ਵੀ ਕਿੰਨਾਂ ਕੀਮਤੀ ਸਰਮਾਇਆ ਸਾਂਭੀ ਬੈਠੇ ਹੋ ਤੁਸੀਂ ਲੋਕ। ਉਹ ਸਰਮਾਇਆ ਜਿਹੜਾ ਸ਼ਾਇਦ ਮੇਰਾ ਵਰਗਾ ਭਾਵੇਂ ਸਾਰੀ ਦੌਲਤ ਵੀ ਝੋਕ ਦੇਵੇ ਤਾਂ ਵੀ ਨਸੀਬਾਂ ਵਿੱਚ ਨਾਂ ਹੋਵੇ।"



ਹਰਪ੍ਰੀਤ ਸਿੰਘ ਜਵੰਦਾ

# ਮੇਰੀ ਧੀ, ਮੇਰਾ ਜੇਠਾ ਪੁੱਤ...






"ਕੀ ਲੋੜ ਸੀ ਇੱਕ ਹੋਰ ਨਿਆਣਾ ਜੰਮਣ ਦੀ? ਅੱਗੇ ਹੈ ਗੇ ਤਾਂ ਸੀ ਦੋ ਮੁੰਡੇ! ਰੱਬ ਕੋਈ ਚੰਗੀ ਚੀਜ਼ ਦੇ ਦਿੰਦਾ ਫੇਰ ਵੀ ਠੀਕ ਸੀ, ਪੱਥਰ ਚੁੱਕ ਮਾਰਿਆ ਮੱਥੇ ਤੇਰੇ! ਜਮਾਨਾ ਬੜਾ ਮਾੜਾ ਏ, ਭਾਈ! ਘਰੇ ਕੁੜੀ ਦਾ ਜੰਮਣਾ ਗ੍ਰਹਿਣ ਲੱਗਣ ਸਮਾਨ ਏ! ਦਸਾਂ-ਬਾਰਾਂ ਸਾਲਾਂ ਦੀ ਨੂੰ ਲੋਕ ਡੇਲੇ ਪਾੜ-ਪਾੜ ਦੇਖਣ ਲੱਗ ਪੈਂਦੇ ਨੇ ਜਿਵੇਂ ਘਰੇ ਧੀ-ਭੈਣ ਨਾ ਦੇਖੀ ਹੋਵੇ! ਫੇਰ ਮਗਰੋਂ ਪੜ੍ਹਾਈਆਂ ਦੇ ਖਰਚ, ਵਿਆਹ ਲਈ ਬਣਦੇ-ਤਣਦੇ ਘਰ ਦੇ ਮੁੰਡੇ ਦੀ ਭਾਲ, ਦਾਜ਼ ਤੇ ਹੋਰ ਕੀ ਕੁਝ! ਸੌ ਹੋਰ ਤਰ੍ਹਾਂ ਦੇ ਫ਼ਿਕਰ" ਨਿੱਕੀ ਦੇ ਜਨਮ 'ਤੇ ਬੇਬੇ ਦੀਆਂ ਇਹਨਾਂ ਗੱਲਾਂ ਨੇ ਨਾ਼ਲਦੀ ਦੇ ਮੰਜੇ 'ਤੇ ਪਈ ਦੇ ਇੱਕ ਵਾਰ ਤਾਂ ਸਾਹ ਈ ਸੁਕਾ ਦਿੱਤੇ ਸਨ।

ਨਾ਼ਲ ਦੀ ਦਾ ਨਾਂ ਪਿਆਰ ਕੌਰ ਸੀ, ਵੱਡਾ ਮੁੰਡਾ ਉਦੋਂ ਗਿਆਰਾਂ ਦਾ ਤੇ ਛੋਟਾ ਸਾਢੇ ਨੌਆਂ ਸਾਲਾਂ ਦਾ, ਨਿੱਕੀ ਅਜੇ ਪੰਜਾਂ ਸਾਲਾਂ ਦੀ ਸੀ, ਜਦੋਂ ਉਹ ਬਾਰ੍ਹਾਂ ਸਾਲਾਂ ਦਾ ਸਾਥ ਨਿਭਾ ਕੇ ਜਾਂ ਕਹਿ ਲਵੋ ਅੱਧ ਵਿਚਾਲੇ ਤੋੜ ਕੇ ਰੱਬ ਨੂੰ ਪਿਆਰੀ ਹੋ ਗਈ ਸੀ। ਪਰ ਉਹਦਾ ਕਿਹੜਾ ਜੀ ਕਰਦਾ ਸੀ?

ਵੱਡਾ ਮੁੰਡਾ ਵੱਡਾ ਹੋ ਕੇ ਸ਼ਹਿਰ ਪੜ੍ਹਣ ਲੱਗਿਆ, ਓਥੇ ਕਿਸੇ ਕੁੜੀ ਨਾ਼ਲ ਵਿਆਹ ਕਰਾ ਕੇ ਓਥੋਂ ਜੋਗਾ ਈ ਹੋ ਕੇ ਰਹਿ ਗਿਆ, ਅਗਲਿਆਂ ਨੇ ਘਰ ਜਵਾਈ ਬਣਾਕੇ ਰੱਖ ਲਿਆ। ਫੇਰ ਉਹਨੇ ਪਿੰਡ ਵੱਲ ਭੌਂ ਕੇ ਨੀਂ ਦੇਖਿਆ ਤੇ ਛੋਟਾ ਮਢੀਰਵਾਧੇ 'ਚ ਪਿਆ ਚੰਡੀਗੜ੍ਹ ਹੋਸਟਲ 'ਚ ਰਹਿਣ ਲੱਗ ਪਿਆ। ਦੋਵਾਂ ਨੇ ਨਾ ਘਰ ਦੀਆਂ ਸਿਉਂਖ ਖਾਧੀਆਂ ਡਿੱਗਣ ਕਿਨਾਰੇ ਪਈਆਂ ਛੱਤਾਂ ਦੀ ਕੋਈ ਪ੍ਰਵਾਹ ਕੀਤੀ, ਨਾ ਕੋਠੇ ਜਿੱਡੀ ਹੋਈ ਜਾਂਦੀ ਭੈਣ ਦਾ ਕੋਈ ਫ਼ਿਕਰ ਕੀਤਾ।

ਨਿੱਕੀ ਆਪਣੀ ਮਾਂ ਵਰਗੀ ਸਚਿਆਰੀ ਨਿੱਕਲੀ, ਪੰਦਰਾਂ ਸਾਲਾਂ ਦੀ ਹੁੰਦੀ ਨੇ ਘਰ ਦੀ ਜਿੰਮੇਵਾਰੀ ਮੋਢਿਆਂ 'ਤੇ ਚੁੱਕ ਲਈ, ਮੇਰਾ ਮਨ ਆਪਣੇ ਆਪ ਨੂੰ ਕੋਸਦਾ ਏ, ਮੇਰੀ ਬੇਵੱਸੀ, ਜਵਾਕੜੀ ਦਾ ਬਚਪਨਾ ਵੀ ਖਾ ਗਈ।

ਬੇਬੇ ਵੀ ਆਪਣੇ ਅੱਖੀਂ ਦੇਖ ਗਈ ਕਿਹੜਾ ਖੋਟਾ ਸਿੱਕਾ ਤੇ ਕਿਹੜਾ ਖਰਾ ਸੋਨਾ ਨਿੱਕਲਿਆ।

ਲੋਕਾਂ ਦੇ ਧੀ-ਪੁੱਤ ਪੜ੍ਹਾਈਆਂ ਪੜ੍ਹਕੇ ਬਾਹਰਲ਼ੇ ਮੁਲਕਾਂ ਨੂੰ ਤੁਰੀ ਜਾਂਦੇ ਸੀ, ਮੈਂ ਮਜ਼ਬੂਰ ਕੀਤਾ, ਤਾਂ ਜਾ ਕੇ, ਨਿੱਕੀ ਕਨੇਡਾ ਜਾਣ ਨੂੰ ਮੰਨੀ, ਪੱਕੀ ਹੋ ਗਈ ਏ, ਜਿਦ ਕਰਕੇ ਉਹਨੇ ਮੇਰਾ ਪਾਸਪੋਰਟ ਬਣਵਾਇਆ ਤੇ ਵੀਜਾ ਵੀ ਲਵਾਇਆ। ਅਗਲੇ ਮਹੀਨੇ ਚੱਲਿਆ ਆਂ ਧੀ ਕੋਲ, ਇੱਕ ਪੇਂਡੂ ਸਿੱਧੜ ਜੱਟ ਜੀਹਨੂੰ ਕੋਈ ਟਾਂਗੇ 'ਤੇ ਪੈਰ ਨੀਂ ਧਰਨ ਦਿੰਦਾ ਸੀ, ਜਹਾਜ ਦੀ ਸਵਾਰੀ ਕਰੂਗਾ।

ਫੋਨ 'ਤੇ ਮੱਤਾਂ ਦਿੰਦੀ ਮੇਰੀ ਮਾਂ ਬਣ ਜਾਂਦੀ ਏ, ਪਾਪਾ-ਪਾਪਾ ਕਹਿੰਦੀ ਵਿੱਚੇ ਬਾਪੂ ਕਹਿ ਜਾਂਦੀ ਏ, ਬੜਾ ਫੱਬਦਾ ਏ ਉਹਦੇ ਮੂੰਹੋਂ!

ਕੀ ਦੱਸਾਂ, ਗੱਲਾਂ ਕਰਦਿਆਂ ਮਨ ਭਰ-ਭਰ ਆਉਂਦਾ ਏ। ਜੀਹਦੇ ਜੰਮਿਆਂ ਸੋਗ ਮਨਾਇਆ ਸੀ ਉਹੀ ਮੇਰਾ ਸਰਵਣ ਪੁੱਤ ਹੋ ਨਿੱਬੜੀ, ਮੇਰੇ ਹੱਡਾਂ-ਗੋਡਿਆਂ 'ਚ ਜਾਨ ਮੁੱਕ ਚੱਲੀ ਸੀ, ਉਹਨੇ ਮੈਨੂੰ ਮੁੜ ਜਿਉਣ-ਜੋਗਾ ਕਰ ਧਰਿਆ ਏ, ਮੇਰੀ ਸਿਰੋਂ ਲਹਿਕੇ ਡਿੱਗਦੀ ਪੱਗ ਨੂੰ ਬੋਚ ਲਿਆ ਏ। ਮੈਨੂੰ ਲੱਗਦੈ ਮੈਂ ਜਦ ਵੀ ਮਰਿਆ ਉਹਦੇ ਚੁੱਲ੍ਹੇ 'ਤੇ ਮਰਾਂਗਾ, ਮੇਰੀ ਮਨਸ਼ਾ ਵੀ ਇਹੋ ਏ ਕਿ ਉਹ ਮੇਰੇ ਸਿਵੇ ਨੂੰ ਮੇਰਾ ਜੇਠਾ ਪੁੱਤ ਬਣਕੇ ਅੱਗ ਦੇਵੇ!

ਬਲਜੀਤ ਖ਼ਾਨ

# ਮੇਰੇ ਮੀਤ

– ਗੁਰਮੀਤ ਸਿੰਘ –

ਕਿਉਂ ਤੂੰ ਸਮਝੇਂ ਮੈਂ ਗੁਜ਼ਰ ਗਈ,
ਅੱਖਾਂ ਬੰਦ ਕਰਕੇ ਦੇਖ ਮੈਂ ਤੇਰੇ ਕੋਲ ਖੜ੍ਹੀ,
ਮੈਂ ਤੇਰੀ ਕਵਿਤਾ ਮੈਂ ਤੇਰਾ ਸੰਗੀਤ,
ਮੇਰੇ ਮੀਤ ਮੇਰੇ ਮੀਤ ...।

ਧੁਪਾਂ ਤੋਂ ਖੋਹ ਕੇ ਤੂੰ ਦਿੱਤੀਆਂ ਮੈਨੂੰ ਛਾਵਾਂ,
ਇੰਨਾ ਪਿਆਰ ਕੀਤਾ ਤੂੰ ਮੈਨੂੰ, ਉਹ ਪਿਆਰ ਕਿਵੇਂ ਭੁੱਲ ਜਾਵਾਂ,
ਮੇਰੇ ਬਾਰੇ ਲਿਖ ਕੇ ਗਾ ਲੈਣਾ ਕੋਈ ਗੀਤ,
ਮੈਂ ਤੇਰੀ ਕਵਿਤਾ ਮੈਂ ਤੇਰਾ ਸੰਗੀਤ,
ਮੇਰੇ ਮੀਤ ਮੇਰੇ ਮੀਤ ...।

ਕੀ ਕਰਨਾ ਉਚੀਆਂ ਸ਼ਾਨਾਂ ਨੂੰ,
ਕਿਉਂ ਛੂਹਣਾ ਚਾਹੇਂ ਅਸਮਾਨਾਂ ਨੂੰ,
ਸੁੱਖ ਦੁੱਖ ਜੀਵਨ ਦੇ ਦੋ ਪਹਿਲੂ,
ਇਹੀ ਜੀਵਨ ਦੀ ਰੀਤ,
ਮੈਂ ਤੇਰੀ ਕਵਿਤਾ ਮੈਂ ਤੇਰਾ ਸੰਗੀਤ,
ਮੇਰੇ ਮੀਤ ਮੇਰੇ ਮੀਤ ...।

ਮੈਂ ਵਸਦੀ ਹਾਂ ਤੇਰੀ ਰੂਹ ਵਿਚ,
ਤੇਰੇ ਸਾਹਾਂ ਦੀ ਖੁਸ਼ਬੂ ਵਿਚ,
ਫਿਰ ਕਿਉਂ ਉਦਾਸ ਭਇਆ ਤੇਰਾ ਚੀਤ,
ਮੈਂ ਤੇਰੀ ਕਵਿਤਾ ਮੈਂ ਤੇਰਾ ਸੰਗੀਤ,
ਮੇਰੇ ਮੀਤ ਮੇਰੇ ਮੀਤ ...।

ਬਿਰਹਾ ਦੀਆਂ ਪੀੜਾਂ ਕਿਉਂ ਸਹਿੰਦਾ ਏਂ,
ਗੁੰਮ-ਸੁੰਮ ਹੋ ਕੇ ਕਿਉਂ ਰਹਿੰਦਾ ਏਂ,
ਪੀੜਾਂ ਸਹਿੰਦੇ ਸਹਿੰਦੇ ਉਮਰ ਨਾ ਜਾਏ ਬੀਤ,
ਮੈਂ ਤੇਰੀ ਕਵਿਤਾ ਮੈਂ ਤੇਰਾ ਸੰਗੀਤ,
ਮੇਰੇ ਮੀਤ ਮੇਰੇ ਮੀਤ ...।

ਤੇਰਾ ਵਰਗਾ ਕੋਈ ਨਾ ਮਿਲਿਆ,
ਢੂੰਡ ਥੱਕੀ ਜੱਗ ਸਾਰਾ,
ਇੰਨਾ ਪਿਆਰ ਕੀਤਾ ਤੂੰ ਮੈਨੂੰ,
ਜੱਗ ਜਾਣਦਾ ਸਾਰਾ,
ਅਗਲੇ ਜਨਮ ਮਿਲਾਂਗੀ ਤੈਨੂੰ,
ਮੈਂ ਬਣਕੇ ਤੇਰੀ ਪ੍ਰੀਤ
ਮੈਂ ਤੇਰੀ ਕਵਿਤਾ ਮੈਂ ਤੇਰਾ ਸੰਗੀਤ,
ਮੇਰੇ ਮੀਤ ਮੇਰੇ ਮੀਤ ...।

# ਧੀ ਨੂੰ ਦਿੱਤਾ ਪਿਓ ਦਾ ਆਖਰੀ ਪੰਜ ਸੌ ਦਾ ਨੋਟ...



ਪਿਉ ਦੇ ਗਲ਼ ਲੱਗ ਗਈ 'ਤੇ ਰੋਂਦੀ-ਹੁੱਬਕਦੀ ਹੋਈ ਕਹਿਣ ਲੱਗੀ, "ਬਾਪੂ ਜੇ ਤੂੰ ਕਹਿੰਨਾਂ ਤਾਂ ਚਲੇ ਜਾਨੀ ਆਂ। ਪਰ ਤੂੰ ਦੇਖ ਲਵੀਂ ਉਹਨੇ ਲਾਸ਼ ਬਣਾ ਦੇਣਾ ਮੈਨੂੰ। ਕੀ ਕਰੂਗੀ ਮੇਰੀ ਨਿੱਕੀ ਧੀ ਮੇਰੇ ਬਿਨਾਂ?" ਬਾਪੂ ਦੀਆਂ ਅੱਖਾਂ ਵਿੱਚੋਂ ਡਿੱਗਦੇ ਕੋਸੇ-ਕੋਸੇ ਹੰਝੂ ਉਸਦੀ ਚੁੰਨੀ 'ਤੇ ਆ ਡਿੱਗੇ। ਕਹਿਣ ਨੂੰ ਕੁੱਝ ਵੀ ਤਾਂ ਨਹੀਂ ਸੀ ਬਚਿਆ।

ਉਹਨੇ ਹੋਰ ਕੁੱਝ ਕਹੇ ਬਿਨਾਂ ਉਨਾਭੀ ਬੈਗ ਚੁੱਕਿਆ 'ਤੇ ਧੀ ਨੂੰ ਨਾਲ ਲੈ ਜੀਪ 'ਚ ਬੈਠ ਗਈ। ਬਾਪੂ ਨੇ ਕੋਲ ਆ ਜੀਪ ਵਿੱਚ ਬੈਠੀ ਦਾ ਸਿਰ ਪਲੋਸਿਆ, ਜਿਵੇਂ ਆਖ਼ਰੀ ਵਾਰ ਧੀ ਨੂੰ ਆਸ਼ੀਰਵਾਦ ਦੇਣਾ ਚਾਹੁੰਦਾ ਹੋਵੇ। ਮੁੜਕੇ ਨਾਲ ਭਿੱਜੀ ਜੇਬ ਵਿੱਚੋਂ ਪੰਜ-ਸੌਂ ਦਾ ਸਲਾਬਾ ਜਿਹਾ ਨੋਟ ਕੱਢਿਆ 'ਤੇ ਹੱਥ ਫੜ੍ਹ ਧੀ ਦੇ ਹੱਥ 'ਤੇ ਰੱਖ ਦਿੱਤਾ। ਨੋਟ ਵਿੱਚੋਂ ਬਾਪੂ ਦੇ ਮੁੜਕੇ ਦੀ ਰਲੀ-ਮਿਲੀ ਖੁਸ਼ਬੋ ਆ ਰਹੀ ਸੀ। 'ਤੇ ਉਹਨੇ ਵੀ ਸਾਰੇ ਰਾਹ ਉਹ ਨੋਟ ਹੱਥ ਵਿੱਚ ਘੁੱਟੀ ਰੱਖਿਆ।

ਉਹਨੂੰ ਰਾਸਤੇ ਵਿੱਚ ਤਰ੍ਹਾਂ-ਤਰ੍ਹਾਂ ਦੇ ਖਿਆਲ ਆਉਂਦੇ। ਕਦੇ ਖਿਆਲ ਆਉਂਦਾ ਕਿ ਇਹ ਪੈਸੇ ਬਾਪੂ ਨੇ ਮੇਰੇ ਫੁੱਲਾਂ ਵਿੱਚ ਪਾਉਣ ਲਈ ਦੇ ਦਿੱਤੇ। ਕਦੇ ਸੋਚਦੀ ਬਾਪੂ ਦਾ ਤਾਂ ਕੀ ਕਸੂਰ, ਉਹ ਕਿਹੜਾ ਮੇਰਾ ਬੁਰਾ ਸੋਚਦਾ। ਕਦੇ ਸੋਚਦੀ ਕਿ ਮੇਰੇ ਜਾਣ ਤੋਂ ਬਾਅਦ ਬਾਪੂ ਦਾ ਸਹਾਰਾ ਕੌਣ ਹੋਊ? ਤਾਏ ਦੇ ਮੁੰਡੇ, ਨਹੀਂ ਤਾਂ ਕਦੇ ਨਹੀਂ। ਇਹ ਤਾਂ ਸਿੱਧੇ ਮੂੰਹ ਨਹੀਂ ਬੋਲਦੇ। ਜ਼ਮੀਨ ਦੇ ਲਾਲਚ ਨੂੰ ਹੀ ਤਾਂ ਰੋਟੀ ਦੇ ਰਹੇ ਬਾਪੂ ਨੂੰ।

ਰੋਂਦਾ ਵਿਲਕਦਾ ਬਾਪੂ ਵਾਰ-ਵਾਰ ਅੱਖਾਂ ਮੂਹਰੇ ਆ ਰਿਹਾ ਸੀ। ਤਾਏ ਦਾ ਮੁੰਡਾ ਵੀ ਸਾਰੇ ਰਾਹ ਚੁੱਪ ਰਿਹਾ। ਸੋਚਾਂ ਵਿੱਚ ਖੁੱਬੀ ਨੂੰ ਪਤਾ ਹੀ ਨਹੀਂ ਲੱਗਾ ਕਦੋਂ ਨਰਕ ਆ ਗਿਆ, ਮਤਲਬ ਕਿ ਉਹਦਾ ਸਹੁਰਾ ਪਿੰਡ ਜੈਤੋ।

ਜੀਪ ਘਰ ਅੰਦਰ ਦਾਖ਼ਲ ਹੋਈ 'ਤੇ ਉਹਦਾ ਘਰਵਾਲਾ ਸਾਫ਼ਾ ਬੰਨਦਾ ਬਾਹਰ ਆਇਆ 'ਤੇ ਜੀਪ ਵਿੱਚੋਂ ਉੱਤਰਦੀ ਨੂੰ ਕਹਿਣ ਲੱਗਾ, ਕਿ ਆ ਗਈ ਅਕਲ ਟਿਕਾਣੇ, ਨਹੀਂ ਝੱਲਿਆ ਤੇਰੇ ਪਿਉ ਨੇ। ਤਾਏ ਦਾ ਮੁੰਡਾ ਸਮਾਨ ਮੰਜੇ 'ਤੇ ਰੱਖ ਓਨੇ ਪੈਰੀਂ ਵਾਪਸ ਮੁੜ ਗਿਆ।

ਉਹਦੀ ਧੀ ਪਿਉ ਤੋਂ ਡਰਦੀ ਕੰਬਦੀ-ਕੰਬਦੀ ਉਹਦੇ ਮਗਰ ਲੁੱਕਣ ਦੀ ਕੋਸ਼ਿਸ਼ ਕਰ ਰਹੀ ਸੀ। ਜਦੋਂ ਉਹ ਮਾਂ ਭੈਣ ਦੀ ਗਾਲਾਂ ਕੱਢ ਬੋਲਣੋਂ ਹੀ ਨਾਂ ਹੱਟਿਆ ਤਾਂ

ਉਹਨੇ ਅੱਖਾਂ ਵਿੱਚ ਅੱਖਾਂ ਪਾ ਕਿਹਾ, "ਹਰਾਮਦਿਆ ਪਿਉ ਦਾ ਕੀ ਕਸੂਰ? ਤੇਰੇ ਸਿਰ ਚੜ੍ਹ ਮਰੂੰ ਜਿੱਦਣ ਮਰੀ।

ਅੱਗੋਂ ਉਹ ਨਸ਼ੇ ਨਾਲ ਰੱਜਿਆ ਅੰਦਰ ਗਿਆ 'ਤੇ ਰਿਵੌਲਵਰ ਕੱਢ ਲਿਆਇਆ 'ਤੇ ਆ ਕੇ ਕਹਿਣ ਲੱਗਾ, ਕਿ ਅੱਜੇ ਪੂਰੀ ਕਰ ਦਿੰਨਾਂ ਤੇਰੀ ਇਹ ਇੱਛਾ। ਕਹਿੰਦਿਆਂ-ਕਹਿੰਦਿਆਂ ਗੋਲੀ ਉਸ ਵੱਲ ਚਲਾ ਦਿੱਤੀ।

ਧੀ ਭੱਜ ਕੇ ਪਿਉ ਵੱਲ ਗਈ 'ਤੇ ਪੈਰ ਫੜ੍ਹਨ ਲੱਗੀ ਪਰ ਉਹ ਕਿੱਥੇ ਰੁੱਕਣ ਵਾਲਾ ਸੀ 'ਤੇ ਇੱਕ ਹੋਰ ਗੋਲੀ ਉਸਦੇ ਮਾਰ ਦਿੱਤੀ। ਪਿਉ ਵੱਲੋਂ ਦਿੱਤਾ ਪੰਜ ਸੌਂ ਰੁਪਇਆ ਉਸਦੇ ਹੱਥ ਵਿੱਚ ਸੀ। ਜ਼ਮੀਨ 'ਤੇ ਡਿੱਗਦੀ ਦੇ ਉਹ ਪੰਜ ਸੌਂ ਦਾ ਨੋਟ ਹੱਥੋਂ ਛੁੱਟ ਗਿਆ 'ਤੇ ਉਹਦੀ ਧੀ ਨੇ ਭੱਜ ਕੇ ਉਹ ਨੋਟ ਚੁੱਕ ਲਿਆ 'ਤੇ ਮਾਂ ਕੋਲ ਬੈਠ ਰੋਣ ਲੱਗੀ।

ਪੈਸੇ ਵਾਲਾ ਹੋਣ ਕਾਰਣ ਮਾਮਲਾ ਰਫ਼ਾ-ਦਫ਼ਾ ਹੋ ਗਿਆ 'ਤੇ ਕਤਲ ਨੂੰ ਸੁਸਾਇਡ ਵਿੱਚ ਤਬਦੀਲ ਕਰ ਦਿੱਤਾ। ਉਹਦਾ ਪਿਉ ਮਹੀਨੇ ਕੁ ਬਾਅਦ ਧੀ ਦਾ ਗਮ ਦਿਲ ਨੂੰ ਲਾ ਪੂਰਾ ਹੋ ਗਿਆ। ਧੀ ਨੂੰ ਉਸ ਜੱਲਾਦ ਨੇ ਆਵਦੀ ਭੈਣ ਕੋਲ ਪੜ੍ਹਨ ਲਈ ਭੇਜ ਦਿੱਤਾ 'ਤੇ ਆਪ ਹੋਰ ਵਿਆਹ ਕਰਵਾ ਲਿਆ।

ਸਮਾਂ ਬੀਤ ਦਾ ਗਿਆ 'ਤੇ ਅੱਜ ਕਈ ਸਾਲਾਂ ਬਾਅਦ ਉਹਦੀ ਧੀ ਪਰਮਜੀਤ ਦੇ ਲੈਦਰ ਦੇ ਬਟੂਏ ਵਿੱਚੋਂ ਉਹਦੇ ਘਰਵਾਲੇ ਨੇ ਪੰਜ-ਸੌ ਦਾ ਨੋਟ ਕੱਢ ਕਿਹਾ ਕਿ ਕੀ ਗੱਲ ਤੁਸੀਂ ਨੋਟਬੰਦੀ ਵੇਲੇ ਇਹ ਨੋਟ ਜਮ੍ਹਾ ਕਰਵਾਉਣਾ ਭੁੱਲ ਗਏ ਸੀ? ਜੇ ਭੁੱਲ ਵੀ ਗਏ ਸੀ ਤਾਂ ਹੁਣ ਤਾਂ ਇਸ ਨੋਟ ਦੀ ਕੋਈ ਕੀਮਤ ਨਹੀਂ, ਸੁੱਟੋ ਪਰ੍ਹੇ।

ਉਹਨੇ ਭੱਜ ਕੇ ਆ ਕੇ ਬਟੂਆ ਖੋਹ ਕੇ ਕਿਹਾ ਕਿ ਨਾਂ ਇਹ ਮੇਰੇ ਲਈ ਬਹੁਤ ਕੀਮਤੀ ਏ। ਪਰਮਜੀਤ ਦਾ ਘਰਵਾਲਾ ਉਸਦੇ ਮੱਥੇ ਦੀ ਤਿਉੜੀ ਤੋੜਨ ਲਈ ਜਾਣ ਬੁੱਝਕੇ ਛੇੜਨ ਲੱਗਾ ਕਿ ਕੀ ਗੱਲ ਕਿਸੇ ਮਹਿਬੂਬ ਨੇ ਤਾਂ ਨਹੀਂ ਦਿੱਤਾ।

ਪਰਮਜੀਤ ਨੇ ਉਸਦੀ ਗੱਲ ਦਾ ਕੋਈ ਜਵਾਬ ਨਾਂ ਦਿੱਤਾ 'ਤੇ ਰਸੋਈ ਵਿੱਚ ਜਾ ਆਵਦੇ ਕੰਮ ਕਰਨ ਲੱਗੀ। ਉਸ ਰਾਤ ਪਰਮਜੀਤ ਨੇ ਆਵਦੀ ਮਾਂ ਨਾ਼ਲ ਹੋਈ ਸਾਰੀ ਘਟਨਾਂ, ਜਦ ਆਵਦੇ ਹਮਸਫ਼ਰ ਨੂੰ ਸੁਣਾਈ 'ਤੇ ਉਸ ਪੰਜ-ਸੌ ਰੁਪਏ ਵਾਲੀ ਗੱਲ ਵੀ ਤਾਂ ਉਸਨੇ ਪਰਮਜੀਤ ਨੂੰ ਘੁੱਟ ਕੇ ਬੁੱਕਲ ਵਿੱਚ ਲੈ ਲਿਆ 'ਤੇ ਕਿਹਾ ਕਿ ਮੈਂ ਤੇਰਾ ਅਤੀਤ ਤਾਂ ਨਹੀਂ ਬਦਲ ਸਕਦਾ। ਪਰ ਯਕੀਨ ਕਰ ਮੈਂ ਤੇਰੇ ਪਿਉ ਵਰਗਾ ਨਹੀਂ ਬਣਾਂਗਾ 'ਤੇ ਨਾਂ ਹੁਣ ਉਸਦਾ ਪ੍ਰਛਾਵਾਂ ਤੇਰੇ 'ਤੇ ਪੈਣ ਦੇਵਾਂਗਾ।

ਪਰਮਜੀਤ ਹੁਣ ਸਕੂਨ ਵਿੱਚ ਸੀ ਚਿਰਾਂ ਤੋਂ ਦੱਬਿਆ ਬੋਝ ਉਹਨੇ ਕਿਸੇ ਨਾਲ ਵੰਡ ਲਿਆ ਸੀ। ਮੈਂ ਹਮੇਸ਼ਾ ਕਹਿੰਨੀ ਹੁੰਨੀ ਕਿ ਪੁਰਾਣੀਆਂ ਚੀਜ਼ਾਂ ਸਾਂਭਕੇ ਰੱਖਿਆ ਕਰੋ, ਇਹ ਤਹਾਨੂੰ ਤੁਹਾਡੇ ਆਵਦਿਆਂ ਨਾਲ ਜੋੜੀ ਰੱਖਦੀਆਂ।

ਬਰਾੜ ਜੈਸੀ

# ਕੈਨੇਡਾ ਵਾਲਿਆਂ ਕੋ਼ਲ ਟਾਈਮ ਦੀ ਕਿੰਨੀ ਘਾਟ ਏ...?



ਸਵੇਰ ਦੇ ਚਾਰ ਵੱਜੇ ਤਾਂ ਮੇਰੇ ਫੋਨ ਦੀ ਰਿੰਗ ਵੱਜੀ। ਉੱਠ ਕੇ ਦੇਖਿਆ ਤਾਂ ਅੰਬੋ ਦੀ ਵੀਡਿਓ ਕਾਲ ਆ ਰਹੀ ਸੀ। ਨਾਲ ਦੀ ਤੋਂ ਡਰਦਿਆਂ ਫਟਾਫਟ ਰਿੰਗ ਬੰਦ ਕੀਤੀ ਤੇ ਉੱਠ ਕੇ ਬਾਹਰ ਲਿਵਿੰਗ ਏਰੀਏ 'ਚ ਆ ਕੇ ਵੀਡਿਓ ਕਾਲ ਲਗਾ ਲਈ।

ਪਤਾ ਹੀ ਨਹੀਂ ਲੱਗਾ ਅੰਬੋ ਨਾਲ ਗੱਲ ਕਰਦੇ ਕਰਦੇ ਕਦੋਂ ਛੇ ਵੱਜ ਗਏ। ਨਾਲ ਦੀ ਉੱਠ ਕੇ ਬਾਹਰ ਆਈ ਤਾਂ ਫੋਨ ਖੋਹ ਕੇ ਬੰਦ ਕਰਕੇ ਸੁੱਟ ਕੇ ਬੋਲਣ ਲੱਗ ਗਈ। ਕਹਿੰਦੀ... ਏਹ ਤਾਂ ਵਿਹਲੀ ਆ, ਅਨਪੜ੍ਹ ਗਵਾਰ... ਇਹਨੂੰ ਟਾਈਮ ਦਾ ਪਤਾ ਨਹੀਂ ਪਰ ਤੈਨੂੰ ਤਾਂ ਪਤਾ ਨਾ ਕਿ ਕੈਨੇਡਾ ਵਾਲਿਆਂ ਕੋ਼ਲ ਟਾਈਮ ਦੀ ਕਿੰਨੀ ਘਾਟ ਏ, ਤੈਨੂੰ ਪਤਾ ਨਹੀਂ ਕਿ ਕੰਮ ਤੇ ਵੀ ਜਾਣਾ ਹੁੰਦਾ ਏ... ਦੋ – ਦੋ ਘੰਟੇ ਉਸ ਗਵਾਰ ਨਾ਼ਲ ਗੱਲਾਂ ਕਰ ਕਰ ਕੇ ਟਾਈਮ ਖਰਾਬ ਕਰਦਾ ਰਹਿਨਾ ਏਂ....ਜੇ ਮੈਂ ਕੋਈ ਕੰਮ ਦੱਸ ਦਵਾਂ ਤਾਂ ਤੇਰੇ ਕੋ਼ਲ ਟਾਈਮ ਨਹੀਂ ਹੁੰਦਾ।"

ਬਸ! ਬਹੁਤ ਹੋ ਗਿਆ...ਮੈਂ ਨਹੀਂ ਰਹਿ ਸਕਦੀ ਤੇਰੇ ਨਾਲ ਹੁਣ। ਨਾਲ ਦੀ ਬੁੜਬੁੜ ਕਰਦੀ ਪਰਸ ਚੁੱਕ ਕੇ ਬਾਹਰ ਨਿਕ਼ਲ ਗਈ। ਤੇ ਮੈਂ ਸੁੰਨ ਹੋਇਆ ਅੰਬੋ ਬਾਰੇ ਸੋਚਣ ਲੱਗ ਗਿਆ।

ਛੇ ਮਹੀਨਿਆਂ ਦਾ ਸਾਂ, ਜਦ ਬੇਬੇ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਈ। ਵੱਡੀ ਭੈਣ ਓਦੋਂ ਮਸਾਂ ਚੌਹਾਂ ਕੁ ਵਰਿਆਂ ਦੀ ਸੀ। ਭੈਣ ਨੇ ਮੈਨੂੰ ਸਾਰਾ ਦਿਨ ਚੁੱਕ ਕੇ ਤੁਰੀ ਫਿਰਨਾ,,, ਨਿੱਕੇ ਨਿੱਕੇ ਹੱਥਾਂ ਨਾ਼ਲ ਬੋਤਲ ਚ ਦੁੱਧ ਪਾ ਕੇ ਪਿਆਉਣਾ, ਨਹਾਉਣਾ....ਸਾਰਾ ਕੁੱਝ ਭੈਣ ਹੀ ਕਰਦੀ ਸੀ। ਉਮਰ ਤੋਂ ਪਹਿਲਾਂ ਉਹ ਵੱਡੀ ਹੋ ਗਈ ਸੀ।

ਮੈਨੂੰ ਨਿਆਣੇ ਨੂੰ ਲਗਦਾ ਸੀ ਕਿ ਭੈਣ ਹੀ ਮੇਰੀ ਮਾਂ ਏ,, ,,, ਮੈਂ ਉਸਨੂੰ ਅੰਬੋ ਅੰਬੋ ਕਹਿੰਦਾ ਰਹਿੰਦਾ,, ਮੈਂ ਉਹਦੇ ਬਿਨਾ ਇੱਕ ਮਿੰਟ ਨਹੀਂ ਸੀ ਰਹਿੰਦਾ। ਭੈਣ ਵੀ ਮੇਰੇ ਬਿਨਾਂ ਕਿਤੇ ਨਹੀਂ ਸੀ ਜਾਂਦੀ। ਸਾਰਾ ਦਿਨ ਮੇਰਾ ਹੀ ਖਿਆਲ ਰੱਖਦੀ। ਫੇਰ ਮੈਂ ਸਕੂਲ ਜਾਣ ਜੋਗਾ ਹੋ ਗਿਆ,, ਭੈਣ ਨੇ ਮੈਨੂੰ ਤਿਆਰ ਕਰਕੇ ਆਪ ਸਕੂਲ ਛੱਡ ਕੇ ਆਉਣਾ। ਹੁਣ ਥੋੜ੍ਹੀ ਸੱਮਝ ਵਾਲ਼ਾ ਹੋ ਗਿਆ ਸਾਂ ਕਿ ਅੰਬੋ ਮੇਰੀ ਭੈਣ ਏ... ਜੇ ਮੈਂ ਕਹਿਣਾ ਕਿ ਅੰਬੋ ਤੂੰ ਵੀ ਸਕੂਲ ਚੱਲ ਮੇਰੇ ਨਾਲ... ਤਾਂ ਕਹਿਣਾ, ਨਹੀਂ ਨਿੱਕਿਆ ਤੂੰ ਪੜ੍ਹ ਲਿੱਖ ਕੇ ਅਫ਼ਸਰ ਬਣਜਾ... ਮੇਰੇ ਲਈ ਏਨਾ ਹੀ ਬਹੁਤ ਆ।

ਅੰਬੋ ਨੇ ਆਵਦਾ ਬਚਪਨ ਤੇ ਜਵਾਨੀ ਮੇਰੇ ਲਈ ਗਾਲ ਦਿੱਤੀ।

ਜਦ ਵੱਡੀ ਹੋਈ ਤਾਂ ਆਖਣ ਲੱਗੀ ਜਦ ਤਕ ਨਿੱਕਾ ਕੁੱਝ ਬਣ ਨਹੀਂ ਜਾਂਦਾ ਮੈਂ ਵਿਆਹ ਨਹੀਂ ਕਰਾਉਣਾ। ਤੇ ਓਧਰ ਮੈਂ ਬਾਰਾਂ ਕਰਦਿਆਂ ਹੀ ਕੈਨੇਡਾ ਦੇ ਸੁਪਨੇ ਵੇਖਣ ਲੱਗ ਗਿਆ, ਜਵਾਨੀ ਦੇ ਜੋਸ਼ 'ਚ ਮੈਂ ਭੁੱਲ ਗਿਆ ਕੇ ਅੰਬੋ ਨੇ ਮੇਰੇ ਅਫ਼ਸਰ ਬਣਨ ਲਈ ਕਿੰਨੀਆਂ ਅਰਦਾਸਾਂ ਕੀਤੀਆਂ ਸੀ... ਮੈਨੂੰ ਤਾਂ ਬਸ ਹੁਣ ਕੈਨੇਡਾ ਹੀ ਜਾਣਾ ਸੀ ਹਰ ਹਾਲ 'ਚ।

ਅੰਬੋ ਨੇ ਨਾਂ ਚਾਹੁੰਦੇ ਹੋਏ ਵੀ ਦਿਲ ਤੇ ਪੱਥਰ ਰੱਖ ਕੇ ਮੈਨੂੰ ਜਹਾਜ਼ ਚੜ੍ਹਾ ਦਿੱਤਾ....ਕਿਉਂਕਿ ਉਹ ਮੇਰੀ ਖੁਸ਼ੀ ਵਿੱਚ ਹੀ ਆਵਦੀਆਂ ਖੁਸ਼ੀਆਂ ਲੱਭਦੀ ਸੀ। ਮੇਰੇ ਜਾਣ ਤੋਂ ਬਾਅਦ ਅੰਬੋ ਬਹੁਤ ਰੋਈ.... ਇੰਨਾ ਕਿ ਜਿੰਨਾਂ ਕੋਈ ਕਿਸੇ ਦੇ ਮਰਨੇ ਤੇ...,।

ਦੂਜੀ ਵਾਰ ਅੰਬੋ ਫੇਰ ਇੰਨਾ ਹੀ ਰੋਈ ਜਦ ਮੈਂ ਫ ਦਾ ਕਹਿ ਕੇ ਉਸਦੇ ਵਿਆਹ ਤੇ ਨਹੀਂ ਗਿਆ। ਵੀਡਿਓ ਕਾਲ ਤੇ ਮੈਂ ਅੰਬੋ ਦਾ ਵਿਆਹ ਵੇਖਿਆ....ਅੰਬੋ ਨੂੰ ਵਿਆਹ ਦਾ ਕੋਈ ਚਾਅ ਨਹੀਂ ਸੀ। ਮਨ ਮਾਰ ਕੇ ਓਹ ਇੱਕ ਘਰ ਛੱਡ ਕੇ ਦੂਜੇ ਨੂੰ ਸਵਰਗ ਬਣਾਉਣ ਚਲੀ ਗਈ।

ਮੈਂ ਚੰਦਰਾ ਜਿਉਂ ਏਥੇ ਆਇਆਂ... ਕਦੇ ਮੁੜ ਕੇ ਅੰਬੋ ਕੋ਼ਲ ਗਿਆ ਹੀ ਨਹੀਂ.... ਪਰ ਅੰਬੋ ਫ਼ੇਰ ਵੀ ਮੇਰੇ ਨਾ਼ਲ ਕਦੇ ਨਾਰਾਜ਼ ਨਹੀਂ ਹੋਈ....।

ਹਾਂ! ਹੋ ਸਕਦਾ ਦਿਲ 'ਚ ਲੱਖ ਗਿਲੇ ਸ਼ਿਕਵੇ ਹੋਣਗੇ...ਪਰ ਮੂੰਹੋਂ ਕਮਲੀ ਨੇ ਕਦੇ ਬੋ਼ਲ ਕੇ ਨਹੀਂ ਕਿਹਾ ਕਿ ਨਿੱਕੇ ਮੈਂ ਨਾਰਾਜ਼ ਆਂ। ਸਗੋਂ ਹਰ ਵਾਰ ਵੀਡੀਓ ਕਾਲ ਤੇ ਇੱਕ ਹੀ ਗੱਲ ਕਹਿੰਦੀ ਕਿ ਤੂੰ ਖੁਸ਼ ਰਹਿ ਜਿੱਥੇ ਵੀ ਆ...ਬਸ ਮੈਂ ਤੈਨੂੰ ਖੁਸ਼ ਵੇਖ ਕੇ ਹੀ ਖੁਸ਼ ਹੋ ਜਾਨੀ ਆ।

ਹੁਣ ਸਾਰੇ ਪਾਸੇ ਚੁੱਪ ਸੀ....ਬਸ ਆਵਾਜ਼ ਆ ਰਹੀ ਸੀ ਸਿਰਫ ਹੌਕਿਆਂ ਦੀ...ਤੇ ਨੈਣਾਂ ਚੋਂ ਪਰਲ ਪਰਲ ਵੱਗਦੇ ਹੰਝੂਆਂ ਨਾ਼ਲ ਮੈਂ ਗੜੁਚ ਹੋਇਆ...ਪਤਾ ਹੀ ਨਹੀਂ ਲੱਗਾ ਕਦ ਇੰਡੀਆ ਦੀ ਟਿਕਟ ਬੁੱਕ ਕਰ ਬੈਠਾ।

ਲਿਖਤ- ਸੰਧੂ ਕੌਰ

# ਸਾਵਣ ਆਇਆ

ਸ਼ੋਰ ਕਣੀਆਂ ਨੇ ਕਿਣਮਿਣ ਲਾਇਆ
ਨੀ ਭੈਣੇ ਸਾਵਣ ਆਇਆ।
ਰੌਲਾ ਚੂੜੀਆਂ ਤੇ ਝਾਂਜਰਾਂ ਨੇ ਪਾਇਆ
ਨੀ ਭੈਣੇ ਸਾਵਣ ਆਇਆ।
ਪੀਂਘਾਂ ਕਿੱਕਲੀਆਂ ਨੇ ਨਸ਼ਾ ਜਿਹਾ ਚੜਾਇਆ
ਨੀ ਭੈਣੇ ਸਾਵਣ ਆਇਆ।
ਤੀਆਂ ਤ੍ਰਿੰਝਣਾਂ ਨੇ ਵਿਹੜਾ ਰੁਸ਼ਨਾਇਆ
ਨੀ ਭੈਣੇ ਸਾਵਣ ਆਇਆ।
ਖੀਰ ਪੂੜਿਆਂ ਨੂੰ ਜੀਅ ਲਲਚਾਇਆ
ਨੀ ਭੈਣੇ ਸਾਵਣ ਆਇਆ।
ਹੁਸਨ ਮੁਟਿਆਰਾਂ ਤੇ ਵੱਖਰਾ ਹੀ ਚੜ੍ਹ ਆਇਆ
ਨੀ ਭੈਣੇ ਸਾਵਣ ਆਇਆ।
ਨੀ ਭੈਣੇ ਸਾਵਣ ਆਇਆ।
ਭੈਣਾਂ ਵਿਆਹੀਆਂ ਲਈ ਸੰਧਾਰਾ ਵੀਰ ਲਿਆਇਆ
ਨੀ ਭੈਣੇ ਸਾਵਣ ਆਇਆ।
ਅੱਜ ਖੁਸ਼ੀਆਂ 'ਚ ਮੇਲਾ ਤੀਆਂ ਦਾ ਲਾਇਆ
ਨੀ ਭੈਣੇ ਸਾਵਣ ਆਇਆ।
ਨੀ ਭੈਣੇ ਸਾਵਣ ਆਇਆ।

ਇੰਦਰਜੀਤ ਕੌਰ ਇੰਦਰ

# ਧੀ ਕਦੇ ਸੌਤੇਲੀ ਨਹੀਂ ਹੁੰਦੀ...

ਸੱਤ ਸਾਲ ਦੀ ਸਿਮਰਨ ਨੇ ਆਪਣੀ ਮਾਂ ਦੀ ਅਰਥੀ ਨੂੰ ਜਾਂਦੇ ਵੇਖਿਆ ਸੀ। ਮਾਂ ਮਰਨ ਤੋਂ ਪਹਿਲਾਂ ਉਸਦੇ ਹੱਥ ਵਿੱਚ ਆਪਣੀ ਚੁੰਨੀ ਦਾ ਸਿਰਾ ਦੇ ਗਈ ਸੀ – "ਇਹਨੂੰ ਸਾਂਭ ਕੇ ਰੱਖੀਂ ਪੁੱਤ, ਜਦੋਂ ਡਰ ਲੱਗੇ, ਇਹਨੂੰ ਘੁੱਟ ਕੇ ਫੜ ਲਈਂ।"

ਸਿਮਰਨ ਦਾ ਪਿਓ ਪਤਨੀ ਦੇ ਮਰਨ ਤੋਂ 6 ਮਹੀਨੇ ਬਾਅਦ ਹੀ, ਰਿਸ਼ਤੇਦਾਰਾਂ ਦੇ ਕਹਿਣ ਤੇ ਉਸਨੇ ਦੂਜਾ ਵਿਆਹ ਕਰ ਲਿਆ – ਸੁਰਜੀਤ ਕੌਰ ਨਾਲ। ਸੁਰਜੀਤ ਦੇ ਨਾਲ ਉਸਦਾ ਆਪਣਾ 5 ਸਾਲ ਦਾ ਮੁੰਡਾ ਜਸਵੀਰ ਵੀ ਆਇਆ।

ਸ਼ੁਰੂ ਵਿੱਚ ਸੁਰਜੀਤ ਨੇ ਬੜਾ ਪਿਆਰ ਦਿਖਾਇਆ। "ਆਜਾ ਧੀਏ, ਤੇਰੇ ਵਾਲ ਬਣਾ ਦਿਆਂ।" ਪਰ ਵਿਆਹ ਤੋਂ ਦੋ ਮਹੀਨੇ ਬਾਅਦ ਹੀ ਅਸਲੀ ਰੂਪ ਸਾਹਮਣੇ ਆ ਗਿਆ।

ਸਿਮਰਨ ਦਾ ਨਾਮ ਘਰ ਵਿੱਚੋਂ ਕੱਟ ਕੇ "ਏ ਕੁੜੀਏ" ਰੱਖ ਦਿੱਤਾ ਗਿਆ।

ਸਵੇਰੇ 4 ਵਜੇ ਉੱਠਣਾ, ਪਸ਼ੂਆਂ ਦਾ ਗੋਹਾ-ਕੂੜਾ ਕਰਨਾ, ਚੁੱਲ੍ਹਾ ਬਾਲਣਾ, ਸਾਰੇ ਟੱਬਰ ਦੀਆਂ ਰੋਟੀਆਂ ਪਕਾਉਣੀਆਂ। ਜਸਵੀਰ ਲਈ ਮੱਖਣ ਵਾਲੀ ਰੋਟੀ, ਪਿਓ ਲਈ ਦਾਲ, ਤੇ ਸਿਮਰਨ ਲਈ... ਬਚੀ ਹੋਈ ਕਾਲੀ ਰੋਟੀ ਤੇ ਅਚਾਰ।

"ਖਾ ਲੈ, ਤੇਰੇ ਲਈ ਇਹੀ ਬਹੁਤ ਆ। ਸੌਤੇਲੀ ਏਂ, ਕੋਈ ਸ਼ਹਿਜ਼ਾਦੀ ਨਹੀਂ," ਸੁਰਜੀਤ ਰੋਜ਼ ਕਹਿੰਦੀ।

ਜੇ ਰੋਟੀ ਸੜ ਜਾਂਦੀ ਤਾਂ ਚਿਮਟੇ ਨਾਲ ਹੱਥ ਸਾੜ ਦਿੰਦੀ। ਜੇ ਸਕੂਲ ਜਾਣ ਦੀ ਜ਼ਿੱਦ ਕਰਦੀ ਤਾਂ ਕਿਤਾਬਾਂ ਚੁੱਕ ਕੇ ਖੂਹ ਵਿੱਚ ਸੁੱਟਣ ਦੀ ਧਮਕੀ।

"ਕੁੜੀ ਨੂੰ ਪੜ੍ਹਾ ਕੇ ਕੀ ਕਰਨਾ? ਵਿਆਹੀ ਤਾਂ ਪਰਾਏ ਘਰ ਜਾਣਾ। ਜਸਵੀਰ ਮੇਰਾ ਪੁੱਤ ਪੜ੍ਹੇਗਾ, ਅਫਸਰ ਬਣੇਗਾ।"

ਗੁਰਦਿਆਲ ਸਭ ਵੇਖਦਾ ਸੀ, ਪਰ ਚੁੱਪ ਰਹਿੰਦਾ ਸੀ। ਉਹ ਸੁਰਜੀਤ ਤੋਂ ਡਰਦਾ ਸੀ ਕਿ ਕਿਤੇ ਉਹ ਜਸਵੀਰ ਨੂੰ ਲੈ ਕੇ ਚਲੀ ਨਾ ਜਾਵੇ। ਉਹ ਚੁੱਪ ਹੀ ਸਿਮਰਨ ਦਾ ਸਭ ਤੋਂ ਵੱਡਾ ਦੁਸ਼ਮਣ ਬਣ ਗਈ।

ਸਿਮਰਨ ਰਾਤ ਨੂੰ ਆਪਣੀ ਮਾਂ ਦੀ ਚੁੰਨੀ ਨੂੰ ਜੱਫੀ ਪਾ ਕੇ ਰੋਂਦੀ ਰਹਿੰਦੀ, "ਬੇਬੇ, ਮੈਨੂੰ ਵੀ ਲੈ ਜਾ...।"

ਸਿਮਰਨ 14 ਸਾਲ ਦੀ ਹੋ ਗਈ। ਪਿੰਡ ਵਿੱਚ ਮੇਲਾ ਲੱਗਾ। ਜਸਵੀਰ ਲਈ ਨਵੇਂ ਕੱਪੜੇ, ਨਵੇਂ ਬੂਟ ਆਏ। ਸਿਮਰਨ ਨੇ ਹੌਲੀ ਜਿਹੀ ਕਿਹਾ, "ਬਾਪੂ, ਮੇਰੀ ਚੱਪਲ ਟੁੱਟ ਗਈ।"

ਸੁਰਜੀਤ ਨੇ ਸਭ ਦੇ ਸਾਹਮਣੇ ਉਸਦੀ ਚੁੰਨੀ ਖਿੱਚੀ, "ਏਹਦੀ ਚੱਪਲ ਵੇਖੋ! ਇਹਨੂੰ ਸੋਨੇ ਦੇ ਬੂਟ ਲੈ ਦਈਏ? ਸੌਤੇਲੀ ਨੂੰ ਜਿੰਨਾ ਮਰਜ਼ੀ ਦੇ ਦਿਓ, ਖ਼ੂਨ ਤਾਂ ਪਰਾਇਆ ਹੀ ਰਹਿੰਦਾ।"

ਉਸ ਦਿਨ ਸਿਮਰਨ ਨੰਗੇ ਪੈਰੀਂ ਸਾਰਾ ਦਿਨ ਖੇਤਾਂ ਵਿੱਚ ਕੰਮ ਕਰਦੀ ਰਹੀ। ਉਸਦੇ ਪੈਰਾਂ ਵਿੱਚ ਛਾਲੇ ਪੈ ਗਏ, ਪਰ ਕਿਸੇ ਨੇ ਨਾ ਪੁੱਛਿਆ। ਪਿੰਡ ਦੀ ਸਰਕਾਰੀ ਸਕੂਲ ਦੀ ਮੈਡਮ, ਬਲਜੀਤ ਕੌਰ, ਇਹ ਸਭ ਵੇਖਦੀ ਸੀ। ਉਸਨੇ ਇੱਕ ਦਿਨ ਸਿਮਰਨ ਨੂੰ ਰੋਕਿਆ, "ਪੁੱਤ, ਤੂੰ ਸਕੂਲ ਕਿਉਂ ਨਹੀਂ ਆਉਂਦੀ?"

ਸਿਮਰਨ ਕੁਝ ਨਾ ਬੋਲੀ, ਬਸ ਆਪਣੇ ਸੜੇ ਹੋਏ ਹੱਥ ਲੁਕਾ ਲਏ। ਪਰ ਮੈਡਮ ਸਮਝ ਗਈ।

ਸੁਰਜੀਤ ਨੇ 15 ਸਾਲ ਦੀ ਸਿਮਰਨ ਦਾ ਰਿਸ਼ਤਾ 40 ਸਾਲ ਦੇ ਸ਼ਰਾਬੀ ਆਦਮੀ ਨਾਲ ਤੈਅ ਕਰ ਦਿੱਤਾ, ਸਿਰਫ 50 ਹਜ਼ਾਰ ਰੁਪਏ ਦੇ ਲਾਲਚ ਵਿੱਚ।

"ਚਲ ਛੁੱਟੂ ਤੇਰੇ ਤੋਂ, ਬੋਝ ਲੱਥੂ," ਉਸਨੇ ਕਿਹਾ।

ਉਸ ਰਾਤ ਸਿਮਰਨ ਨੇ ਪਹਿਲੀ ਵਾਰ ਮਾਂ ਦੀ ਚੁੰਨੀ ਨੂੰ ਸਿਰ 'ਤੇ ਨਹੀਂ, ਕਮਰ 'ਤੇ ਬੰਨ੍ਹਿਆ। ਉਹ ਭੱਜੀ ਨਹੀਂ, ਸਿੱਧਾ ਮੈਡਮ ਬਲਜੀਤ ਕੌਰ ਦੇ ਘਰ ਗਈ।

ਮੈਡਮ ਨੇ ਉਸਨੂੰ ਪੁਲਿਸ ਨਹੀਂ, ਚਾਈਲਡ ਹੈਲਪਲਾਈਨ ਤੇ ਬਾਲ ਭਲਾਈ ਕਮੇਟੀ ਨਾਲ ਮਿਲਾਇਆ। ਅਗਲੇ ਦਿਨ ਪਿੰਡ ਵਿੱਚ ਪੁਲਿਸ ਤੇ ਅਫਸਰ ਆਏ। ਗੁਰਦਿਆਲ ਦੀਆਂ ਅੱਖਾਂ ਪਹਿਲੀ ਵਾਰ ਖੁੱਲ੍ਹੀਆਂ ਜਦੋਂ ਉਸਨੇ ਆਪਣੀ ਧੀ ਦੇ ਸਰੀਰ 'ਤੇ ਨੀਲ ਦੇਖੇ।

ਗੁਰਦਿਆਲ ਫੁੱਟ-ਫੁੱਟ ਕੇ ਰੋ ਪਿਆ, "ਮੈਂ ਪਿਓ ਨਹੀਂ, ਕਸਾਈ ਹਾਂ... ਮੈਂ ਆਪਣੀ ਧੀ ਨੂੰ ਮਰਨ ਲਈ ਛੱਡ ਦਿੱਤਾ।"

ਸੁਰਜੀਤ ਨੂੰ ਬਾਲ ਮਜ਼ਦੂਰੀ ਤੇ ਕੁੱਟਮਾਰ ਦੇ ਜੁਰਮ ਵਿੱਚ ਚੇਤਾਵਨੀ ਤੇ ਕਾਰਵਾਈ ਹੋਈ। ਗੁਰਦਿਆਲ ਨੇ ਉਸਨੂੰ ਘਰੋਂ ਕੱਢ ਦਿੱਤਾ।

ਭਾਗ 5 – ਸੌਤੇਲੀ ਨਹੀਂ, ਧੀ

5 ਸਾਲ ਬਾਅਦ...

ਉਹੀ ਵਿਹੜਾ। ਸਿਮਰਨ ਹੁਣ 20 ਸਾਲ ਦੀ, ਆਪਣੀ ਮੈਡਮ ਦੀ ਮਦਦ ਨਾਲ ਨਰਸਿੰਗ ਦੀ ਪੜ੍ਹਾਈ ਕਰ ਰਹੀ ਏ। ਉਹ ਸਵੇਰੇ ਹਸਪਤਾਲ ਜਾਂਦੀ ਏ, ਸ਼ਾਮ ਨੂੰ ਪਿਓ ਦੀ ਰੋਟੀ ਬਣਾਉਂਦੀ ਏ।

ਉਸਨੇ ਆਪਣੀ ਮਾਂ ਦੀ ਉਹ ਪੁਰਾਣੀ ਚੁੰਨੀ ਹੁਣ ਇੱਕ ਛੋਟੀ ਜਿਹੀ ਬੱਚੀ ਦੇ ਸਿਰ 'ਤੇ ਬੰਨ੍ਹੀ ਹੋਈ ਏ-ਉਹ ਬੱਚੀ ਜਿਸਨੂੰ ਉਹ ਹਸਪਤਾਲੋਂ ਗੋਦ ਲੈ ਕੇ ਆਈ ਏ, ਜਿਸਨੂੰ ਉਸਦੀ ਸੌਤੇਲੀ ਮਾਂ ਨੇ ਕੂੜੇ 'ਤੇ ਸੁੱਟ ਦਿੱਤਾ ਸੀ।

ਗੁਰਦਿਆਲ ਪੁੱਛਦਾ ਏ, "ਪੁੱਤ, ਇਹ ਕੌਣ ਏ?"

ਸਿਮਰਨ ਮੁਸਕਰਾ ਕੇ ਕਹਿੰਦੀ ਏ, "ਬਾਪੂ, ਇਹ ਮੇਰੀ ਧੀ ਏ। ਤੇ ਯਾਦ ਰੱਖੀਂ, ਧੀ ਕਦੇ ਸੌਤੇਲੀ ਨਹੀਂ ਹੁੰਦੀ... ਸੌਤੇਲੀ ਤਾਂ ਸੋਚ ਹੁੰਦੀ ਏ।" ਉਹ ਬੱਚੀ ਨੂੰ ਗੋਦ ਵਿੱਚ ਚੁੱਕ ਕੇ ਲੋਰੀ ਦਿੰਦੀ ਏ, ਉਹੀ ਲੋਰੀ ਜੋ ਉਸਦੀ ਮਾਂ ਉਸਨੂੰ ਦਿੰਦੀ ਸੀ।



# ਧਰਤੀ ਤੇ ਵੱਸਦਾ ਸਵਰਗ ਹੈ- ਸਿਆਟਲ ਸ਼ਹਿਰ

## "ਸਿਆਟਲ ਦਾ ਮਿਊਜ਼ੀਅਮ ਆਫ ਫਲਾਈਟ" ਹੈ ਮੁੱਖ ਖਿੱਚ ਦਾ ਕੇਂਦਰ, ਪੰਜਾਬੀਆਂ ਦੀ ਵੀ ਸਿਆਟਲ ਵਿਚ ਹੈ ਪਹਿਚਾਣ ਵੱਖਰੀ








ਜਗਰੂਪ ਸਿੰਘ ਜਰਖੜ ਦੀ ਵਿਸ਼ੇਸ਼ ਰਿਪੋਰਟ

ਮੇਰੀ 2026 ਦੀ ਅਮਰੀਕਾ ਫੇਰੀ ਦੌਰਾਨ ਮੈਨੂੰ ਸਿਆਟਲ ਬਾਰੇ ਕੁਝ ਜਾਨਣ ਦਾ ਮੌਕਾ ਮਿਲਿਆ ਉਹ ਇਹ ਕਿ ਅਮਰੀਕਾ ਦੇ ਉੱਤਰ ਦਿਸ਼ਾ ਵੱਲ੍ਹ ਸਥਿਤ ਸਿਆਟਲ ਸ਼ਹਿਰ ਹਰੇਵਾਈ ਅਤੇ ਤਕਨੀਕ, ਵਪਾਰਕ ਪੱਖੋਂ ਦੁਨੀਆ ਦਾ ਇਕ ਅਜੂਬਾ ਹੈ। 45 ਤੋਂ 50 ਲੱਖ ਦੀ ਅਬਾਦੀ ਵਾਲਾ ਸਿਆਟਲ ਸ਼ਹਿਰ ਪਹਾੜਾਂ, ਦਰੱਖਤਾਂ ਅਤੇ ਸਮੁੰਦਰ ਦੇ ਵਿਚ ਘਿਰਿਆ ਹੋਇਆ ਅਮਰੀਕਾ ਦੇ ਵੱਡੇ 15 ਸ਼ਹਿਰਾਂ 'ਚੋਂ ਇੱਕ ਹੈ। ਕੈਨੇਡਾ ਦੇ ਵੈਨਕੂਵਰ ਬਾਰਡਰ ਤੋਂ 100 ਕਿਲੋਮੀਟਰ ਦੂਰੀ 'ਤੇ 217 ਕਿਲੋਮੀਟਰ ਦੇ ਖੇਤਰ ਵਿਚ ਵਸਿਆ ਸਿਆਟਲ ਸ਼ਹਿਰ ਅੱਜ ਤੋਂ ਕਰੀਬ 4 ਹਜ਼ਾਰ ਸਾਲ ਪਹਿਲਾਂ ਅਮਰੀਕਨ ਮੂਲ ਦੇ ਲੋਕਾਂ ਨੇ ਵਸਾਇਆ ਸੀ ਅਤੇ ਫਿਰ ਇਥੇ ਯੂਰਪੀਅਨ ਲੋਕ ਆ ਕੇ ਵਸੇ। ਇਸ ਵੇਲੇ 65 ਪ੍ਰਤੀਸ਼ਤ ਦੇ ਕਰੀਬ ਯੂਰਪੀਅਨ ਲੋਕ ਅਤੇ 14 ਪ੍ਰਤੀਸ਼ਤ ਦੇ ਕਰੀਬ ਏਸ਼ੀਅਨ ਮਹਾਂਦੀਪ ਦੇ ਲੋਕ ਜਦਕਿ 1 ਪ੍ਰਤੀਸ਼ਤ ਦੇ ਕਰੀਬ ਸਿੱਖ ਭਾਈਚਾਰੇ ਦੇ ਲੋਕ ਵੀ ਵਸਦੇ ਹਨ। ਰੱਬ ਨੂੰ ਘੱਟ ਅਤੇ ਕੁਦਰਤ ਦੀ ਸਾਜੀ ਪ੍ਰਕਿਰਤੀ ਨੂੰ ਵੱਧ ਮੰਨਣ ਵਾਲੇ ਲੋਕ ਵਸਦੇ ਹਨ। 2008 ਦੀ ਮਰਦਮੁਸ਼ਾਰੀ ਮੁਤਾਬਕ ਸਭ ਤੋਂ ਵੱਧ ਪੜ੍ਹੇ ਲਿਖੇ ਅਤੇ ਗ੍ਰੈਜੂਏਟ ਸਿਆਟਲ ਵਿਚੋਂ ਬਣੇ ਹਨ । ਯੂਨੀਵਰਸਿਟੀ ਆਫ ਵਾਸ਼ਿੰਗਟਨ ਸਿਆਟਲ ਦੀ ਪਹਿਚਾਣ ਦੁਨੀਆ ਦੀਆਂ ਪਹਿਲੀਆਂ 11 ਯੂਨੀਵਰਸਿਟਿਆਂ 'ਚ ਹੈ। ਅਮਰੀਕਨ ਫੁਟਬਾਲ ਇਥੋਂ ਦੀ ਹਰਮਨ ਪਿਆਰੀ ਖੇਡ ਹੈ। 2015 'ਚ ਸਿਆਟਲ ਨੇ ਅਮਰੀਕਨ ਫੁਟਬਾਲ 'ਚ ਨੈਸ਼ਨਲ ਚੈਂਪੀਅਨ ਬਣ ਕੇ ਇਤਿਹਾਸ ਸਿਰਜਿਆ। ਇਸਤੋਂ ਇਲਾਵਾ ਬੇਸਬਾਲ, ਸਾਕਰ (ਦੁਨੀਆ ਦੀ ਚਰਚਿੱਤ ਫੁਟਬਾਲ ਖੇਡ), ਬਾਸਕਟਬਾਲ ਆਦਿ ਖੇਡਾਂ ਨੂੰ ਲੋਕ ਵਧੇਰੇ ਖੇਡਦੇ ਅਤੇ ਪਸੰਦ ਕਰਦੇ ਹਨ। ਸਾਲ 2026 ਫੀਫਾ ਵਿਸ਼ਵ ਕੱਪ ਫੁੱਟਬਾਲ ਦੇ 6 ਮੁਕਾਬਲੇ ਸਿਆਟਲ ਦੇ ਫੁੱਟਬਾਲ ਸਟੇਡੀਅਮ ਵਿਖੇ ਖੇਡੇ ਗਏ। ਜਿਸ ਨਾਲ ਅੰਤਰਰਾਸ਼ਟਰੀ ਪੱਧਰ ਤੇ ਸਿਆਟਲ ਦੀ ਮਕਬੂਲੀਅਤ ਹੋਰ ਵਧੀ ਹੈ। ਸਿਆਟਲ 'ਚ 78 ਪ੍ਰਤੀਸ਼ਤ ਲੋਕਾਂ ਵੱਲੋਂ ਅੰਗ੍ਰੇਜੀ ਭਾਸ਼ਾ ਬੋਲੀ ਜਾਂਦੀ ਹੈ ਜਦਕਿ 10 ਪ੍ਰਤੀਸ਼ਤ ਦੇ ਕਰੀਬ ਏਸ਼ੀਅਨ ਮਹਾਂਦੀਪ ਦੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। 1 ਫੀਸਦੀ ਦੇ ਕਰੀਬ ਲੋਕਾਂ ਵਲੋਂ ਇੱਥੇ ਪੰਜਾਬੀ ਭਾਸ਼ਾ ਬੋਲੀ ਜਾਂਦੀ ਹੈ।

### 1994 ਵਿੱਚ ਐਮਾਜ਼ੋਨ ਦੀ ਸਥਾਪਨਾ ਵੀ ਸਿਆਟਲ ਵਿੱਚ ਹੀ ਹੋਈ

ਮੌਸਮ 'ਚ ਜ਼ਿਆਦਾਤਰ ਬਰਸਾਤੀ ਅਤੇ ਬੱਦਲਵਾਈ ਬਣੇ ਰਹਿਣ ਕਾਰਨ ਇਹ ਇਕ ਠੰਢੇ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ। ਮਾਈਕਰੋ ਸਾਫਟ ਕੰਪਨੀ ਦਾ ਮਾਲਕ ਅਤੇ ਦੁਨੀਆ ਦਾ ਸਭ ਤੋਂ ਅਮੀਰ ਆਦਮੀ ਬਿੱਲ ਗੇਟਸ ਵੀ ਇਸੇ ਸ਼ਹਿਰ ਸਿਆਟਲ ਵਿਚ ਹੀ ਰਹਿੰਦਾ ਹੈ। ਇਸਨੂੰ ਜਹਾਜਾਂ ਦੇ ਸ਼ਹਿਰ ਵਜੋਂ ਵੀ ਜਾਣਿਆ ਜਾਂਦਾ ਹੈ। ਦੁਨੀਆ ਦੀ ਚਰਚਿਤ ਬੋਇੰਗ ਕੰਪਨੀ ਦੇ ਸਾਰੇ ਜਹਾਜ਼ ਸਿਆਟਲ ਵਿਖੇ ਬਣਦੇ ਹਨ। ਦੁਨੀਆ ਦੀ ਆਨਲਾਈਨ ਰਿਟੇਲਰ ਕੰਪਨੀ 'ਐਮਾਜ਼ਾਨ' ਦੀ ਸਥਾਪਨਾ ਵੀ 1994 ਵਿਚ ਸਿਆਟਲ ਵਿਖੇ ਹੀ ਹੋਈ। ਜਿਸ ਨਾਲ ਆਧੁਨਿਕ ਤਕਨੀਕ ਦਾ ਦੁਨੀਆ ਵਿਚ ਫਲਾਅ ਹੋਇਆ। ਸਾਫਟਵੇਅਰਾਂ ਅਤੇ ਇੰਟਰਨੈੱਟ ਕੰਪਨੀਆਂ ਦੇ ਆਉਣ ਨਾਲ ਸਿਆਟਲ ਦੁਨੀਆ ਦਾ ਇਕ ਵੱਡਾ ਵਪਾਰਕ ਸ਼ਹਿਰ ਬਣ ਗਿਆ। ਜਿਸ ਕਰਕੇ ਇਸਦੀ ਅਬਾਦੀ ਵਿਚ ਦਿਨੋ ਦਿਨ ਵੱਡੇ ਪੱਧਰ 'ਤੇ ਵਾਧਾ ਹੋ ਰਿਹਾ ਹੈ। ਦੁਨੀਆ ਦੇ ਅਗਾਂਹਵਧੂ ਅਤੇ ਤਰੱਕੀ ਪਸੰਦ ਲੋਕ ਸਿਆਟਲ ਵਿਚ ਆ ਕੇ ਵਸ ਰਹੇ ਹਨ।

### 'ਮਿਊਜ਼ਿਅਮ ਆਫ ਫਲਾਈਟ' ਵੱਡੀ ਖਿੱਚ ਦਾ ਕੇਂਦਰ

ਏਅਰ ਅਤੇ ਪੁਲਾੜ ਦੀ ਪਹਿਚਾਣ ਵਜੋਂ ਮਿਊਜ਼ਿਮ ਆਫ ਫਲਾਈਟ ਸਿਆਟਲ ਵਿਚ ਆਉਣ ਵਾਲੇ ਸੈਲਾਨੀਆਂ ਲਈ ਇਕ ਵੱਡੀ ਖਿੱਚ ਦਾ ਕੇਂਦਰ ਹੈ। ਇਸ ਮਿਊਜ਼ਿਅਮ ਵਿਚ 20ਵੀਂ ਸਦੀ ਦੇ ਮੁੱਢਲੇ ਬਣੇ ਜਹਾਜ਼ਾਂ ਤੋਂ ਲੈ ਕੇ ਹੁਣ ਤੱਕ ਦੇ ਆਧੁਨਿਕ ਤਕਨੀਕ ਵਾਲੇ ਜਹਾਜ਼ਾਂ ਦੇ ਦਿਲ ਖਿੱਚਵੇਂ ਮਾਡਲ ਖੜ੍ਹੇ ਹਨ । ਜਿਨ੍ਹਾਂ ਨੂੰ ਦੇਖ ਕੇ ਇਹ ਪਤਾ ਲੱਗਦਾ ਹੈ ਕਿ ਤਕਨੀਕ ਕਿਥੋਂ ਚੱਲ ਕੇ ਕਿਥੇ ਤੱਕ ਪਹੁੰਚ ਗਈ ਹੈ। ਇਸ ਤੋਂ ਇਲਾਵਾ ਪਹਿਲਾ ਵਿਸ਼ਵ ਯੁੱਧ 1914 ਤੋਂ ਲੈ ਕੇ 1918 ਵਿਚ ਅਤੇ ਦੂਸਰਾ ਵਿਸ਼ਵ ਯੁੱਧ 1942 ਤੋਂ ਲੈ ਕੇ 1946 ਤੱਕ ਵਰਤਿਆ ਗਿਆ ਜੰਗੀ ਸਮਾਨ ਜਹਾਜ਼, ਪਹਿਲਾ ਫਾਈਟਰ ਪਲੇਨ, ਅਤੇ ਹੋਰ ਇਤਿਹਾਸਕ ਵਸਤਾਂ ਦਾ ਨਜ਼ਾਰਾ ਤੇ ਗਿਆਨ ਵਿੱਚ ਵਾਧਾ ਤਾਂ ਦੇਖਿਆਂ ਹੀ ਮਿਲਦਾ ਹੈ। ਬੋਇੰਗ ਕੰਪਨੀ ਇੱਕ ਨਵੇਂ ਜਹਾਜ਼ ਨੂੰ 6 ਦਿਨ ਵਿੱਚ ਤਿਆਰ ਕਰ ਦਿੰਦੀ ਹੈ । ਇਸ ਇਤਿਹਾਸਕ ਸ਼ਹਿਰ ਨੇ ਵੱਡੇ ਉਤਰਾਅ ਚੜ੍ਹਾਅ ਵੀ ਝੱਲੇ ਹਨ। ਪਹਿਲੇ ਵਿਸ਼ਵ ਯੁੱਧ ਮੌਕੇ ਵੱਡੇ ਪੱਧਰ 'ਤੇ ਆਰਥਿਕ ਨੁਕਸਾਨ ਸਿਆਟਲ ਨੇ ਝੱਲਿਆ ਜਿਸਨੂੰ ਗਰੀਬੀ, ਬੇਰੁਜ਼ਗਾਰੀ ਅਤੇ ਹੋਰ ਆਫਤਾਂ ਦਾ ਸਾਹਮਣਾ ਵੀ ਕਰਨਾ ਪਿਆ। 1970 'ਚ ਬੋਇੰਗ ਕੰਪਨੀ ਨੇ ਇਸਨੂੰ ਆਰਥਿਕ ਤੌਰ 'ਤੇ ਮਜਬੂਤ ਕਰਨ ਲਈ ਵਿੱਤੀ ਸਹਾਇਤਾ ਦਿੱਤੀ । ਜਿਸ ਨਾਲ ਇਹ ਸ਼ਹਿਰ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਹੋਇਆ। ਇਸੇ ਵਜ੍ਹਾ ਕਰਕੇ ਅੱਜ ਦੀ ਘੜੀ ਸੁੰਦਰਤਾ , ਆਰਥਿਕਤਾ ਅਤੇ ਵਪਾਰ ਪੱਖੋਂ ਦੁਨੀਆ ਦਾ ਅਜੂਬਾ ਬਣ ਗਿਆ ਹੈ।

### ਇੱਕ ਅਜੂਬਾ ਹੋਰ ਸਿਆਟਲ ਵਿਚ, ਸਪੇਸ ਨੀਡਲ ਟਾਵਰ

ਦੁਨੀਆ ਦੇ 7 ਅਜੂਬਿਆਂ 'ਚ ਆਪਣੀ ਪਹਿਚਾਣ ਰੱਖਣ ਵਾਲਾ 184 ਮੀਟਰ ਉੱਚਾ ਸਪੇਸ ਨੀਡਲ ਟਾਵਰ ਪੇਰਿਸ ਦੇ ਫਰਾਂਸ ਸ਼ਹਿਰ ਦੇ ਆਈਫਲ ਟਾਵਰ ਦੀ ਤਰ੍ਹਾਂ ਆਪਣੀ ਵੱਖਰੀ ਖਿੱਚ ਦਰਸਾਉਂਦਾ ਹੈ। ਸਟਾਰਬਕਸ ਕੌਫੀ ਦੀ ਵੀ ਸ਼ੁਰੂਆਤ ਸਿਆਟਲ ਤੋਂ ਹੀ ਹੋਈ। ਸਟਾਰਬਕਸ ਕੌਫੀ ਦੀ ਪਹਿਲੀ ਦੁਕਾਨ ਅੱਜ ਵੀ ਡਾਊਨ ਟਾਊਨ ਸਿਆਟਲ ਵਿੱਚ ਮੌਜੂਦ ਹੈ । ਜਿੱਥੇ ਕੌਫ਼ੀ ਪੀਣ ਲਈ ਅੱਜ ਵੀ ਲੋਕਾਂ ਦੀ ਵੱਡੀ ਭੀੜ ਜੁੜਦੀ ਹੈ । ਸਿਆਟਲ ਸ਼ਹਿਰ ਦਾ ਸਾਰਾ ਢਾਂਚਾ ਉਥੋਂ ਦੇ ਮੇਅਰ ਦੀ ਨਿਗਰਾਨੀ ਹੇਠ ਚਲਦਾ ਹੈ। ਇਥੇ ਦੋ ਪਾਰਟੀ ਰਾਜਨੀਤਿਕ ਸਿਸਟਮ ਡੈਮੋਕਰੇਟਿਕ ਅਤੇ ਰਿਪਬਲਿਕ ਪਾਰਟੀਆਂ ਦਾ ਹੈ। ਵਧੇਰੇ ਰਾਜਨਿਤਿਕ ਦਬਦਬਾ ਡੈਮੋਕਰੇਟਿਕ ਪਾਰਟੀ ਦਾ ਹੈ। 2012 ਦੀਆਂ ਆਮ ਚੋਣਾਂ 'ਚ ਉਸ ਵੇਲੇ ਚੁਣੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ 80 ਪ੍ਰਤੀਸ਼ਤ ਵੋਟ ਸਿਆਟਲ ਸ਼ਹਿਰ 'ਚੋਂ ਲੋਕਾਂ ਨੇ ਪਾਈ ਸੀ। ਜੋ ਕਿ ਇਕ ਰਾਜਨੀਤਿਕ ਰਿਕਾਰਡ ਹੈ।, 1926 ਵਿਚ ਬਰਥਾ ਨਾਈਟ ਲੈਂਡਿਸ ਪਹਿਲੀ ਮਹਿਲਾ ਸੀ ਜਿਸਨੂੰ ਮੇਅਰ ਬਣਨ ਦਾ ਮਾਣ ਹਾਸਲ ਹੋਇਆ, ਜਦਕਿ ਭਾਰਤ ਦੀ ਪਹਿਲੀ ਮਹਿਲਾ ਪ੍ਰੋਮਿਲਾ ਜੈਪਾਲ ਨੂੰ ਇਥੋਂ ਦੀ ਕਾਂਗਰਸ ਮੈਂਬਰ ਬਣਨ ਦਾ ਮਾਣ ਹਾਸਲ ਹੋਇਆ।

### ਸਿਆਟਲ ਵਿਚ ਪੰਜਾਬੀਆਂ ਦੀ ਪਹਿਚਾਣ ਵੱਖਰੀ

ਸਿਆਟਲ ਸ਼ਹਿਰ 'ਚ ਜਿਥੇ ਯੂਰਪੀਅਨ ਲੋਕਾਂ ਦਾ ਪੂਰੀ ਤਰ੍ਹਾਂ ਦਬਦਬਾ ਹੈ ਉਥੇ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨਾਲ ਸਬੰਧਤ ਇੱਕ ਲੱਖ ਤੋਂ ਵੱਧ ਲੋਕ ਸਿਆਟਲ ਵਿੱਚ ਰਹਿੰਦੇ ਹਨ। ਮਾਣ ਵਾਲੀ ਗੱਲ ਹੈ ਕਿ ਗੁਰੂ ਨਾਨਕ ਦੇਵ ਇੰਜੀਨੀਅਰ ਕਾਲਜ ਲੁਧਿਆਣਾ ਦੇ 1980ਵੇਂ ਦਹਾਕੇ ਦੇ ਪਾਸ ਆਉਟ ਵਿਦਿਆਰਥੀ ਵੱਡੀ ਗਿਣਤੀ ਵਿਚ ਬੋਇੰਗ ਕੰਪਨੀ 'ਚ ਉੱਚੀਆਂ ਪੋਸਟਾਂ 'ਤੇ ਨੌਕਰੀ ਕਰਦੇ ਹਨ। ਹਰਸਿਮਰਤ ਸਿੰਘ ਚਾਹਿਲ ਦੀ ਬੋਇੰਗ ਕੰਪਨੀ ਵਿੱਚ ਆਪਣੀ ਵਿਲੱਖਣ ਪਹਿਚਾਣ ਹੈ। ਸਿੱਖਾਂ ਦੀ ਆਮਦ 1900 ਦੇ ਕਰੀਬ ਗੋਰਿਆਂ ਦੀ ਆਰਮੀ ਰਾਹੀਂ ਐਬਸਫੋਰਡ ਤੇ ਵੈਨਕੂਵਰ ਤੋਂ ਸਿਆਟਲ ਵਿਚ ਹੋਈ। 1947 ਭਾਰਤ ਦੀ ਵੰਡ ਤੋਂ ਬਾਅਦ ਕਾਫੀ ਸਿੱਖ ਪਰਿਵਾਰ ਸਿਆਟਲ 'ਚ ਆ ਕੇ ਵਸੇ। ਪਰ 1984 ਦਰਬਾਰ ਸਾਹਿਬ ਹਮਲੇ ਤੋਂ ਬਾਅਦ ਸਿੱਖਾਂ ਦੀ ਅਤੇ ਪੰਜਾਬੀਆਂ ਦੀ ਇੱਥੇ ਆਉਣ ਦੀ ਇਕ ਲਹਿਰ ਬਣ ਗਈ। ਜ਼ਿਆਦਾਤਰ ਪੰਜਾਬੀ ਟਰੱਕਾਂ, ਸਟੋਰਾਂ ਅਤੇ ਗੈਸ ਸਟੇਸ਼ਨਾਂ ਆਦਿ 'ਤੇ ਆਪਣੀਆਂ ਨੌਕਰੀਆਂ ਕਰਦੇ ਹਨ ਅਤੇ ਬਹੁਤ ਥੋੜ੍ਹਿਆਂ ਨੇ ਆਪਣੇ ਨਿੱਜੀ ਵਪਾਰ 'ਚ ਪੈਸਾ ਨਿਵੇਸ਼ ਕੀਤਾ ਹੋਇਆ ਹੈ। ਸਿਆਟਲ ਦੀ 50 ਲੱਖ ਦੀ ਵਸੋਂ ਵਿਚੋਂ 5 ਲੱਖ ਦੇ ਕਰੀਬ ਲੋਕਾਂ ਨੂੰ ਸਿੱਖੀ ਬਾਰੇ ਜਾਣਕਾਰੀ ਤੋਂ ਇਲਾਵਾ ਬਹੁਤ ਸ਼ਰਧਾ ਤੇ ਯਕੀਨ ਹੈ। ਇਥੇ ਬਣੇ 'ਵਿੰਗ ਲੂਕ ਏਸ਼ੀਅਨ ਮਿਊਜ਼ੀਅਮ' 'ਚ ਸਿੱਖ ਇਤਿਹਾਸ ਬਾਰੇ ਵਧੀਆ ਜਾਣਕਾਰੀ ਦਿੱਤੀ ਜਾਂਦੀ ਹੈ। ਸਿਆਟਲ 'ਚ ਇੱਕ ਦਰਜਨ ਦੇ ਕਰੀਬ ਗੁਰਦੁਆਰੇ ਹਨ। ਜਦਕਿ ਮੁੱਖ ਗੁਰਦੁਆਰਾ ਸਿੰਘ ਸਭਾ ਗੁਰੂ ਘਰ ਰਿੰਟਨ ਵਿਖੇ ਬਣਿਆ ਹੋਇਆ ਹੈ। ਜਿਥੇ ਹਰ ਐਤਵਾਰ ਅਤੇ ਹੋਰ ਇਤਿਹਾਸਕ ਦਿਨਾਂ ਨੂੰ ਲੋਕ ਵੱਡੀ ਗਿਣਤੀ ਵਿਚ ਨਤਮਸਤਕ ਹੁੰਦੇ ਹਨ। ਇਸਤੋਂ ਇਲਾਵਾ ਪੰਜਾਬੀਆਂ ਵੱਲੋਂ ਖੇਡ ਗਤੀਵਿਧੀਆਂ ਹਰ ਸਾਲ ਵਧੀਆ ਤਰੀਕੇ ਨਾਲ ਚਲਾਈਆਂ ਜਾਂਦੀਆਂ ਹਨ। ਕਬੱਡੀ ਕੱਪ ਅਤੇ ਹੋਰ ਖੇਡਾਂ ਤੋਂ ਇਲਾਵਾ ਪੰਜਾਬੀ ਬੱਚਿਆਂ ਲਈ ਕੋਚਿੰਗ ਕੈਂਪ ਵੀ ਸਿੱਖ ਭਾਈਚਾਰੇ ਵੱਲੋਂ ਲਗਵਾਏ ਜਾਂਦੇ ਹਨ। ਪੰਜਾਬ ਸਪੋਰਟਸ ਸਿਆਟਲ ਕਬੱਡੀ ਕਲੱਬ ਦਾ ਵੀ ਅਮਰੀਕਾ, ਕੈਨੇਡਾ ਦੀ ਕਬੱਡੀ ਵਿਚ ਪੂਰੀ ਤਰ੍ਹਾਂ ਜੇਤੂ ਦਬਦਬਾ ਰਿਹਾ ਹੈ। ਮਨਮੋਹਨ ਗਰੇਵਾਲ ਉਰਫ਼ ਮੋਹਣਾਂ ਜੋਧਾਂ ਅਤੇ ਉਨ੍ਹਾਂ ਦੀ ਪੂਰੀ ਟੀਮ ਆਪਣਾ ਤਨ ਮਨ ਧਨ ਕਬੱਡੀ ਕਲੱਬ ਦੇ ਲੇਖੇ ਲਾਉਂਦੇ ਹਨ , ਸਿਆਟਲ ਵੱਸਦੇ ਗੀਤਕਾਰ ਮਨਜੀਤ ਚਾਹਲ ਕਣਕਵਾਲ ਅਤੇ ਉੱਘੇ ਲੇਖਕ ਕਰਨੈਲ ਕੈਲ ਦੀਆਂ ਲਿਖਤਾਂ ਵੀ ਕਾਬਲੇ ਤਰੀਫ ਹੋਣ ਕਾਰਨ ਪੰਜਾਬੀਆਂ ਦਾ ਮਾਣ ਦੁਨੀਆਂ ਚ ਵਧਾ ਰਹੀਆਂ ਹਨ। ਅਸਲ ਸੱਚ ਇਹ ਹੈ ਕਿ ਜੇਕਰ ਕਿਸੇ ਨੇ ਜਿਉਂਦੇ ਜੀਅ ਧਰਤੀ ਤੇ ਵੱਸਦਾ ਸਵਰਗ ਦੇਖਣਾ ਹੋਵੇ ਤਾਂ ਉਹ ਸਵਿਟਜ਼ਰਲੈਂਡ ਤੋਂ ਬਾਅਦ ਸਿਆਟਲ ਸ਼ਹਿਰ ਵਿੱਚੋਂ ਹੀ ਮਿਲਦਾ ਹੈ। ਗੁਰੂ ਰਹਿਮਤ ਕਰੇ, ਸਿਆਟਲ ਸ਼ਹਿਰ ਹੋਰ ਤਰੱਕੀਆਂ ਕਰੇ, ਪੰਜਾਬੀ ਆਪਣੀ ਵਿਲੱਖਣ ਪਹਿਚਾਣ ਬਣਾਉਣ। ਰੱਬ ਰਾਖਾ !

ਜਗਰੂਪ ਸਿੰਘ ਜਰਖੜ, ਖੇਡ ਲੇਖਕ
ਫੋਨ : +91-9814300722









# ਮੁੱਕੇਬਾਜ਼ੀ ਦੀ ਹਨੇਰੀ, ਜੂਡੋ ਦਾ ਸ਼ਾਨਦਾਰ ਪ੍ਰਦਰਸ਼ਨ



ਭਾਰਤ ਨੇ ਕਈ ਰਵਾਇਤੀ ਤਗ਼ਮਾ ਜੇਤੂ ਖੇਡਾਂ ਦੇ ਗੈਰ-ਹਾਜ਼ਰ ਹੋਣ ਦੇ ਬਾਵਜੂਦ 2026 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਆਸ ਨਾਲੋਂ ਵਧ ਕੇ ਪ੍ਰਦਰਸ਼ਨ ਕੀਤਾ। ਮੁੱਕੇਬਾਜ਼ੀ ਵਿੱਚ ਰਿਕਾਰਡ ਤੋੜ ਮੁਹਿੰਮ, ਜੂਡੋ ਵਿੱਚ ਇਤਿਹਾਸਕ ਪ੍ਰਦਰਸ਼ਨ ਅਤੇ ਪੈਰਾ ਐਥਲੀਟਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੇ ਜ਼ੋਰ 'ਤੇ ਭਾਰਤ 39 ਤਗ਼ਮਿਆਂ ਨਾਲ ਚੌਥੇ ਸਥਾਨ 'ਤੇ ਰਿਹਾ। ਇਨ੍ਹਾਂ ਗੇਮਜ਼ ਵਿੱਚ ਖੇਡਾਂ ਦੀ ਗਿਣਤੀ ਘਟਾ ਕੇ ਸਿਰਫ਼ 10 ਕਰ ਦਿੱਤੇ ਜਾਣ ਕਾਰਨ ਕੁਸ਼ਤੀ, ਨਿਸ਼ਾਨੇਬਾਜ਼ੀ (ਸ਼ੂਟਿੰਗ), ਬੈਡਮਿੰਟਨ ਅਤੇ ਹਾਕੀ ਨੂੰ ਬਾਹਰ ਰੱਖਿਆ ਗਿਆ ਸੀ, ਜਿਸ ਨਾਲ ਖੇਡਾਂ ਸ਼ੁਰੂ ਹੋਣ ਤੋਂ ਪਹਿਲਾਂ ਚੋਟੀ ਦੇ ਪੰਜ ਵਿੱਚ ਭਾਰਤ ਦੇ ਰਹਿਣ ਦੀ ਸੰਭਾਵਨਾ ਘੱਟ ਜਾਪ ਰਹੀ ਸੀ; ਹਾਲਾਂਕਿ 122 ਮੈਂਬਰੀ ਭਾਰਤੀ ਦਲ 13 ਸੋਨੇ, 17 ਚਾਂਦੀ ਅਤੇ 9 ਕਾਂਸੀ ਦੇ ਤਗ਼ਮਿਆਂ ਨਾਲ ਵਾਪਸ ਪਰਤਿਆ, ਜਿਸ ਨੇ ਰਵਾਇਤੀ ਤਾਕਤਾਂ ਤੋਂ ਇਲਾਵਾ ਦੇਸ਼ ਵਿੱਚ ਖੇਡਾਂ ਦੇ ਵਧਦੇ ਦਾਇਰੇ ਨੂੰ ਉਜਾਗਰ ਕੀਤਾ ਹੈ।

ਤਗ਼ਮੇ ਜਿੱਤਣ ਵਿੱਚ ਮੁੱਕੇਬਾਜ਼ੀ ਸਭ ਤੋਂ ਅੱਗੇ ਰਹੀ। ਭਾਰਤੀ ਮੁੱਕੇਬਾਜ਼ਾਂ ਨੇ ਆਪਣੀ ਹੁਣ ਤੱਕ ਦੀ ਸਭ ਤੋਂ ਵਧੀਆ ਰਾਸ਼ਟਰਮੰਡਲ ਖੇਡਾਂ ਦੀ ਮੁਹਿੰਮ ਪੇਸ਼ ਕੀਤੀ, ਜਿਸ ਵਿੱਚ ਉਨ੍ਹਾਂ ਨੇ ਰਿਕਾਰਡ ਸੱਤ ਸੋਨ ਤਗ਼ਮੇ ਅਤੇ ਕੁੱਲ 10 ਤਗ਼ਮੇ ਹਾਸਲ ਕੀਤੇ। ਜੂਡੋ ਇੱਕ ਹੋਰ ਵੱਡਾ ਸਕਾਰਾਤਮਕ ਪੱਖ ਰਿਹਾ। ਲੰਮੇ ਸਮੇਂ ਤੋਂ ਹਾਸ਼ੀਏ ਦੀ ਤਗ਼ਮਾ ਜੇਤੂ ਖੇਡ ਮੰਨੇ ਜਾਣ ਵਾਲੇ ਜੂਡੋ ਨੇ ਭਾਰਤ ਦਾ ਹੁਣ ਤੱਕ ਦਾ ਸਭ ਤੋਂ ਵਧੀਆ ਰਾਸ਼ਟਰਮੰਡਲ ਖੇਡ ਪ੍ਰਦਰਸ਼ਨ ਦਿੱਤਾ। ਅਸਮਿਤਾ ਡੇਅ ਦਾ ਸੋਨ ਤਗ਼ਮਾ ਜੋ ਉਸ ਨੇ ਆਪਣੇ ਪਿਤਾ ਦੀ ਮੌਤ ਤੋਂ ਕੁਝ ਮਹੀਨਿਆਂ ਬਾਅਦ ਜਿੱਤਿਆ ਅਤੇ ਹਰਸ਼ ਸਿੰਘ ਦਾ ਖਿਤਾਬ, ਉਸ ਸਥਿਰ ਤਰੱਕੀ ਨੂੰ ਦਰਸਾਉਂਦਾ ਹੈ ਜੋ ਇਸ ਖੇਡ ਨੇ ਪਿਛਲੇ ਕੁਝ ਸਾਲਾਂ ਵਿੱਚ ਕੀਤੀ ਹੈ। ਇਸ ਤੋਂ ਇਲਾਵਾ ਪੈਰਾ ਸਪੋਰਟਸ ਦਾ ਉੱਪਰ ਵੱਲ ਸਫ਼ਰ ਜਾਰੀ ਰਿਹਾ। ਪਾਵਰਲਿਫਟਿੰਗ ਤੋਂ ਲੈ ਕੇ ਐਥਲੈਟਿਕਸ ਤੱਕ, ਭਾਰਤੀ ਪੈਰਾ ਐਥਲੀਟਾਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਹਾਲ ਹੀ ਦੇ ਪੈਰਾਲੰਪਿਕ ਵਿੱਚ ਉਨ੍ਹਾਂ ਦੀ ਸਫਲਤਾ ਕੋਈ ਤੁੱਕ ਨਹੀਂ ਸੀ। ਦੇਖਿਆ ਜਾਵੇ ਤਾਂ ਐਥਲੈਟਿਕਸ ਨੇ ਰਲਿਆ-ਮਿਲਿਆ ਚਿੱਤਰ ਪੇਸ਼ ਕੀਤਾ।

# 'ਸ਼ੇਰ-ਏ-ਪੰਜਾਬ ਟੀ20 ਲੀਗ' ਦਾ ਲ਼ੋਗੋ ਜਾਰੀ

## 30 ਅਗਸਤ ਤੋਂ 13 ਸਤੰਬਰ ਤੱਕ ਹੋਵੇਗਾ ਟੂਰਨਾਮੈਂਟ




ਨਿਊ ਚੰਡੀਗੜ੍ਹ ਵਿੱਚ ਅੱਜ ਕੌਮਾਂਤਰੀ ਕ੍ਰਿਕਟ ਸਟੇਡੀਅਮ 'ਚ 'ਸ਼ੇਰ-ਏ-ਪੰਜਾਬ ਟੀ20 ਲੀਗ' ਦੀ ਰਸਮੀ ਸ਼ੁਰੂਆਤ ਕੀਤੀ ਗਈ। ਇਹ ਟੂਰਨਾਮੈਂਟ 30 ਅਗਸਤ ਤੋਂ 13 ਸਤੰਬਰ ਤੱਕ ਖੇਡਿਆ ਜਾਵੇਗਾ ਅਤੇ ਇਸ ਵਿੱਚ ਸੂਬੇ ਦੇ ਕਈ ਨਾਮਵਰ ਕ੍ਰਿਕਟ ਖਿਡਾਰੀ ਸ਼ਾਮਲ ਹੋਣਗੇ।

ਇਨ੍ਹਾਂ ਖਿਡਾਰੀਆਂ ਵਿੱਚ ਭਾਰਤੀ ਕ੍ਰਿਕਟ ਟੀਮ ਦਾ ਕਪਤਾਨ ਸ਼ੁਭਮਨ ਗਿੱਲ, ਅਰਸ਼ਦੀਪ ਸਿੰਘ, ਅਭਿਸ਼ੇਕ ਸ਼ਰਮਾ, ਗੁਰਨੂਰ ਬਰਾੜ, ਪ੍ਰਭਸਿਮਰਨ ਸਿੰਘ ਤੇ ਰਮਨਦੀਪ ਸਿੰਘ ਸ਼ਾਮਲ ਹਨ। ਇਸ ਲੀਗ ਦਾ ਰਸਮੀ ਐਲਾਨ ਪੀ ਸੀ ਏ ਦੇ ਸਕੱਤਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਪ੍ਰਧਾਨ ਅਮਰਜੀਤ ਸਿੰਘ ਮਹਿਤਾ ਵੱਲੋਂ ਕੀਤਾ ਗਿਆ। ਇਸ ਮੌਕੇ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਸ਼ੁਭਮਨ ਗਿੱਲ ਅਤੇ ਅਰਸ਼ਦੀਪ ਸਿੰਘ ਦੀ ਹਾਜ਼ਰ ਸਨ। ਮੀਤ ਹੇਅਰ ਨੇ ਦੱਸਿਆ ਕਿ ਇਸ ਲੀਗ ਵਿੱਚ ਕੁੱਲ ਛੇ ਟੀਮਾਂ 27 ਹਾਈ ਵੋਲਟੇਜ ਮੈਚਾਂ ਵਿੱਚ ਇੱਕ-ਦੂਜੇ ਦੇ ਆਹਮੋ-ਸਾਹਮਣੇ ਹੋਣਗੀਆਂ। ਟੂਰਨਾਮੈਂਟ ਰਾਊਂਡ ਰੌਬਿਨ ਫਾਰਮੈਟ ਵਿੱਚ ਖੇਡਿਆ ਜਾਵੇਗਾ।










